ਤਰਕਸ਼ੀਲ

ਜੁਲਾਈ-ਅਗਸਤ, 98

10/-

- ਮੁਲਾਕਾਤ-ਸੋਮਾ ਸਬਲੋਕ
- ਆਈਨਸਟਾਈਨ ਤੇ ਧਰਮ
- ਪੋਖਰਨ ਪ੍ਰਮਾਣੂ ਬੰਬ ਧਮਾਕੇ
- ਪੁਨਰ ਜਨਮ ਦਾ ਪਰਦਾਫਾਸ਼
- ..... ਅਤੇ ਸਾਥ ਲੜ ਪਏ

ਡੇਰਾ ਬਾਬਾ ਨਾਨਕ ਵਿਚ ਮਿਲਿਆ

ਛਲੇਡਾ

ਕੀ ਸੱਚੀ ਗੱਲ ਹੈ?

ਇਜਾਜ਼ਤ

Permission

ਮੈਂ ਹੇਮ ਰਾਜ ਸਟੈਨੋ, ਮਾਲਕ ਅਤੇ ਪ੍ਰਕਾਸ਼ਕ 'ਤਰਕਸ਼ੀਲ' ਸਟਾਲਿਨਜੀਤ ਸਿੰਘ (ਪਿੰਡ ਤੇ ਡਾਕਖਾਨਾ ਡੋਡ, ਜਿਲ੍ਹਾ ਫ਼ਰੀਦਕੋਟ) ਨੂੰ ਤਰਕਸ਼ੀਲ ਦੇ ਸਾਰੇ ਅੰਕਾਂ ਦੀਆਂ ਪੀ.ਡੀ.ਐੱਫ. ਫਾਈਲਾਂ ਬਣਾ ਕੇ ਆਨ-ਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਤਰਕਸ਼ੀਲ ਦੇ ਅੰਕਾਂ ਦੀਆਂ ਸਿਰਫ ਪੀ.ਡੀ.ਐੱਫ. ਫਾਈਲਾਂ ਬਣਾ ਕੇ ਆਨ-ਲਾਈਨ ਪਾਉਣ ਲਈ ਹੀ ਹੈ। ਤਰਕਸ਼ੀਲ ਦੀ ਸਮਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਹਨ।

I Hem Raj Steno, owner and publisher of Tarksheel, hereby grant permission to Stalinjit Singh (V.P.O. Doad, Distt. Faridkot) to upload online all issues of Tarksheel in PDF format. This permission is only for uploading issues online in PDF format. The copyright and all other rights for Tarksheel's content remains with Tarksheel Society Punjab (Regd).

ਦਸਤਖ਼ਤ – Signature ..ਹੇਮ ਰਾਜ ਸਟੈਨੋ...........

ਪਤਾ – Address : Tarksheel Bhawan

Tarksheel Chowk, Sanghera Bypass

BARNALA-148101 (Punjab)

ਮਿਤੀ - Date : 14-10-2022

ਗੀਤ

ਆਓ ਹੋ ਕੇ ਕੱਠੇ ਕਰੀਏ ਅੱਜ ਵਿਚਾਰਾਂ ਵੇ ਲੋਕੋ,
ਹਰ ਥਾਂ ਫਿਰਨ ਪਖੰਡੀ ਬਣ ਕੇ ਡਾਰਾਂ ਵੇ ਲੋਕੋ,
ਸਾਰੀ ਲੈ ਗਏ ਲੁੱਟਕੇ ਵੇਖੋ ਕਿਰਤ ਕਮਾਈ ਜਨਤਾ ਦੀ,
ਪੋਲ ਦੇਣੀ ਐ ਖੋਲ ਅਸੀਂ ਅੱਜ ਸਾਧਾਂ ਸੰਤਾਂ ਦੀ ।

ਹਰ ਰੋਜ ਨਵੇਂ ਹੀ ਰਹਿੰਦੇ ਕਈ ਪਖੰਡ ਰਚਾਉਂਦੇ ਐ,
ਸਤਸੰਗ, ਸਿਮਰਨ, ਨਾਮਦਾਨ, ਕਦੇ ਰੱਬ ਵਿਖਾਉਂਦੇ ਐ,
ਕਰਦੇ ਖਤਮ ਤਮਾਸ਼ਾ ਪਾ ਕੇ ਜੇਬੀਂ ਮਾਇਆ ਅੰਤਾਂ ਦੀ,
ਪੋਲ ਦੇਣੀ ਐ ਖੋਲ ਅਸੀਂ ....।

ਗੱਲਾਂ ਕਰਕੇ ਮਿੱਠੀਆਂ-ਮਿੱਠੀਆਂ ਲੋਕਾਂ ਨੂੰ ਭਰਮਾਈ ਜਾਂਦੇ ਐ,
ਧਰਮਾਂ ਦਾ ਪਰਦਾ ਪਾ ਕੇ ਅੰਦਰੋਂ ਛੁਰੀ ਚਲਾਈ ਜਾਂਦੇ ਐ,
ਏਸੇ ਸਿਰ ਤੇ ਚਲਦੀ ਰੋਟੀ ਪੰਡਤ, ਮੁੱਲਾ ਅਤੇ ਮਹੰਤਾਂ ਦੀ,
ਪੋਲ ਦੇਣ ਐ ਖੋਲ ਅਸੀਂ..........................।

ਮਹਿਲਾਂ ਵਰਗੇ ਡੇਰੇ, ਰੈਣ ਬਸੇਰੇ, ਸੈਰਾਂ ਕਰਦੇ ਕਾਰਾਂ ਤੇ,
ਵੇਖਣ ਨੂੰ ਲੱਗਦੇ ਬੀਬੇ ਰੱਖਦੇ ਨਜਰ ਛਬੀਲੀਆਂ ਨਾਰਾਂ ਤੇ,
ਦਾਅ ਲੱਗਿਆ ਲਾਉਂਦੇ ਪੂਰਾ ਕਰਦੇ ਪਰਵਾਹ ਨਾ ਕੰਤਾਂ ਦੀ,
ਪੋਲ ਦੇਣੀ ਐ ਖੋਲ ਅਸੀਂ......................।

ਬਚਿਓ ਫਸ ਨਾ ਜਾਇਓ ਵੇਖਕੇ ਮੋਮੋਠੱਗਣੀਆਂ ਸ਼ਕਲਾਂ ਨੂੰ,
ਉਂਗਲਾਂ ਤੇ ਰਹਿਣ ਨਚਾਉਂਦੇ ਜਿੰਦਰਾ ਲਾ ਕੇ ਅਕਲਾਂ ਨੂੰ,
ਇਹਨਾਂ ਦੀ ਪਿੱਠ ਤੇ ਹੁੰਦੀ ਥਾਪੀ ਵੱਡੇ ਧਨਵੰਤਾਂ ਦੀ,
ਪੋਲ ਦੇਣੀ ਐ ਖੋਲ ਅਸੀਂ ....।

- ਖੁਸ਼ਵੰਤ ਬਰਗਾੜੀ

ਜਰੂਰੀ ਸੂਚਨਾ :

ਤਰਕਸ਼ੀਲ ਸੁਸਾਇਟੀ, ਪੰਜਾਬ (ਰਜਿ.) ਦੇ ਸੂਬਾ ਜਨਰਲ ਸਕੱਤਰ ਸ਼੍ਰੀ ਜਸਵੰਤ ਜੀਰਖ ਤੇ ਲੁਧਿਆਣਾ ਪੁਲਸ ਵੱਲੋਂ ਬਣਾਏ ਗਏ ਝੂਠੇ ਕੇਸ ਦੀ ਤਰਕਸ਼ੀਲ ਸੁਸਾਇਟੀ, ਪੰਜਾਬ ਪੁਰਜੋਰ ਨਿਖੇਧੀ ਕਰਦੀ ਹੈ ਅਤੇ ਸਰਕਾਰ ਤੋਂ ਮੰਗ ਕਰਦੀ ਹੈ ਕਿ ਇਹ ਕੇਸ ਵਾਪਸ ਲਿਆ ਜਾਵੇ ।

ਤਰਕਸ਼ੀਲ

ਮੁੱਖ ਸੰਪਾਦਕ :
ਰਜਿੰਦਰ ਪਾਲ ਸਿੰਘ (ਡਾ.)

ਸੰਪਾਦਕੀ ਬੋਰਡ :
ਅਵਤਾਰ ਗੋਂਦਾਰਾ
ਖੁਸਵੰਤ ਬਰਗਾੜੀ
ਰਾਮ ਸਵਰਨ ਸਿੰਘ
ਸੁਖਦੇਵ ਫਗਵਾੜਾ

ਮੁੱਖ ਪ੍ਰਬੰਧਕ :
ਦਲਬੀਰ ਕਟਾਣੀ
0161-833868

ਰਚਨਾਵਾਂ ਤੇ ਚੰਦੇ ਭੇਜਣ ਲਈ ਪਤਾ :
ਦਫਤਰ ' ਤਰਕਸ਼ੀਲ '
ਨੇੜੇ ਬੱਸ ਅੱਡਾ
ਫਿਰੋਜ਼ਪੁਰ ਰੇਲਵੇ ਫਾਟਕ,
ਲੁਧਿਆਣਾ (ਪੰਜਾਬ)
0161-425961

ਚੰਦੇ :
ਲਾਈਫ : 500ਰੁਪਏ
ਸਲਾਨਾ : 50ਰੁਪਏ
ਵਿਦੇਸ਼ : 6 ਪੌਂਡ ਜਾਂ
10 ਅਮਰੀਕੀ ਡਾਲਰ

ਮਾਲਕ ਅਤੇ ਪ੍ਰਕਾਸ਼ਕ ਸ਼੍ਰੀ ਅਵਤਾਰ ਸਿੰਘ ਐਡਵੋਕੇਟ ਨੇ ਐਵਰੀ ਪ੍ਰਿੰਟਰਜ ਸ਼ਹੀਦ ਭਗਤ ਸਿੰਘ ਚੌਕ ਜਲੰਧਰ ਤੋਂ ਛਪਵਾ ਕੇ ਜਿਲ੍ਹਾ ਕਚਹਿਰੀਆਂ ਫਰੀਦਕੋਟ ਤੋਂ ਪ੍ਰਕਾਸ਼ਤ ਕੀਤਾ ।

ਇਹ ਮੈਗਜੀਨ ਡਾਇਰੈਕਟਰ ਸਿਖਿਆ ਵਿਭਾਗ ਪੰਜਾਬ (ਚੰਡੀਗੜ) ਦੇ ਹੁਕਮਾਂ ਅਨੁਸਾਰ ਨੰ: 4/93 ਐਡੀਟਰ (ਪੰਜਾਬ) ਚੰਡੀਗੜ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ ।

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦਾ ਬੁਲਾਰਾ

ਤਤਕਰਾ

1. ਸੰਪਾਦਕੀ 4
2. ਮੁਲਾਕਾਤ : ਸੋਮਾ ਸਬਲੋਕ 5
3. ਮਨੋ ਵਿਗਿਆਨ : ਉਨਮਾਦ ਰੋਗ 7
4. ਸਿਹਤ ਵਿਗਿਆਨ 9
5. ਦਰਸ਼ਨ ਸ਼ਾਸ਼ਤਰ - ਆਈਨਸਟਾਈਨ ਅਤੇ ਧਰਮ 10
6. ਭੌਤਿਕ ਵਿਗਿਆਨ - ਪ੍ਰਮਾਣੂ ਧਮਾਕੇ 12
7. ਪਿੰਡ ਦੀ ਸੱਥ 'ਚੋਂ 16
8. ਅਕਲਮੰਦ ਇਮਾਰਤਾਂ 19
9. ਤਰਕ ਦਰਪਣ 21
10. ਖਬਰ ਹੈ ਕਿ..... 22
11. ਕੇਸ ਰਿਪੋਰਟਾਂ 23
12. ਸ਼ੰਕਾ ਨਵਿਰਤੀ 27
13. ਹੱਡ ਬੀਤੀਆਂ - ਜੱਗ ਬੀਤੀਆਂ 28
14. ਪੁਸਤਕ ਰਿਵਿਊ Rationalism In Punjab 29
15. ਮਿੰਨੀ ਕਹਾਣੀਆਂ 30
16. ਸਹਾਇਤਾ , ਲਾਈਫ ਮੈਂਬਰਸ਼ਿਫ 31
17. ਸਰਗਰਮੀਆਂ 34
18. ਛਲੇਡੇ ਦੀ ਦਾਸਤਾਨ 42
19. ਪੁਨਰ ਜਨਮ ਦਾ ਪਰਦਾਫਾਸ਼ 43
20. ਪਛੜੇਵਾਂ ਅਤੇ ਪੁਰਾਤਨ ਸੋਚ 44
21. ਚਿੱਠੀ ਇੱਕ ਪ੍ਰੇਮੀ ਦੀ 46
22. ਦੁਨੀਆਂ ਵਿੱਚ ਵਧ ਰਹੀ ਖਤਰਨਾਕ ਬਿਮਾਰੀ (ਚਿੰਤਾ) 47
23. ਤੁਹਾਡੇ ਹੁੰਗਾਰੇ 48

ਸੰਪਾਦਕੀ :

ਵਿਨਾਸ਼ ਬਨਾਮ ਵਿਕਾਸ

ਪਿਛਲੇ ਮਹੀਨੇ ਭਾਰਤ ਦੇ ਪ੍ਰਮਾਣੂ ਧਮਾਕਿਆਂ ਅਤੇ ਉਸਦੇ ਪ੍ਰਤੀਕਰਮ ਵਜੋਂ ਕੀਤੇ ਪਾਕਿਸਤਾਨੀ ਪ੍ਰਮਾਣੂ ਧਮਾਕਿਆਂ ਨੇ ਦੋਹਾਂ ਦੇਸ਼ਾਂ ਸਮੇਤ ਅੰਤਰਰਾਸ਼ਟਰੀ ਪੱਧਰ ਉਪਰ ਹਲਚਲ ਛੇੜ ਦਿੱਤੀ ਹੈ। ਇਹ ਮੁੱਦਾ ਨਿਰੋਲ ਤਕਨੀਕੀ ਜਾਂ ਵਿਗਿਆਨਕ ਹੋਣ ਦੇ ਨਾਲ ਨਾਲ ਰਾਜਨੀਤਕ, ਆਰਥਿਕ ਅਤੇ ਮਨੋਵਿਗਿਆਨਕ ਪੱਧਰ ਤੇ ਵੀ ਪ੍ਰਤੀਕਿਰਿਆਤਮਕ ਵੀ ਹੈ। ਇਸ ਦੇ ਸਾਰੇ ਪੱਖ ਇੱਕ ਦੂਜੇ ਨਾਲ ਜੁੜੇ ਹੋਏ ਹਨ, ਇਸਨੂੰ ਇੱਕ ਪਾਸੜ ਜਾਂ ਭਾਵੁਕ ਹੋ ਕੇ ਸਮਝਣ ਦੀ ਥਾਂ ਸਮੁੱਚੀ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪਰਿਪੇਖ ਵਿੱਚ ਆਰਥਿਕ ਅਤੇ ਰਾਜਨੀਤਕ ਪੱਖ ਤੋਂ ਵਿਚਾਰਨ ਦੀ ਲੋੜ ਹੈ।

* ਭਾਰਤੀ ਜਨਤਾ ਪਾਰਟੀ ਅਤੇ ਉਸਦੀਆ ਸਹਿਯੋਗੀ ਪਾਰਟੀਆਂ ਅਨੁਸਾਰ ਭਾਰਤ ਨੇ ਇਹ ਧਮਾਕੇ ਚੀਨ ਅਤੇ ਪਾਕਿ ਤੋਂ ਆਪਣੀ ਸੁਰੱਖਿਆ ਲਈ ਕੀਤੇ ਹਨ, ਇਸ ਨਾਲ ਭਾਰਤ ਪ੍ਰਮਾਣੂ ਸ਼ਕਤੀ ਬਣ ਗਿਆ ਹੈ, ਅਤੇ ਇਹ ਦੇਸ਼ ਦੇ ਵਿਗਿਆਨੀਆਂ ਦੀ ਮਿਹਨਤ ਅਤੇ ਯੋਗਤਾ ਦਾ ਕਮਾਲ ਹੈ, ਇਸ ਕਰਕੇ ਇਸ ਉਪਰ ਹਰ ਭਾਰਤੀ ਨੂੰ ਗੌਰਵ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਜੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕੋਈ ਆਰਥਿਕ ਬੋਝ ਵੀ ਪੈਂਦਾ ਹੈ ਤਾਂ ਖੁਸ਼ੀ ਖੁਸ਼ੀ ਝੱਲ ਲੈਣਾ ਚਾਹੀਦਾ ਹੈ।

* ਵਿਰੋਧੀ ਪਾਰਟੀਆਂ ਨੇ ਵਿਗਿਆਨੀਆਂ ਨੂੰ ਵਧਾਈ ਦਿੱਤੀ, ਇਥੋਂ ਤੱਕ ਕਾਂਗਰਸ ਨੇ ਤਾਂ ਪਹਿਲੇ ਪ੍ਰਮਾਣੂ ਧਮਾਕੇ ਨੂੰ ਯਾਦ ਕਰਕੇ ਇਸ ਦਾ ਸਿਹਰਾ ਵੀ ਆਪਣੇ ਸਿਰ ਲੈਣ ਦੀ ਕੋਸ਼ਿਸ਼ ਕੀਤੀ। ਪਰ ਵਿਰੋਧੀ ਪਾਰਟੀਆਂ ਅਨੁਸਾਰ ਭਾਰਤੀ ਜਨਤਾ ਪਾਰਟੀ ਦੀ ਕੂਟਨੀਤਕ ਪਹੁੰਚ ਗਲਤ ਹੈ। ਉਨ੍ਹਾਂ ਅਨੁਸਾਰ 'ਬੰਬ ਬਣਾ 'ਅਤੇ 'ਚਲਾ ਲੈਣਾ 'ਚਾਹੀਦਾ ਸੀ,ਪਰ ਇਸਦਾ ਰੌਲਾ ਪਾਉਣਾ ਠੀਕ ਨਹੀਂ ਹੈ ਕਿਉਂਕਿ ਇਉਂ ਅੰਤਰਰਾਸ਼ਟਰੀ ਪੱਧਰ ਤੇ ਬਦਨਾਮੀ ਹੁੰਦੀ ਹੈ।

* ਕੁੱਝ ਹੋਰ ਪਾਰਟੀਆਂ ਅਤੇ ਬੁਧੀਜੀਵੀਆਂ ਨੇ ਇਸਨੂੰ ਹਥਿਆਰਾਂ ਦੀ ਦੌੜ ਤੇਜ ਕਰਨ ਵਜੋਂ ਦੇਖਕੇ ਨਿੰਦਿਆ ਅਤੇ ਦੇਸ਼ ਨੂੰ ਵਿਕਾਸ ਦੀ ਥਾਂ ਵਿਨਾਸ਼ ਦੀ ਰਾਹ ਤੇ ਤੋਰਨ ਲਈ ਕੋਸਿਆ।

* ਦੇਸੀ ਪ੍ਰਤੀਕਰਮ ਦੇ ਉਲਟ ਵਿਦੇਸ਼ਾਂ ਵਿੱਚ ਇਸਦੀ ਬਹੁਤੀ ਨਿੰਦਿਆ ਹੀ ਹੋਈ ਅਤੇ ਅਮਰੀਕਾ ਅਤੇ ਕੁੱਝ ਹੋਰ ਦੇਸ਼ਾਂ ਨੇ ਤਾਂ ਭਾਰਤ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਬੰਦ ਕਰਨ ਅਤੇ ਹੋਰ ਆਰਥਿਕ ਪਾਬੰਦੀਆਂ ਲਾਉਣ ਦਾ ਐਲਾਨ ਕੀਤਾ ਹੈ।

ਇਸ ਪ੍ਰਸੰਗ ਵਿੱਚ ਧਿਆਨ ਦੇਣ ਵਾਲੇ ਨੁਕਤੇ ਇਸ ਪ੍ਰਕਾਰ ਬਣਦੇ ਹਨ:-

* ਪਹਿਲੀ ਗੱਲ ਸੰਸਾਰ ਪੱਧਰ ਤੇ ਵਿਗਿਆਨੀਆਂ ਨੂੰ ਆਪਣੀ ਪ੍ਰਤਿਭਾ ਮਨੁੱਖ ਦੇ ਵਿਨਾਸ਼ ਦੀ ਥਾਵੇਂ ਵਿਕਾਸ ਵੱਲ ਲਾਉਣੀ ਚਾਹੀਦੀ ਹੈ। ਵਿਗਿਆਨੀਆਂ ਨੂੰ ਕਾਤਲਾਂ ਦੀ ਥਾਵੇਂ ਜੀਵਨ ਦਾਤੇ ਬਣਨਾ ਚਾਹੀਦਾ ਹੈ।

* ਵਿਗਿਆਨ ਅਤੇ ਤਕਨੀਕ ਦਾ ਆਪਣਾ ਵਿਕਾਸ ਮਾਰਗ ਹੁੰਦਾ ਹੈ, ਇਸਨੂੰ ਖੁਦਗਰਜ ਹੱਥ ਕੁੱਝ ਚਿਰ ਰੋਕ ਸਕਦੇ ਹਨ ਪਰ ਸਦਾ ਲਈ ਰੋਕਣਾ ਸੰਭਵ ਨਹੀਂ ਹੁੰਦਾ, ਵਿਕਸਿਤ ਦੇਸ਼ ਹੋਰ ਤਕਨੀਕ ਵਾਂਗ ਹੀ ਪ੍ਰਮਾਣੂ ਹਥਿਆਰਾਂ ਦੀ ਤਕਨੀਕ ਵੀ ਆਪਣੇ ਤੱਕ ਸੀਮਿਤ ਰੱਖਣਾ ਚਹੁੰਦੇ ਹਨ। ਪਰ ਭਾਰਤ ਅਤੇ ਪਾਕਿਸਤਾਨ ਦੋ ਸ਼ਰੀਕ ਭਰਾਵਾਂ ਨੇ ਆਪਸੀ ਖਹਿਬਾਜੀ ਵਿੱਚ ਸੰਸਾਰ ਦੇ ਠਾਣੇਦਾਰ ਅਮਰੀਕਾ ਨੂੰ ਠੁੱਠ ਵਿਖਾ ਦਿੱਤਾ ਹੈ। ਭਾਰਤ ਅਤੇ ਪਾਕਿਸਤਾਨ ਨੇ ਵਿਕਾਸ ਦੇ ਖੇਤਰ ਵਿੱਚ ਤਾਂ ਆਪਸੀ ਮੁਕਾਬਲੇਬਾਜੀ ਕਰਕੇ ਅਮਰੀਕਾ ਨੂੰ ਛਿੱਥਾ ਪਾ ਦਿੱਤਾ ਹੈ ਪਰ ਕਿੰਨਾ ਵਧੀਆ ਹੋਵੇ ਜੇ ਕੰਪਿਊਟਰ ਅਤੇ ਬੀਮਾਰੀਆਂ ਨੂੰ ਕਾਬੂ ਕਰਨ ਵਿੱਚ ਵਿਕਸਿਤ ਦੇਸ਼ਾਂ ਦੀ ਅਜਾਰੇਦਾਰੀ ਤੋੜ ਕੇ ਵਿਕਾਸ ਕਰ ਜਾਣ। ਦੋਹਾਂ ਦੇਸ਼ਾਂ ਦੇ ਵਿਗਿਆਨੀਆਂ ਨੂੰ ਚਾਹੀਦਾ ਹੈ ਕਿ ਆਪਣੀ ਮੁਕਾਬਲੇਬਾਜੀ ਮਾਨਵ ਦੇ ਭਲੇ ਹਿੱਤ ਲਾਉਣ ਅਤੇ ਅਮਰੀਕਾ ਸਮੇਤ ਵਿਕਸਿਤ ਦੇਸ਼ਾ ਦੀ ਅਜਾਰੇਦਾਰੀ ਨੂੰ ਤੀਸਰੀ ਦੁਨੀਆਂ ਦੀ ਲੁੱਟ ਕਰਨ ਵਾਲ ਸੰਦ ਬਨਣ ਤੋਂ ਰੋਕਣ। ਪ੍ਰਮਾਣੂ ਧਮਾਕਿਆਂ ਲਈ ਵਿਗਿਆਨੀਆਂ ਦੀ ਦੋਹਾਂ ਦੇਸ਼ਾਂ ਵੱਲੋਂ ਕੀਤੀ 'ਬੱਲੇ ਬੱਲੇ ' ਫਜ਼ੂਲ ਹੈ।

* ਵਿਗਿਆਨ ਅਤੇ ਤਕਨੀਕ ਤੋਂ ਬਾਅਦ ਰਾਜਨੀਤਿਕ ਪੱਖ ਤੋਂ ਅੰਤਰਾਸ਼ਟਰੀ ਪੱਧਰ ਤੇ ਪੰਜ ਦੇਸ਼ਾਂ ਕੋਲ ਐਲਾਨੀਆਂ ਅਤੇ ਬਹੁਤ ਸਾਰੇ ਹੋਰ ਦੇਸ਼ਾਂ ਪਾਸ ਲੁਕਵੇਂ ਰੂਪ ਵਿੱਚ ਪ੍ਰਮਾਣੂ ਹਥਿਆਰ ਮੌਜੂਦ ਹਨ। ਇਸ ਹਾਲਤ ਵਿੱਚ ਕੁੱਝ ਦੇਸ਼ਾਂ ਵੱਲੋਂ ਪ੍ਰਮਾਣੂ ਹਥਿਆਰ ਬਣਉਣਾ,ਰੱਖਣਾ ਅੰਤਰਰਾਸ਼ਟਰੀ ਗੁੰਡਾਗਰਦੀ ਹੈ। ਅੰਤਰਰਾਸ਼ਟਰੀ ਪ੍ਰਸੰਗ ਵਿੱਚ ਸੱਚਮੁੱਚ ਨਿਸ਼ਸ਼ਤਰੀਕਰਨ ਲਈ ਸਾਰੇ ਹੀ ਦੇਸ਼ਾਂ ਨੂੰ ਬਿਨਾਂ ਕਿਸੇ ਪੱਖਪਾਤ ਦੇ ਪ੍ਰਮਾਣੂ ਹਥਿਆਰ ਨਸ਼ਟ ਕਰਨੇ ਚਾਹੀਦੇ ਹਨ। ਸੀਮਤ ਪ੍ਰਮਾਣੂ ਹਥਿਆਰ ਜਾਂ ਪੰਜ ਦੇਸ਼ਾਂ ਤੱਕ ਸੀਮਤ ਰੱਖਣ ਦੀਆਂ ਗੱਲਾਂ ਫੋਕੀਆਂ ਕੂਟਨੀਤਕ ਚਾਲਾਂ ਹਨ। ਤਰਕਸ਼ੀਲ ਹੱਲ ਤਾਂ ਇਹੀ ਬਣਦਾ ਹੈ ਕਿ ਸਾਰੇ ਦੇਸ਼ ਬਿਨਾਂ ਕਿਸੇ ਪੱਖਪਾਤ ਦੇ, ਬਿਨਾਂ ਕੋਈ ਸਮਾਂ ਗੁਆਏ ਪ੍ਰਮਾਣੂ ਹਥਿਆਰ ਨਸ਼ਟ ਕਰਨ, ਇਸ ਤੋਂ ਬਿਨਾਂ ਕੋਈ ਵੀ ਕਦਮ ਸਾਰਥਿਕ ਨਹੀਂ ਹੋਵੇਗਾ।

* ਆਰਥਿਕ ਪੱਖ ਤੋਂ ਇਹ ਗੱਲ ਆਮ ਉਭਾਰੀ ਜਾਂਦੀ ਹੈ ਕਿ ਭਾਰਤ ਵਰਗੇ ਗਰੀਬ ਮੁਲਕ, ਜਿੱਥੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ, ਉਸਨੂੰ ਅਜਿਹੇ ਪ੍ਰਮਾਣੂ ਧਮਾਕਿਆਂ ਦਾ ਖਰਚ ਨਹੀਂ ਉਠਾਉਣਾ ਚਾਹੀਦਾ। ਇੱਥੇ ਇੱਕ ਗੱਲ ਸਪੱਸ਼ਟ ਕਰ ਦੇਣੀ ਯੋਗ ਹੋਵੇਗੀ

ਬਾਕੀ ਸਫਾ 27 ਤੇ

ਮੁਲਾਕਾਤ -

ਮੇਰੀ ਜਿੱਤ ਵਿਗਿਆਨ ਦੀ ਜਿੱਤ ਸੀ - ਸੋਮਾ ਸਬਲੋਕ

ਸੋਮਾ ਸਬਲੋਕ ਪੇਸ਼ੇ ਵਜੋ ਅਧਿਆਪਕਾ ਹੈ। ਉਹ ਲੈਕਚਰਾਰ ਪਤੀ ਡਾ. ਸੁਰਿੰਦਰ ਅਜਨਾਤ ਤੇ ਦੋ ਬੱਚਿਆਂ ਸਮੇਤ ਬੰਗਾਂ (ਨਵਾਂ ਸ਼ਹਿਰ) ਵਿਖੇ ਰਹਿ ਰਹੀ ਹੈ। ਗੱਲਾਂ ਨਾਲ ਹੀ ਨਹੀਂ ਸਗੋਂ ਸਮਾਜਿਕ ਅਮਲ ਨਾਲ ਵੀ, ਸੋਮਾ ਨੇ ਨਿਰਾਧਾਰ ਜਾਤੀ ਵੰਡੀਆਂ ਨੂੰ ਮੇਸ ਕੇ ਅੰਤਰ ਜਾਤੀ ਵਿਆਹ ਕਰਵਾਇਆ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਨੇ ਉਹਨਾਂ ਦੀ ਪੁਸਤਕ 'ਆਤਮਾਂ ਅਤੇ ਪੁਨਰ ਜਨਮ ' ਦੇ ਕਈ ਐਡੀਸ਼ਨ ਛਾਪੇ ਹਨ। ਸਿਆਸੀ ਤੌਰ ਤੇ ਉਹ ਦਲਿਤ ਲਹਿਰ ਨਾਲ ਜੁੜੇ ਹੋਏ ਹਨ ਅਤੇ ਬੁੱਧਮਤ ਦੇ ਅਗਾਂਹਵਧੂ ਸਕੂਲ ਨਾਲ ਸੰਬੰਧ ਰੱਖਦੇ ਹਨ। ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਬੁੱਧਮਤ ਦੇ ਦੋ ਰੂਪ ਪ੍ਰਚੱਲਿਤ ਹਨ। ਇਸਦਾ ਇੱਕ ਮੁੱਢਲਾ ਰੂਪ, ਅਵੈਦਿਕ ਅਤੇ ਰੱਬ ਪ੍ਰਤੀ ਚੁੱਪ, ਆਪਣੇ ਸਮੇਂ ਦਾ ਅਗਾਂਹਵਧੂ ਮਤ ਸੀ। ਜਿਸਦੀ ਆਪਣੀ ਦਾਰਸ਼ਨਿਕ ਮਹੱਤਤਾ ਹੈ। ਦੂਸਰਾ ਰੂਪ ਹੋਰ ਸਮਕਾਲੀ ਧਰਮਾਂ ਵਾਂਗ ਪੁਨਰ-ਜਨਮ ਅਤੇ ਅੰਧਵਿਸ਼ਵਾਸ਼ੀ ਕਰਾਮਾਤਾਂ 'ਚ ਨਿੱਘਰਿਆ ਹੋਇਆ ਹੈ। ਸੋਮਾ ਜੀ ਬੁੱਧਮਤ ਦੇ ਤਰਕਸੰਗਤ ਰੂਪ ਨਾਲ ਅੰਬੇਦਕਰ ਵੱਲੋਂ ਸੁਝਾਏ ਪੈਂਤੜੇ ਤੋਂ ਜੁੜੇ ਹੋਏ ਹਨ। ਤਰਕਸ਼ੀਲਤਾ ਦੀ ਬੁੱਧਮਤ ਨਾਲ ਨੇੜੇ ਦੀ ਸਾਂਝ ਹੈ। ਬੁੱਧ ਖੁਦ ਪੁਨਰ-ਜਨਮ ਨੂੰ ਨਹੀਂ ਸੀ ਮੰਨਦਾ। ਪਰ ਉਸ ਦੇ ਅਨੁਯਾਈਆਂ ਨੇ ਵੱਖ-ਵੱਖ ਸਕੂਲਾਂ ਅਧੀਨ ਇਸ ਵਿੱਚ ਕਈ ਵਿਚਾਰਧਾਰਕ ਮਿਲਾਵਟਾਂ ਕਰ ਦਿੱਤੀਆਂ। ਸੰਪਾਦਕੀ ਬੋਰਡ ਦੇ ਮੈਂਬਰ ਸੁਖਦੇਵ ਫਗਵਾੜਾ ਅਤੇ ਜਸਵਿੰਦਰ ਨਾਲ ਹੋਈ ਗੱਲਬਾਤ ਦੇ ਕੁੱਝ ਹਿੱਸੇ ਤਰਕਸ਼ੀਲ ਪਾਠਕਾਂ ਲਈ ਹਾਜਰ ਹਨ।

-ਅਦਾਰਾ

? ਸੋਮਾ ਜੀ, ਤੁਹਾਡੀ ਪੁਸਤਕ 'ਆਤਮਾ ਪਾਠਕਾਂ 'ਚ ਕਾਫੀ ਪੜ੍ਹੀ ਗਈ ਹੈ। ਤੁਹਾਡੇ ਮਨ 'ਚ ਇਹ ਵਿਸ਼ਾ ਅਤੇ ਪੁਨਰ ਜਨਮ ' ਪੰਜਾਬੀ ਪਾਠਕਾਂ 'ਚ ਕਾਫੀ ਪੜ੍ਹੀ ਗਈ ਹੈ। ਤੁਹਾਡੇ ਮਨ 'ਚ ਇਹ ਵਿਸ਼ਾ ਚੁਣਨ ਦਾ ਫੁਰਨਾ ਕਿਵੇਂ ਫੁਰਿਆ ?

ਉਤਰ : ਇਹ ਆਰਟਕਿਲ ਲਿਖਣ ਤੋਂ ਪਹਿਲਾਂ ਮੈਂ ਇੱਕ ਹੋਰ ਆਰਟੀਕਲ ਪਰਮਾਤਮਾਂ ਬਾਰੇ ਲਿਖਿਆ ਸੀ। ਜਿਸ ਵਿੱਚੋਂ ਕੁੱਝ ਪਾਠਕਾਂ ਦੇ ਸੁਆਲ ਵੀ ਅਜਿਹੇ ਸਨ, ਜਿਨ੍ਹਾਂ ਦਾ ਜੁਆਬ ਸਿਰਫ ਆਤਮਾ ਅਤੇ ਪੁਨਰ ਜਨਮ ਦੇ ਆਰਟੀਕਲ ਰਾਹੀਂ ਹੀ ਦਿੱਤਾ ਜਾ ਸਕਦਾ ਸੀ।

? ਇਸ ਵਿਸ਼ੇ ਤੇ ਲਿਖਣ ਲਈ ਤੁਹਾਨੂੰ ਅਧਿਆਤਮਵਾਦ ਨਾਲ ਸੰਬੰਧਤ ਸਾਹਿਤ ਦੇ ਅਧਿਐਨ ਦੀ ਵੀ ਲੋੜ ਪਈ ਹੋਵੇਗੀ ?

ਉਤਰ : ਸਮਰੱਥਾ ਅਨੁਸਾਰ ਪੜ੍ਹੇ ਸਨ, ਪਰ ਬਹੁਤੇ ਹਿੰਦੂ ਧਰਮ ਦੇ ਗ੍ਰੰਥ ਸੰਸਕ੍ਰਿਤ ਵਿੱਚ ਹਨ ਜਿਨ੍ਹਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਮੈਂ ਡਾਕਟਰ ਸਾਹਿਬ (ਡਾ.ਸੁਰਿੰਦਰ ਅਜਨਾਤ ਜੋ ਮੈਡਮ ਸੋਮਾ ਸਬਲੋਕ ਦੇ ਜੀਵਨ ਸਾਥੀ ਹਨ) ਦੀ ਸਹਾਇਤਾ ਲੈ ਲੈਂਦੀ ਸੀ। ਇਹ ਲੇਖ ਕੋਈ ਇੱਕ ਅੱਧਾ ਦਿਨ ਜਾਂ ਇੱਕ ਅੱਧੀ ਰਾਤ ਵਿੱਚ ਬੈਠ ਕੇ ਨਹੀਂ ਲਿਖਿਆ ਗਿਆ ਸਗੋਂ ਇਸਨੂੰ ਲਿਖਣ ਲਈ ,ਕਈ ਮਹੀਨੇ ਅਤੇ ਦਿਨਾਂ ਦੇ ਮਨ ਵਿੱਚ ਉਠਦੇ ਵਿਚਾਰਾਂ ਨੂੰ ਕਲਮਬੰਦ ਕਰਦੀ ਰਹੀ ਅਤੇ ਇਸ ਵਿਚਲੇ ਉਠਦੇ ਸੁਆਲਾਂ ਦੇ ਜੁਆਬਾਂ ਬਾਰੇ ਛੋਟੀਆਂ- ਛੋਟੀਆਂ ਉਦਾਹਰਨਾਂ ਬਾਰੇ ਸੋਚਦੀ ਰਹੀ ਤਾਂ ਜਾ ਕੇ ਇਹ ਪੂਰਨ ਆਰਟੀਕਲ ਬਣ ਸਕਿਆ।

? ਇਹ ਆਰਟੀਕਲ ਜੋ ਹਿੰਦੀ ਦੇ ਮੈਗਜ਼ੀਨ 'ਸਰਿਤਾ ' ਵਿਚ ਛਪਿਆ ਸੀ ਦੇ ਛਪਣ ਤੋਂ ਬਾਅਦ ਤੁਹਾਡੇ ਨੇੜੇ ਦੇ ਲੋਕਾਂ ਨੇ ਤੁਹਾਡੇ ਬਾਰੇ ਕੀ ਨਜ਼ਰੀਆ ਅਖਤਿਆਰ ਕਰਿਆ ?

ਉਤਰ : ਲੋਕ ਸਾਨੂੰ ਨਾਸਤਿਕ ਸਮਝਣ ਲੱਗ ਪਏ। ਸਾਡੇ ਨਾਲ ਗੱਲ ਵੀ ਬੜੇ ਸੰਕੀਰਨਤਾਵਾਦੀ ਢੰਗ ਨਾਲ ਕਰਨ ਲੱਗ ਪਏ। ਪਰ ਅਸੀਂ ਲੋਕਾਂ ਦੇ ਸੁਆਲਾਂ ਦਾ ਜੁਆਬ ਆਪਣੀ ਸੋਚ ਨੂੰ ਉਨਾਂ ਦੀ ਸੋਚ ਦੇ ਪੱਧਰ ਤੇ ਲਿਆ ਕੇ ਹੀ ਦਿੱਤਾ। ਜਿਸ ਕਰਕੇ ਅਸੀਂ ਉਹਨਾਂ ਨੂੰ ਸੰਤੁਸਟ ਕਰਨ ਵਿੱਚ ਕਾਫੀ ਸਫਲਤਾ ਪ੍ਰਾਪਤ ਕੀਤੀ।

? ਆਰਟੀਕਲ ਲਿਖਣ ਤੋਂ ਪਹਿਲਾਂ ਕੀ ਤੁਹਾਨੂੰ ਸੰਭਾਵਨਾ ਸੀ ਕਿ ਇਸ ਦਾ ਵਿਰੋਧ ਇੰਨੇ ਵੱਡੇ ਪੱਧਰ ਤੇ ਹੋਵੇਗਾ।

ਉਤਰ : ਹਾਂ ਸੰਭਾਵਨਾ ਤਾਂ ਸੀ, ਪਰ ਮੂਲਵਾਦੀਆਂ ਦੀਆਂ ਧਮਕੀਆਂ ਮੁਕੱਦਮੇ ਦਾ ਰੂਪ ਧਾਰਨ ਕਰ ਜਾਣਗੀਆਂ, ਇਸ ਦੀ ਸੰਭਾਵਨਾ ਮੈਨੂੰ ਨਹੀਂ ਸੀ। ਪਰ ਫਿਰ ਵੀ ਸਾਡੇ ਕੋਲ ਸਮੇਂ ਦਾ ਸੱਚ ਸੀ, ਇਸ ਲਈ ਅਸੀਂ ਮੁਕੱਦਮੇ ਦਾ ਮੁਕਾਬਲਾ ਕਰਨ ਲਈ ਮਾਨਸਿਕ ਤੌਰ ਤੇ ਤਿਆਰ ਹੋ ਗਏ ਸੀ। ਮੇਰੇ ਵੱਲੋਂ ਧਾਰਮਿਕ ਕਿਤਾਬਾਂ ਦੇ ਦਿੱਤੇ ਹਵਾਲੇ ਹੀ ਮੂਲਵਾਦੀਆਂ ਦੀ ਮਾਨਸਿਕ ਸ਼ਾਂਤੀ ਭੰਗ ਹੋਣ ਦਾ ਕਾਰਨ ਬਣੇ। ਕਿਉਂਕਿ ਉਹ ਸਮਝਦੇ ਸਨ, ਆਤਮਾ ਅਤੇ ਪੁਨਰ ਜਨਮ ਦਾ ਫਲਸਫਾ ਰੱਦ ਕਰਨ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜੀ ਹੈ। ਇਸ ਕਰਕੇ ਹੀ ਉਹਨਾਂ ਨੇ ਮੇਰੇ ਤੇ ਮੁਕੱਦਮਾ ਦਾਇਰ ਕੀਤਾ।

? ਮੁਕੱਦਮਾਂ ਜਿੱਤਣ ਤੋਂ ਬਾਅਦ ਤੁਸੀਂ ਕੀ ਮਹਿਸੂਸ ਕੀਤਾ ?

ਉਤਰ : ਮੈਂ ਸੋਚਿਆ ਕਿ ਇਹ ਮੇਰੀ ਹੀ ਨਹੀਂ ਸਗੋਂ ਸਾਰੇ ਪਦਾਰਥਵਾਦੀ ਅਤੇ ਵਿਗਿਆਨਕ ਵਿਚਾਰਾਂ ਵਾਲੇ ਲੋਕਾਂ ਦੀ ਜਿੱਤ ਹੈ। ਅਸਲ ਵਿੱਚ ਇਹ ਵਿਗਿਆਨਕ ਸਚਾਈ ਦੀ ਜਿੱਤ ਹੈ। ਜਿਸ ਨਾਲ ਮੂਲਵਾਦੀ ਸੋਚ ਤੇ ਵਿਗਿਆਨਕ ਸੋਚ ਭਾਰੂ ਹੋਈ ਹੈ। ਮੰਨੀ ਤਾਂ ਉਹੀ ਚੀਜ ਜਾਂਦੀ ਹੈ ਜੋ ਪ੍ਰਤੱਖ ਅਤੇ ਪਦਾਰਥਵਾਦੀ ਹੈ।

? ਧਰਮਾਂ ਤੋਂ ਅੱਗੇ ਕਈ ਧਾਰਮਿਕ ਮੱਤ ਹਨ, ਜਿਨ੍ਹਾਂ ਵਿੱਚ ਜੈਨ ਮੱਤ ਅਤੇ ਬੁੱਧ ਮੱਤ ਜ਼ਿਕਰਯੋਗ ਹਨ। ਤੁਸੀਂ ਕਿਉਂਕਿ ਬੁੱਧ ਮੱਤ ਦੇ ਅਨੁਯਾਈ

ਹੋਂ ਇਸ ਲਈ ਦੱਸਣਾ ਕਿ ਕੀ ਬੁੱਧ ਮੱਤ ਦੇ ਅੱਠ ਅਸੂਲ ਅਜੋਕੇ ਅੰਧਵਿਸ਼ਵਾਸ਼ੀ ਸਮਾਜ ਨੂੰ ਬਦਲਣ ਵਿੱਚ ਕੋਈ ਅਹਿਮ ਅਦਾ ਕਰ ਸਕਦੇ ਹਨ ?

ਉਤਰ : ਬੁੱਧ ਮੱਤ ਤਰਕਸੰਗਤ ਫਿਲਾਸਫੀ ਦਾ ਮੱਤ ਹੈ। ਇਹ ਅਧਿਆਤਮਵਾਦੀ ਨਹੀਂ ਸਗੋਂ ਮੱਧ ਮਾਰਗੀ ਹੈ। ਜੋ ਸਹੀ ਹੈ ਉਸਨੂੰ ਹੀ ਮੰਨਦਾ ਹੈ। ਜਿਵੇਂ ਇਸ ਵਿੱਚ ਅਹਿੰਸਾ ਦਾ ਸਿਧਾਂਤ ਹੈ। ਜੋ ਜੀਵ ਹੱਤਿਆ ਨੂੰ ਰੋਕਦਾ ਹੈ। ਇਹ ਮੱਤ ਝੂਠ ਬੋਲਣ ਨੂੰ ਵੀ ਗਲਤ ਨਹੀਂ ਮੰਨਦਾ ਜੇਕਰ ਝੂਠ ਬੋਲਣ ਨਾਲ ਕਿਸੇ ਦਾ ਭਲਾ ਹੁੰਦਾ ਹੋਵੇ ਤਾਂ ।

? ਜੇਕਰ ਜੀਵ ਹੱਤਿਆ ਮਨੁੱਖਤਾ ਦੇ ਭਲੇ ਲਈ ਹੋਵੇ ਤਾਂ ਤੁਸੀਂ ਇਸ ਬਾਰੇ ਕੀ ਕਹੋਂਗੇ ?

ਉਤੱਰ : ਜੇਕਰ ਜੀਵ ਹੱਤਿਆ ਮਨੁੱਖਤਾ ਦੇ ਭਲੇ ਲਈ ਹੋਵੇ ਤਾਂ ਇਸ ਵਿੱਚ ਕੋਈ ਬੁਰਾਈ ਨਹੀਂ ਹੈ ।

? ਬੁੱਧ ਮੱਤ ਔਰਤਾਂ ਦੇ ਅਧਿਕਾਰਾਂ ਬਾਰੇ ਕੀ ਸੋਚਦਾ ਹੈ ?

ਉਤੱਰ : ਇਸ ਮੱਤ ਨੇ ਸਭ ਤੋਂ ਪਹਿਲਾਂ ਔਰਤਾਂ ਦੇ ਹੱਕਾਂ ਦੀ ਗੱਲ ਕੀਤੀ ਜਦੋਂਕਿ ਹਿੰਦੂ ਧਰਮ ਔਰਤਾਂ ਨੂੰ ਧਾਰਮਿਕ ਸਿੱਖਿਆ ਹਾਸਲ ਕਰਨ ਤੇ ਰੋਕ ਲਾਉਂਦਾ ਸੀ। ਪਰ ਇਸ ਮੱਤ ਨੇ ਹਰ ਖੇਤਰ ਵਿੱਚ ਔਰਤਾਂ ਦੇ ਬਰਾਬਰ ਹੱਕਾਂ ਦੀ ਗੱਲ ਕੀਤੀ।

? ਬੁੱਧ ਮੱਤ ਦੇ ਰੀਤੀ ਰਿਵਾਜਾਂ ਦੀ ਅਜੋਕੇ ਸਮਾਜ ਵਿੱਚ ਕੀ ਸਾਰਥਿਕਤਾ ਹੈ (ਜਿਵੇਂ ਬੁੱਧ ਮੱਤ ਵਿੱਚ ਵਾਲ ਕੱਟਣਾ ਅਤੇ ਭਗਵੇਂ ਕੱਪੜੇ ਪਾਉਣਾ) ?

ਉਤੱਰ : ਅਸੀਂ ਇਹਨਾਂ ਰਸਮਾਂ ਨੂੰ ਬੇਲੋੜੀਆਂ ਸਮਝਦੇ ਹਾਂ। ਅਸਲ ਵਿੱਚ ਅਸੀਂ ਤਾਂ ਅੰਬੇਦਕਰ ਦੇ ਚਾਲੂ ਕੀਤੇ ਬੁੱਧ ਮੱਤ ਨੂੰ ਹੀ ਮੰਨਦੇ ਹਾਂ। ਪਦਾਰਥਵਾਦੀ ਯੁੱਗ ਵਿੱਚ ਪਦਾਰਥਵਾਦੀ ਵਿਚਾਰ ਹੀ ਸਾਰਥਿਕ ਹਨ।

? ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਤੁਹਾਡੇ ਆਰਟੀਕਲ ਆਤਮਾ ਅਤੇ ਪੁਨਰ ਜਨਮ ਨੂੰ ਕਿਤਾਬੀ ਰੂਪ ਵਿੱਚ ਦੋ ਐਡੀਸ਼ਨ ਛਾਪ ਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਭੇਜਿਆ ਹੈ। ਜਿਸ ਨਾਲ ਤੁਹਾਡਾ ਮਾਣ ਸਤਿਕਾਰ ਬਦੇਸ਼ਾਂ ਵਿੱਚ ਵੀ ਵਧਿਆ ਹੈ। ਤੁਸੀਂ ਸੁਸਾਇਟੀ ਦੇ ਕੰਮ ਕਾਰ ਬਾਰੇ ਕੀ ਕਹਿਣਾ ਚਾਹੋਂਗੇ ?

ਉਤੱਰ : ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨ ਆਪਣੀ ਸਮਰੱਥਾ ਅਨੁਸਾਰ ਸਮਾਜ ਦੀਆਂ ਕੁਰੀਤੀਆਂ ਨੂੰ ਵਿਗਿਆਨਕ ਵਿਚਾਰਧਾਰਾ ਨਾਲ ਦੂਰ ਕਰਨ ਦਾ ਸ਼ਲਾਘਾਯੋਗ ਕੰਮ ਕਰ ਰਹੇ ਹਨ। ਸੁਸਾਇਟੀ ਦੇ ਆਗੂਆਂ ਨੂੰ ਬਿਨਾਂ ਕਿਸੇ ਮੱਤਭੇਦ ਦੇ ਇੱਕਮੁੱਠ ਹੋ ਕੇ ਜੋਰਦਾਰ ਢੰਗ ਨਾਲ ਕੰਮ ਕਰਨ ਦੀ ਲੋੜ ਹੈ।

? ਤਰਕਸ਼ੀਲ ਸੁਸਾਇਟੀ ਦੇ ਐਲਾਨਨਾਮੇ ਵਿੱਚ ਅੰਧਵਿਸ਼ਵਾਸ਼ਾਂ ਵਿਰੁੱਧ ਲੜਾਈ ਜਮਾਤੀ ਪੈਂਤੜੇ ਤੋਂ ਲੜਨ ਦੀ ਗੱਲ ਕੀਤੀ ਗਈ ਹੈ। ਪਰ ਕੁੱਝ ਲੋਕਾਂ ਦਾ ਵਿਚਾਰ ਹੈ ਕਿ ਇਹ ਲੜਾਈ ਜਮਾਤੀ ਪੈਂਤੜੇ ਦੀ ਬਜਾਏ ਜਾਤੀ ਪੈਂਤੜੇ ਤੋਂ ਲੜੀ ਜਾਣੀ ਚਾਹੀਦੀ ਹੈ ?

ਉਤੱਰ : ਵਹਿਮ ਭਰਮ ਤਾਂ ਹਰ ਜਾਤ ਦੇ ਲੋਕਾਂ ਵਿੱਚ ਹਨ। ਹਰ ਜਾਤ ਦੇ ਲੋਕਾਂ ਨੂੰ ਵਿਗਿਆਨਕ ਸੋਚ ਅਪਨਾਉਣੀ ਚਾਹੀਦੀ ਹੈ। ਜਾਤਾਂ ਤੋਂ ਉਪਰ ਮਨੁੱਖ ਹੈ। ਮਨੁੱਖਤਾ ਦੀ ਬਿਹਤਰੀ ਲਈ ਵਿਗਿਆਨਕ ਦ੍ਰਿਸ਼ਟੀਕੋਣ ਅੱਜ ਦੀ ਮੁੱਖ ਲੋੜ ਹੈ।

? ਰੱਬ ਅਤੇ ਕੁਦਰਤ ਦੇ ਸੰਕਲਪ ਬਾਰੇ ਤੁਸੀਂ ਕੀ ਕਹੋਂਗੇ ?

ਉਤੱਰ : ਕੁਦਰਤ ਤਾ ਪਦਾਰਥਵਾਦੀ ਫਲਸਫਾ ਹੈ। ਜੋ ਸਾਡੇ ਸਭ ਦੇ ਸਾਹਮਣੇ ਹੈ। ਜਿਸ ਨੂੰ ਅਸੀਂ ਅੱਖਾਂ ਨਾਲ ਦੇਖ ਸਕਦੇ ਹਾਂ। ਕੁਦਰਤ ਨੂੰ ਪ੍ਰਤੱਖ ਢੰਗ ਨਾਲ ਅਸੀਂ ਅਜਮਾਉਂਦੇ ਹਾਂ। ਰੱਬ ਦੇ ਸੰਕਲਪ ਬਾਰੇ ਕਿਸੇ ਦੀ ਇੱਕ ਰਾਇ ਨਹੀਂ ਹੈ। ਇਹ ਤਾਂ ਮਨੁੱਖ ਦੀ ਕਲਪਨਾ ਹੈ। ਫੀਲਿੰਗ ਹੈ ਹੋਰ ਕੁੱਝ ਨਹੀਂ।

? ਆਤਮਾਂ ਅਤੇ ਪੁਨਰ ਜਨਮ ਲੇਖ ਲਿਖਣ ਨਾਲ ਤੁਹਾਨੂੰ ਸਮਾਜਿਕ ਤੌਰ ਤੇ ਕੀ ਘਾਟਾ ਪਿਆ ?

ਉਤੱਰ : ਇਹ ਇੱਕ ਸਮਾਂ ਸੀ ਜਦੋਂ ਸਾਡੇ ਨੇੜੇ ਤੇੜੇ ਦੇ ਘੇਰੇ ਦੇ ਲੋਕ ਅਤੇ ਇੱਥੋਂ ਤੱਕ ਕਿ ਖੂਨ ਦੇ ਰਿਸਤੇ ਦੇ ਲੋਕ ਵੀ ਬੁਲਾਉਂਦੇ ਨਹੀਂ ਸੀ। ਪਰ ਕੁੱਝ ਵਿਗਿਆਨਕ ਵਿਚਾਰਧਾਰਾ ਦੇ ਧਾਰਨੀ ਲੋਕਾਂ ਨੇ ਸਾਡਾ ਸਾਥ ਦਿੱਤਾ ਤਾਂ ਅਸੀਂ ਬਹੁਤ ਉਤਸ਼ਾਹਿਤ ਹੋਏ। ਫਿਰ ਸਾਨੂੰ ਕਿਸੇ ਸਮਾਜਿਕ ਘਾਟੇ ਦੀ ਲੋੜ ਮਹਿਸੂਸ ਹੀ ਨਹੀਂ ਹੋਈ ਸੀ। ਪਰ ਜੇ ਅਸੀਂ ਆਰਥਿਕ ਤੌਰ ਤੇ ਮਜਬੂਤ ਹੋਈਏ ਤਾਂ ਸਮਾਜ ਵੀ ਸਾਡੇ ਨਾਲੋਂ ਘੱਟ ਹੀ ਟੁੱਟਦਾ ਹੈ। ਜਦੋਂ ਆਰਥਿਕ ਹਾਲਤ ਮਾੜੀ ਹੋਵੇਂ ਤਾਂ ਆਪਣੇ ਵੀ ਪਰਾਏ ਹੋ ਜਾਂਦੇ ਹਨ।

? ਤਰਕਸ਼ੀਲ ਲਹਿਰ ਤੋਂ ਪ੍ਰਭਾਵਿਤ ਹੋ ਕੇ ਤਰਕਸ਼ੀਲਤਾ ਦੇ ਵਿਸ਼ੇ ਤੇ ਕੋਈ ਆਰਟੀਕਲ ਜਾਂ ਕਿਤਾਬ ਲਿਖਣ ਦਾ ਤੁਹਾਡਾ ਕੋਈ ਵਿਚਾਰ ਹੈ ?

ਉਤੱਰ : ਤਰਕਸ਼ੀਲ ਲਹਿਰ ਨਾਲ ਸਾਡੀ ਪ੍ਰਤੀਬੱਧਤਾ ਤਾਂ ਹੈ ਕਿਉਂਕਿ ਸਾਡੇ ਵਿਚਾਰ ਤਰਕਸ਼ੀਲ ਹਨ। ਇਸ ਤਰ੍ਹਾਂ ਦਾ ਤਾਂ ਮਨ ਵਿੱਚ ਅਜੇ ਕੋਈ ਨਹੀਂ ਹੈ ਕਿ ਕੋਈ ਕਿਤਾਬ ਤਰਕਸ਼ੀਲਤਾ ਤੇ ਲਿਖਣੀ ਹੀ ਲਿਖਣੀ ਹੈ। ਬਾਕੀ ਛਿਟਪੁਟ ਰੂਪ ਵਿੱਚ ਪਹਿਲਾਂ ਵੀ ਲਿਖਦੇ ਆ ਰਹੇ ਹਾ ਅੱਗੋਂ ਵੀ ਲਿਖਦੇ ਰਹਾਂਗੇ।

? ਤਰਕਸ਼ੀਲ ਲਹਿਰ ਦੇ ਕਾਫਲੇ ਨੂੰ ਤੁਸੀਂ ਕੀ ਸੰਦੇਸ਼ ਦੇਣਾ ਚਾਹੁੰਦੇ ਹੋ ।

ਉਤੱਰ : ਤਰਕਸ਼ੀਲਾਂ ਦੇ ਕਾਫਲੇ ਨੂੰ ਚਾਹੀਦਾ ਹੈ ਕਿ ਉਹ ਆਪਣੇ ਹੱਕਾਂ ਲਈ ਚੇਤੰਨ ਹੋਣ ਤੇ ਦੂਜਿਆਂ ਦੇ ਹੱਕਾਂ ਦਾ ਧਿਆਨ ਰੱਖਦੇ ਹੋਏ ਵਿਗਿਆਨਕ ਵਿਚਾਰਧਾਰਾ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲੈ ਕੇ ਜਾਣਾ ਚਾਹੀਦਾ ਹੈ। ਜਿਵੇਂ ਤੁਸੀਂ ਨਾਟਕਾਂ ਜਾਦੂ ਦੇ ਟ੍ਰਿਕਾਂ, ਤਰਕਸ਼ੀਲ ਸਾਹਿਤ ਰਾਹੀਂ ਪ੍ਰਚਾਰ ਕਰਕੇ ਲੋਕਾਂ ਨੂੰ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸ਼ਾਂ 'ਚੋਂ ਕੱਢਣ ਦਾ ਬੀੜਾ ਚੁਕਿਆ ਹੈ ਇਹ ਬਹੁਤ ਹੀ ਵਧੀਆ ਕੰਮ ਹੈ। ਜਿਸ ਕਰਕੇ ਆਮ ਲੋਕ ਵੀ ਸਾਧਾਂ,ਸੰਤਾਂ,ਚੇਲਿਆਂ ਨੂੰ ਚੈਲਿੰਜ ਕਰਨ ਲੱਗ ਪਏ ਹਨ।

ਮਨੋਵਿਗਿਆਨ

ਉਨਮਾਦ-ਰੋਗ

ਡਾ. ਬਲਵੰਤ ਸਿੰਘ ਸਿੱਧੂ

ਉਨਮਾਦ-ਰੋਗ (ਮੈਨੀਆ) ਜਾਂ ਤੇਜੀ,ਇੱਕ ਮਨੋਰੋਗ ਹੈ। ਆਮ ਵਰਤੋਂ ਵਿੱਚ ਇਸਨੂੰ ਖੱਬਤ ਜਾਂ ਸ਼ੁਦਾਅ ਵੀ ਕਿਹਾ ਜਾਂਦਾ ਹੈ। ਉਦਾਸੀ ਰੋਗ ਵਾਂਗ ਇਹ ਵੀ 'ਚਿੱਤ ਦੇ ਵਿਕਾਰਾਂ 'ਦੀ ਇੱਕ ਕਿਸਮ ਹੈ। ਬੇਸ਼ੱਕ ਇਸ ਰੋਗ ਦਾ ਵਰਣਨ ਪੁਰਾਤਨ ਵੇਦਾਂ,ਇਤਿਹਾਸਕ ਲੇਖਾਂ ਅਤੇ ਬਾਈਬਲ ਵਿੱਚ ਮਿਲਦਾ ਹੈ ਪਰ ਇਸ ਰੋਗ ਦਾ ਪਹਿਲੀ ਵਾਰ ਵਿਗਿਆਨਕ ਢੰਗ ਨਾਲ ਵਰਗੀਕਰਣ, ਜਰਮਨ ਦੇ ਮਸ਼ਹੂਰ ਮਨੋਚਕਿਤਸਕ ਡਾਕਟਰ ਐਮਿਲ ਕਰੈਪਲਿਨ ਨੇ 1896 ਵਿੱਚ ਕੀਤਾ। ਉਸਨੇ ਖੋਜ ਕੀਤੀ ਕਿ ਵੱਡੇ ਮਨੋਰੋਗਾਂ ਦੀ ਇੱਕ ਅਹਿਮ ਕਿਸਮ 'ਚਿੱਤ ਦੇ ਵਿਕਾਰ ' ਹਨ। ਉਸਨੇ ਉਹਨਾਂ ਦਾ ਨਾਂ ਉਨਮਾਦ ਉਦਾਸੀ ਰੋਗ ਰੱਖਿਆ। ਉਸਨੇ ਇਹਨਾਂ ਦੀਆਂ ਤਿੰਨ ਪ੍ਰਮੁੱਖ ਕਿਸਮਾਂ ਦੱਸੀਆਂ :-

1. ਇੰਨ੍ਹਾਂ ਰੋਗਾਂ ਵਿੱਚ ਚਿੱਤ ਠੀਕ ਨਹੀਂ ਰਹਿੰਦਾ।
2. ਇਹ ਰੋਗ ਵਾਰ-ਵਾਰ ਹੋ ਸਕਦੇ ਹਨ।
3. ਇਨ੍ਹਾਂ ਰੋਗਾਂ ਦੇ ਨਾਲ ਮਨੁੱਖ ਦੇ ਅੰਦਰ ਸਥਾਈ ਤੌਰ ਤੇ ਵਿਕਾਰ ਪੈਦਾ ਨਹੀਂ ਹੁੰਦੇ (ਭਾਵ ਸਦੀਂਵੀ ਵਿਗਾੜ ਨਹੀਂ ਪੈਂਦਾ)

1. ਚਿੱਤ ਦਾ ਠੀਕ ਨਾ ਰਹਿਣਾ :-ਉਨਮਾਦ ਉਦਾਸੀ ਰੋਗ ਦੇ ਦੋ ਪੱਖ ਹੋ ਸਕਦੇ ਹਨ, ਉਨਮਾਦ ਦਾ ਪੱਖ ਅਤੇ ਉਦਾਸੀ ਦਾ ਪੱਖ। ਉਦਾਸੀ ਦੇ ਪੱਖ ਵਿੱਚ ' ਉਦਾਸੀ ਰੋਗ ' ਦੇ ਸਾਰੇ ਲੱਛਣ ਹੁੰਦੇ ਹਨ ਤੇ ਇਹ ਉਦਾਸੀ ਰੋਗ ਦੀ ਹੀ ਕਿਸਮ ਸਮਝਿਆ ਜਾਂਦਾ ਹੈ। ਇਸ ਵਿੱਚ ਚਿੱਤ ਹਰ ਵਕਤ ਬਹੁਤ ਉਦਾਸ ਰਹਿੰਦਾ ਹੈ ਅਤੇ ਉਦਾਸੀ ਦੇ ਹੋਰ ਲੱਛਣ ਵੀ ਹੁੰਦੇ ਹਨ। ਇਸ ਦੇ ਬਿਲਕੁੱਲ ਉਲਟ, ਉਨਮਾਦ ਦੇ ਪੱਖ ਵਿੱਚ ਚਿੱਤ ਹਰ ਵਕਤ ਲੋੜ ਤੋਂ ਜਿਆਦਾ ਖੁਸ਼ ਜਾਂ ਗੁਸੈਲਾ ਰਹਿੰਦਾ ਹੈ।

2. ਰੋਗ ਦਾ ਬਾਰ-ਬਾਰ ਹੋ ਸਕਣਾ :- ਚਿੱਤ ਦੇ ਵਿਕਾਰ ਅੰਦਰ ਉਦਾਸੀ ਜਾਂ ਉਨਮਾਦ ਦੇ ਪੱਖ ਬਾਰ-ਬਾਰ ਵੀ ਹੋ ਸਕਦੇ ਹਨ। ਇਨ੍ਹਾਂ ਦੀ ਗਿਣਤੀ ਜਿੰਦਗੀ ਭਰ ਵਿੱਚ ਇੱਕ ਤੋਂ ਲੈ ਕੇ ਕਾਫੀ ਜ਼ਿਆਦਾ ਵੀ ਹੋ ਸਕਦੀ ਹੈ। ਭਾਵ ਇਹ ਹੈ ਕਿ ਇਹ ਰੋਗ ਠੀਕ ਹੋਣ ਦੇ ਬਾਵਜੂਦ ਬਾਰ-ਬਾਰ ਵੀ ਹੋ ਸਕਦੇ ਹਨ।

3. ਸਦੀਵੀ ਵਿਗਾੜ ਨਾ ਪੈਣਾ :-ਇਨ੍ਹਾਂ ਰੋਗਾਂ ਦੇ ਅੰਦਰ ਜਦੋਂ ਮਰੀਜ਼ ਠੀਕ ਹੋ ਜਾਂਦਾ ਹੈ ਤਾਂ ਮਰੀਜ਼ ਪੂਰੀ ਤਰ੍ਹਾਂ ਪਹਿਲਾਂ ਵਾਂਗ ਨਾਰਮਲ ਹੋ ਜਾਂਦਾ ਹੈ। ਭਾਵੇਂ ਇਹ ਰੋਗ ਬਾਰ-ਬਾਰ ਹੋ ਸਕਦੇ ਹਨ ਪਰ ਜਦੋਂ ਵਿਚਕਾਰ ਮਰੀਜ਼ ਠੀਕ ਹੁੰਦਾ ਹੈ ਤਾਂ ਉਹ ਪੂਰਨ ਤੌਰ ਤੇ ਠੀਕ ਹੁੰਦਾ ਹੈ ਅਤੇ ਉਸ ਅੰਦਰ ਉਸ ਵਕਤ ਕੋਈ ਨੁਕਸ ਨਹੀਂ ਲੱਭਦਾ।

ਬੇਸ਼ੱਕ ਕਾਫੀ ਮਨੋਵਿਗਿਆਨੀ ਅਤੇ ਮਨੋਚਕਿਤਸਕ ਅਜੇ ਵੀ 'ਚਿੱਤ ਦੇ ਵਿਕਾਰਾਂ ' ਲਈ ਕਰੈਪਲਿਨ ਦੇ ਦਿੱਤੇ ਨਾਂ 'ਉਨਮਾਦ-ਉਦਾਸੀ ਰੋਗ ' ਨੂੰ ਵਰਤਦੇ ਹਨ ਪਰ ਅੱਜਕੱਲ ਵਿਗਿਆਨੀ ਇੱਕ ਨਵਾਂ ਨਾਂ 'ਦੋ ਪੱਖੀ ਚਿੱਤ ਦੇ ਵਿਕਾਰ ' ਵੀ ਵਰਤਣ ਲੱਗ ਪਏ ਹਨ, ਜਿਸਦੇ ਦੋ ਪੱਖ ਉਦਾਸੀ ਅਤੇ ਉਨਮਾਦ ਹੀ ਹਨ।

ਉਨਮਾਦ ਰੋਗ :-ਸੋ ਇਹ ਗੱਲ ਸਪਸ਼ਸਟ ਹੋ ਚੁੱਕੀ ਹੋ ਚੁੱਕੀ ਹੈ ਕਿ ਉਨਮਾਦ ਰੋਗ ਚਿੱਤ ਦਾ ਰੋਗ ਹੈ। ਇਹ ਬਾਰ-ਬਾਰ ਵੀ ਹੋ ਸਕਦਾ ਹੈ ਅਤੇ ਇਸ ਨਾਲ ਸਦੀਵੀਂ ਵਿਗਾੜ ਨਹੀਂ ਪੈਂਦਾ। ਉਨਮਾਦ ਦੀ ਸਥਿਤੀ ਵਿੱਚ ਰੋਗੀ ਦਾ ਚਿੱਤ ਬਹੁਤ ਜਿਆਦਾ ਖੁਸ਼ ਹੁੰਦਾ ਹੈ। ਕਦੇ ਕਦੇ ਰੋਗੀ ਬਹੁਤ ਜਿਆਦਾ ਖੁਸ਼ ਹੋਣ ਦੀ ਬਜਾਇ ਗੁਸੈਲਾ ਹੋ ਜਾਂਦਾ ਹੈ। ਮਰੀਜ ਦੇ ਚਿੱਤ ਦੀ ਬਹੁਤ ਜਿਆਦਾ ਖੁਸ਼ੀ ਜਾਂ ਗੁੱਸੇ ਦਾ ਵਾਤਾਵਰਨ ਜਾਂ ਹਾਲਤਾਂ ਨਾਲ ਪੂਰੀ ਤਰ੍ਹਾਂ ਸੰਬੰਧ ਨਹੀਂ ਹੁੰਦਾ। ਮਰੀਜ਼ ਆਪਣੇ ਆਪ ਵਿੱਚ ਬਹੁਤ ਤੰਦਰੁਸਤ ਮਹਿਸੂਸ ਕਰਦਾ ਹੈ।ਉਹ ਆਪਣੇ ਆਪ ਨੂੰ ਆਮ ਤੌਰ ਤੇ ਬਿਮਾਰ ਨਹੀਂ ਸਮਝਦਾ।ਜੇ ਤੇਜੀ ਬਹੁਤ ਜਿਆਦਾ ਨਾ ਹੋਵੇ ਤਾਂ ਆਮ ਵਿਅਕਤੀ ਨੂੰ ਇਸ ਰੋਗ ਬਾਰੇ ਪਤਾ ਨਹੀਂ ਚਲਦਾ ਪਰ ਘਰ ਦੇ ਮੈਂਬਰ ਜਾਂ ਨਜਦੀਕੀ ਦੋਸਤ ਵਿਵਹਾਰ ਵਿੱਚ ਤਬਦੀਲੀ ਜਾਂ ਤੇਜੀ ਦਾ ਰੁੱਖ ਮਹਿਸੂਸ ਕਰ ਸਕਦੇ ਹਨ ਮਰੀਜ਼ ਦੇ ਸੁਭਾਅ ਵਿੱਚ ਬਹੁਤ ਤੇਜੀ ਆ ਜਾਂਦੀ ਹੈ। ਉਹ ਆਪਣੇ ਆਪ ਨੂੰ ਬਹੁਤ ਚੁਸਤ ਅਤੇ ਸ਼ਕਤੀਸ਼ਾਲੀ ਮਹਿਸੂਸ ਕਰ ਸਕਦਾ ਹੈ। ਮਰੀਜ ਅਕਸਰ ਹੀ ਬਹੁਤ ਜਿਆਦਾ ਬੋਲਦਾ ਰਹਿੰਦਾ ਹੈ। ਇੱਕ ਵਾਰ ਗੱਲ ਸ਼ੁਰੂ ਹੋਣ ਤੇ ਗੱਲ੍ਹਾਂ ਹੀ ਕਰੀ ਜਾਂਦਾ ਹੈ ਤੇ ਦੂਜੇ ਦੇ ਪੱਖ ਸੁਨਣ ਦੀ ਬਜਾਇ ਆਪਣਾ ਹੀ ਪੱਖ ਜਬਰਦਸਤੀ ਪੇਸ਼ ਕਰੀ ਜਾਂਦਾ ਹੈ। ਕਈ ਵਾਰ ਮਰੀਜ਼ ਦੀ ਗੱਲ ਕਰਨ ਦੀ ਰਫਤਰ ਬਹੁਤ ਤੇਜ ਹੁੰਦੀ ਹੈ। ਮਰੀਜ ਬਹੁਤ ਉੱਚੀ-ਉੱਚੀ ਅਵਾਜ ਵਿੱਚ ਵੀ ਰੌਲਾ ਪਾ ਸਕਦਾ ਹੈ। ਕਈ ਮਰੀਜ ਮਨ੍ਹਾਂ ਕਰਨ ਦੇ ਬਾਵਜੂਦ ਉੱਚੀ-ਉੱਚੀ ਗਾਣੇ ਆਦਿ ਗਾਉਣ ਲੱਗ ਜਾਂਦੇ ਹਨ।

ਮਰੀਜ਼ ਦੇ ਵਿਚਾਰ ਆਮ ਤੌਰ ਤੇ ਵੱਡੀਆਂ-ਵੱਡੀਆਂ ਗੱਲਾਂ ਜਾਂ ਸਕੀਮਾਂ ਨਾਲ ਭਰੇ ਹੁੰਦੇ ਹਨ। ਉਹ ਅਕਸਰ ਹੀ ਆਪਣੀਆਂ (ਬੇਬੁਨਿਆਦ) ਵੱਡੀਆਂ-ਵੱਡੀਆਂ ਪ੍ਰਾਪਤੀਆਂ,ਧੰਨ ਦੌਲਤ ਜਾ ਵੱਡੇ ਲੋਕਾਂ ਨਾਲ ਸੰਬੰਧ ਆਦਿ ਬਾਰੇ ਡੀਂਗਾਂ ਮਾਰ ਸਕਦਾ ਹੈ। ਕਈ ਮਰੀਜ਼ ਸਮਝਦੇ ਹਨ ਕਿ ਉਹਨਾਂ ਦਾ ਭਗਵਾਨ ਨਾਲ ਸਿੱਧਾ ਸੰਬੰਧ ਹੈ ਜਾਂ ਉਹ ਆਪਣੇ ਆਪ ਨੂੰ ਹੀ ਭਗਵਾਨ ਹਨ ਜਾਂ ਉਸਦਾ ਰੂਪ ਹਨ ਅਤੇ ਅਥਾਹ ਸ਼ਕਤੀ ਦੇ ਮਾਲਕ ਹਨ। ਜੇ ਕੋਈ ਮਨੁੱਖ ਉਹਨਾਂ ਦੀ ਗੱਲ ਨਾ ਸੁਣੇ ਜਾਂ ਉਹਨਾਂ ਨੂੰ ਸਹੀ ਹਾਲਤ ਬਾਰੇ ਜਾਣੂ ਕਰਵਾਉਣ ਦੀ ਕੋਸ਼ਿਸ਼ ਕਰੇ ਤਾਂ ਉਹ ਗੁੱਸੇ ਹੋ ਸਕਦੇ ਹਨ।

ਮਰੀਜ਼ ਦਾ ਧਿਆਨ ਇੱਕ ਵਿਸ਼ੇ ਜਾਂ ਥਾਂ ਤੇ ਨਹੀਂ ਟਿਕਦਾ। ਮਰੀਜ ਦਾ ਧਿਆਨ ਇੱਧਰ ਉਧਰ ਭਟਕਦਾ ਰਹਿੰਦਾ ਹੈ ਅਤੇ ਵਿਚਾਰਾਂ ਦੇ ਵਿਸ਼ੇ ਦੀ ਲੜੀ ਵੀ ਇੱਕ ਤਾਰ ਨਾ ਚੱਲ ਕੇ ਵਿਸ਼ੇ ਬਦਲਦੀ ਰਹਿੰਦੀ ਹੈ। ਇਸ ਬਿਮਾਰੀ ਵਿੱਚ ਮਰੀਜ ਨੂੰ ਆਪਣੇ ਭਲੇ ਬੁਰੇ ਦੀ ਪਰਵਾਹ ਨਹੀਂ ਰਹਿੰਦੀ ਅਤੇ ਨਫੇ ਨੁਕਸਾਨ ਦਾ ਵੀ ਖਿਆਲ ਨਹੀਂ ਰਹਿੰਦਾ। ਮਰੀਜ਼ ਬਹੁਤ ਸਾਰੇ ਪੈਸੇ ਫਜ਼ੂਲ ਵਿੱਚ ਖਰਚ ਸਕਦਾ ਹੈ ਜਾਂ ਵਪਾਰ ਵਿੱਚ ਬਿਨਾਂ ਚੰਗੀ ਤਰਾਂ ਧਿਆਨ ਦਿੱਤਿਆਂ ਖਰਾਬ ਕਰ ਸਕਦਾ ਹੈ। ਮੁਨਾਫੇ ਦੇ ਗਲਤ ਖਿਆਲ ਵਿੱਚ ਲਾਪਰਵਾਹੀ ਨਾਲ ਵੱਡੇ ਘਾਟੇ ਦ'

ਕੰਮ ਵੀ ਕਰ ਸਕਦਾ ਹੈ। ਉਹ ਬਿਨਾਂ ਲੋੜ ਤੋਂ ਚੀਜਾਂ ਖਰੀਦ ਲੈਂਦਾ ਹੈ ਅਤੇ ਆਪਣੇ ਵਿੱਤ ਤੋਂ ਵਧਕੇ ਖਤਰਾ ਜਾਂ ਮੁਸੀਬਤ ਮੁੱਲ ਲੈ ਸਕਦਾ ਹੈ। ਉਹ ਆਮ ਤੌਰ ਤੇ ਦੂਜਿਆਂ ਨਾਲ ਜਲਦੀ ਹੀ ਲੜਨ ਨੂੰ ਤਿਆਰ ਹੋ ਜਾਂਦਾ ਹੈ। ਸੈਕਸ ਜਾਂ ਕਾਮ ਦੀ ਰੁਚੀ ਬਹੁਤ ਜਿਆਦਾ ਵਧ ਸਕਦੀ ਹੈ। ਜਿੰਮੇਵਾਰ ਜਾਂ ਬਜੁਰਗ ਵਿਅਕਤੀ ਵੀ ਵਧੀਹੋਈ ਸੈਕਸ ਰੁਚੀ ਤਹਿਤ ਗਲਤ ਹਰਕਤਾਂ ਕਰ ਸਕਦੇ ਹਨ। ਕਈ ਵਾਰ ਕੁੜੀਆਂ ਜਾਂ ਔਰਤਾਂ ਵੀ ਇਸ ਰੋਗ ਕਾਰਨ ਵਧੇਰੇ ਕਾਮ ਰੁਚੀ ਜਾਹਰ ਕਰ ਸਕਦੀਆਂ ਹਨ। ਅਣਵਿਆਹੁਤਾ ਮਰੀਜ ਵਿਆਹ ਦੀ ਮੰਗ ਕਰ ਸਕਦੇ ਹਨ।ਮਰੀਜ ਦੀ ਭੁੱਖ ਵੀ ਆਮ ਤੌਰ ਤੇ ਕਾਫੀ ਵਧ ਜਾਂਦੀ ਹੈ। ਉਹ ਖਾਣ ਲਈ ਚੰਗੀਆਂ-ਚੰਗੀਆਂ ਜਾਂ ਮਹਿੰਗੀਆਂ ਚੀਜਾਂ ਮੰਗ ਸਕਦਾ ਹੈ। ਨੀਂਦ ਅਕਸਰ ਹੀ ਬਹੁਤ ਘਟ ਜਾਂਦੀ ਹੈ। ਬਹੁਤ ਘੱਟ ਸੌਂ ਕੇ ਵੀ ਜਾਂ ਬਿਨਾ ਸੁਤਿਆਂ ਹੀ ਮਰੀਜ ਬਹੁਤ ਤਰੋ ਤਾਜਾ ਮਹਿਸੂਸ ਕਰ ਸਕਦਾ ਹੈ। ਉਹ ਸਵੇਰੇ ਬਹੁਤ ਜਲਦੀ ਉਠ ਕੇ ਕੰਮ ਸ਼ੁਰੂ ਕਰ ਦਿੰਦਾ ਹੈ ਅਤੇ ਦੂਜਿਆਂ ਨੂੰ ਵੀ ਤੰਗ ਕਰਦਾ ਹੈ। ਗੱਲ ਕੀ, ਮਰੀਜ ਦੇ ਜਿੰਦਗੀ ਦੇ ਸਾਰੇ ਪਹਿਲੂਆਂ ਵਿੱਚ ਤੇਜੀ ਆ ਜਾਂਦੀ ਹੈ।

ਇਸ ਰੋਗ ਦੀ ਦਰ ਔਰਤਾਂ ਅਤੇ ਮਰਦਾਂ ਵਿੱਚ ਤਕਰੀਬਨ ਤੇ ਬਰਾਬਰ ਹੁੰਦੀ ਹੈ। ਬੇਸ਼ੱਕ ਇਹ ਰੋਗ ਕਿਸੇ ਵੀ ਉਮਰ ਵਿੱਚ ਹੋ ਸਕਦਾ ਹੈ, ਪਰ ਜਿਆਦਾਤਰ 15 ਤੋਂ ਲੈ ਕੇ 60 ਸਾਲ ਦੀ ਉਮਰ ਵਿੱਚ ਹੁੰਦਾ ਹੈ । ਇਹ ਰੋਗ ਕੁੱਝ ਕੁ ਦਿਨਾਂ ਤੋਂ ਲੈ ਕੇ 3-4 ਮਹੀਨਿਆਂ ਤੱਕ ਰਹਿ ਸਕਦਾ ਹੈ। ਕਈ ਵਾਰ ਉਦਾਸੀ ਰੋਗ ਵਿੱਚ ਵੀ ਇਲਾਜ ਦੇ ਦੌਰਾਨ 'ਉਦਾਸੀ ਨਿਵਾਰਕ ' ਦਵਾਈਆਂ ਕਾਰਨ ਜਾਂ ਬਿਜਲੀ ਦੇ ਇਲਾਜ ਕਾਰਨ ਵੀ ਉਨਮਾਦ ਰੋਗ ਵਰਗੀ ਤੇਜੀ ਆ ਸਕਦੀ ਹੈ। ਉਨਮਾਦ ਰੋਗ ਜਾਂ ਤਾਂ ਇੱਕਦਮ (ਕੁੱਝ ਘੰਟਿਆਂ ਵਿੱਚ) ਸ਼ੁਰੂ ਹੋ ਸਕਦਾ ਹੈ ਜਾਂ ਹੌਲੀ-ਹੌਲੀ ਸ਼ੁ ਰੂ ਹੋ ਕੇ ਵਧ ਸਕਦਾ ਹੈ। ਕਈ ਵਾਰੀ 'ਦੋ ਪੱਖੀ ਚਿੱਤ ਦੇ ਰੋਗ ' ਵਿੱਚ ਪਹਿਲਾਂ ਉਦਾਸੀ ਰੋਗ ਹੁੰਦਾ ਹੈ ਫਿਰ ਮਰੀਜ ਉਨਮਾਦ ਰੋਗ ਦੇ ਪੱਖ ਭਾਵ ਤੇਜੀ ਦੇ ਰੁੱਖ ਵੱਲ ਜਾ ਸਕਦਾ ਹੈ। ਇਸ ਹਾਲਤ ਵਿੱਚ ਉਸ ਵਿੱਚ ਉਦਾਸੀ ਰੋਗ ਦੇ ਸਾਰੇ ਲੱਛਣ ਆ ਜਾਂਦੇ ਹਨ। ਕਦੇ-ਕਦੇ ਮਰੀਜ ਵਿੱਚ ਉਨਮਾਦ ਅਤੇ ਉਦਾਸੀ ਰੋਗ ਦੇ ਰਲੇ ਮਿਲੇ ਲੱਛਣ ਵੀ ਪੈਦਾ ਹੋ ਸਕਦੇ ਹਨ।

ਇਲਾਜ :-ਜੇ ਕਰ ਉਨਮਾਦ ਰੋਗੀ ਨੂੰ ਤੇਜੀ ਬਹੁਤ ਜਿਆਦਾ ਹੋਵੇ ਅਤੇ ਉਸਦੇ ਬਹੁਤ ਜਿਆਦਾ ਭੰਨ-ਤੋੜ ਦਾ ਖਤਰਾ ਹੋਵੇ ਤਾਂ ਉਸਨੂੰ ਫੌਰਨ ਹਸਪਤਾਲ ਦਾਖਲ ਕਰਾਉਣਾ ਚਾਹੀਦਾ ਹੈ। ਜੇ ਕਰ ਇਹ ਕਿਸੇ ਕਾਰਨ ਸੰਭਵ ਨਾ ਹੋਵੇ ਤਾਂ ਘਰ ਦੇ ਮੈਂਬਰਾਂ ਜਾਂ ਦੋਸਤਾਂ ਵੱਲੋਂ ਮਰੀਜ ਦਾ ਹਰ ਵਕਤ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਉਹ ਕੋਈ ਆਪਣਾ ਜਾਂ ਕਿਸੇ ਹੋਰ ਦਾ ਨੁਕਸਾਨ ਨਾ ਕਰ ਦੇਵੇ। ਮਰੀਜ ਨੂੰ ਮਨੋਰੋਗ ਮਾਹਿਰ ਡਾਕਟਰ(ਮਨੋਚਕਿਤਸਕ) ਕੋਲ ਇਲਾਜ ਲਈ ਲੈ ਕੇ ਜਾਣਾ ਚਾਹੀਦਾ ਹੈ। ਕਿਉਂਕਿ ਉਨਮਾਦ ਰੋਗ ਵਰਗੀ ਕਈ ਹੋਰ ਸਰੀਰਕ ਬਿਮਾਰੀਆਂ ਜਾਂ ਦੁਆਈਆਂ ਨਾਲ ਜਾਂ ਸਿਰ ਦੀ ਸੱਟ ਕਾਰਨ ਜਾਂ ਸ਼ਰਾਬ ਅਤੇ ਨਸ਼ਿਆਂ ਕਾਰਨ ਵੀ ਆ ਸਕਦੀ ਹੈ ਇਸ ਲਈ ਇਸ ਪੱਖੋਂ ਵੀ ਧਿਆਨ ਰੱਖਣਾ ਚਾਹੀਦਾ ਹੈ ਅਤੇ ਜੇ ਕੋਈ ਅਜਿਹਾ ਕਾਰਨ ਜਾਪੇ ਤਾਂ ਉਸਦੀ ਜਾਣਕਾਰੀ ਇਲਾਜ ਕਰਨ ਵਾਲੇ ਡਾਕਟਰ ਨੂੰ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਜੇਕਰ ਪਹਿਲਾਂ ਕੋਈ ਇਲਾਜ ਦਾ ਰਿਕਾਰਡ ਜਾਂ ਟੈਸਟ ਆਦਿ ਦੀਆਂ ਰਿਪੋਰਟਾਂ ਹੋਣ ਤਾਂ ਉਹ ਵੀ ਸਭ ਕੁੱਝ ਸੰਬੰਧਿਤ ਡਾਕਟਰ ਨੂੰ ਦਿਖਾਉਣਾ ਚਾਹੀਦਾ ਹੈ। ਜੇ ਮਰੀਜ ਨੂੰ ਬਹੁਤ ਜਿਆਦਾ ਤੇਜੀ ਨਹੀਂ ਹੈ ਜਾਂ ਮਰੀਜ ਦੀ ਸੰਭਾਲ ਘਰ ਵੀ ਕੀਤੀ ਜਾ ਸਕਦੀ ਹੋਵੇ ਤਾਂ ਉਸਦਾ ਇਲਾਜ ਘਰ ਰੱਖ ਕੇ ਵੀ ਕੀਤਾ ਜਾ ਸਕਦਾ ਹੈ ।

ਇਨ੍ਹਾਂ ਰੋਗੀਆਂ ਦਾ ਇਲਾਜ ਮੁੱਖ ਤੌਰ ਤੇ ਦੁਆਈਆਂ ਨਾਲ ਹੀ ਕੀਤਾ ਜਾਂਦਾ ਹੈ। ਇਹਨਾਂ ਵਿੱਚ ਇੱਕ ਅਹਿਮ ਦਵਾਈ 'ਲੀਥੀਅਮ ' ਹੈ।ਸਹੀ ਇਲਾਜ ਨਾਲ ਜਿਆਦਾਤਰ ਰੋਗੀਆਂ ਦੀ ਤੇਜੀ ਇੱਕ-ਦੋ ਹਫਤੇ ਵਿੱਚ ਕਾਬੂ ਆ ਜਾਂਦੀ ਹੈ। ਲੀਥੀਅਮ ਦੀ ਚੋਣ,ਹੋਰ ਦੁਆਈਆਂ ਦੀ ਚੋਣ, ਉਨ੍ਹਾਂ ਦੀ ਮਾਤਰਾ ਆਦਿ ਮਾਹਿਰ ਡਾਕਟਰ ਦੀ ਰਾਏ ਤੇ ਹੀ ਨਿਰਭਰ ਕਰਦੀ ਹੈ। ਦਵਾਈ ਇੱਕ ਵਾਰ ਸ਼ੁਰੂ ਕਰਨ ਤੇ ਕੁੱਝ ਹਫਤਿਆਂ ਤੋਂ ਲੈ ਕੇ ਕੁੱਝ ਹਫਤਿਆਂ ਤੱਕ ਚੱਲ ਸਕਦੀ ਹੈ। ਮਰੀਜ ਦੇ ਠੀਕ ਹੋਣ ਤੇ ਡਾਕਟਰ ਦੀ ਸਲਾਹ ਲੈ ਕੇ ਦਵਾਈ ਹੌਲੀ-ਹੌਲੀ ਘਟਾ ਕੇ ਬੰਦ ਕਰਨੀ ਚਾਹੀਦੀ ਹੈ। ਜੇ ਇਹ ਰੋਗ ਬਾਰ-ਬਾਰ ਹੁੰਦਾ ਹੋਵੇ ਜਾ ਠੀਕ ਹੋਣ ਵਿੱਚ ਬਹੁਤ ਦੇਰ ਲਗਾਵੇ ਤਾਂ ਦਵਾਈਆਂ ਕਾਫੀ ਲੰਮੇ ਸਮੇਂ ਲਈ ਜਾਂ ਵਰਿਆਂ ਬੱਧੀ ਚੱਲ ਸਕਦੀਆਂ। ਕਿਉਂਕਿ ਇਨ੍ਹਾਂ ਸਾਰੀਆਂ ਦਵਾਈਆਂ ਦੀ ਲਗਾਤਾਰ ਵਰਤੋਂ ਕਾਰਨ ਸਰੀਰ ਵਿੱਚ ਵਿਗਾੜ ਪੈਦਾ ਹੋ ਸਕਦੇ ਹਨ। ਇਸ ਲਈ ਇਹ ਦਵਾਈਆਂ ਮਨੋਰੋਗ ਡਾਕਟਰ ਦੀ ਸਲਾਹ ਤੋਂ ਬਿਨਾਂ ਨਹੀਂ ਖਾਣੀਆਂ ਚਾਹੀਦੀਆਂ। ਜੇ ਦਵਾਈਆਂ ਖਾਂਦਿਆਂ ਮਰੀਜ ਦੇ ਹੱਥ ਪੈਰ ਜਾਂ ਸਰੀਰ ਕੰਬਣ ਲੱਗ ਜਾਵੇ ਤਾਂ ਡਾਕਟਰ ਨੂੰ ਦੱਸਣਾ ਚਾਹੀਦਾ ਹੈ। ਪਰ ਜੇ ਡਾਕਟਰ ਨੂੰ ਤਸੱਲੀ ਹੈ ਤਾਂ ਇਸ ਤਰਾਂ ਦੇ ਆਰਜੀ ਤੌਰ ਤੇ ਹੋਣ ਵਾਲੇ ਲੱਛਣਾਂ ਤੋਂ ਘਬਰਾ ਕੇ ਦੁਆਈ ਬੰਦ ਨਹੀਂ ਕਰਨੀ ਚਾਹੀਦੀ। ਜੇ ਮਰੀਜ ਲੀਥੀਅਮ ਵਾਲੀ ਕੋਈ ਵੀ ਦਵਾਈ ਖਾ ਰਿਹਾ ਹੈ ਅਤੇ ਪੈਰਾਂ ਜਾਂ ਮੂੰਹ ਤੇ ਸੋਜ ਆ ਜਾਵੇ ਜਾਂ ਉਲਟੀਆਂ ਅਤੇ ਟੱਟੀਆਂ ਲੱਗ ਜਾਣ ਤਾਂ ਫੌਰਨ ਸੰਬੰਧਤ ਡਾਕਟਰ ਨੂੰ ਦੱਸਣਾ ਚਾਹੀਦਾ ਹੈ। ਇਸ ਰੋਗ ਵਿੱਚ ਸ਼ਰਾਬ ਪੀਣ ਨਾਲ ਵੀ ਹਾਲਤ ਵਿਗੜਨ ਅਤੇ ਇਲਾਜ ਖਰਾਬ ਹੋਣ ਦਾ ਡਰ ਰਹਿੰਦਾ ਹੈ। ਇਸ ਲਈ ਰੋਗੀ ਨੂੰ ਸ਼ਰਾਬ ਅਤੇ ਹੋਰ ਨਸ਼ੇ ਤੋਂ ਪੂਰਨ ਪ੍ਰਹੇਜ਼ ਰੱਖਣਾ ਚਾਹੀਦਾ ਹੈ। ਜੇ ਉਨਮਾਦ ਰੋਗ ਵਿੱਚ ਦਵਾਈ ਖਾਂਦਿਆਂ ਉਦਾਸੀ ਦਾ ਪੱਖ ਆ ਜਾਵੇ ਤਾਂ ਫੌਰਨ ਸੰਬੰਧਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਜੇ ਮਰੀਜ ਨੂੰ ਲੰਮੇ ਸਮੇਂ ਤੋਂ ਬਿਮਾਰੀ ਹੈ ਤੇ ਰੋਗ ਬਾਰ-ਬਾਰ ਹੁੰਦਾ ਹੈ ਜਾਂ ਉਨਮਾਦ ਅਤੇ ਉਦਾਸੀ ਦੇ ਪੱਖ ਵਾਰ-ਵਾਰ ਤੰਗ ਕਰਦੇ ਹਨ ਤਾਂ ਮਰੀਜ ਦੇ ਰਿਸਤੇਦਾਰਾਂ ਨੂੰ ਦਵਾਈਆਂ ਬਾਰੇ ਪੂਰਨ ਜਾਣਕਾਰੀ ਸੰਬੰਧਤ ਡਾਕਟਰ ਤੋਂ ਲੈਣੀ ਚਾਹੀਦੀ ਹੈ ।

ਉਨਮਾਦ ਦੇ ਰੋਗੀ ਨੂੰ ਰੋਗ ਦੇ ਦੌਰਾਨ ਜਿੰਦਗੀ ਦੇ ਕਈ ਅਹਿਮ ਫੈਸਲੇ ਆਪਣੇ=ਆਪ ਨਹੀਂ ਲੈਣੇ ਚਾਹੀਦੇ। ਜੇ ਕੋਈ ਅਜਿਹੀ ਲੋੜ ਪਵੇ ਤਾਂ ਉਹ ਫੈਸਲੇ ਜਿਮੇਵਾਰ ਮੈਂਬਰਾਂ ਦੀ ਸਲਾਹ ਨਾਲ ਕਰਨੇ ਚਾਹੀਦੇ ਹਨ। _ -ਮਨੋਰੋਗ ਵਿਭਾਗ, ਗੌਰਮਿੰਟ ਮੈਡੀਕਲ ਕਾਲਜ, ਬਠਿੰਡਾ

ਫੂਡ ਪੋਆਇਜਨਿੰਗ ਤੋਂ ਬਚਣ ਦੇ ਉਪਾਅ

ਡਾਕਟਰ ਅਜੀਤ ਪਾਲ ਸਿੰਘ ਐਮ.ਡੀ.।

ਗਰਮੀਆਂ ਵਿੱਚ ਭੋਜਨ ਖਰਾਬ ਹੋਣ ਦੇ ਆਸਾਰ ਵੱਧ ਹੁੰਦੇ ਹਨ ਕਿਉਂਕਿ ਇਹਨਾ ਦਿਨਾਂ ਵਿੱਚ ਵਾਤਾਵਰਨ ਦਾ ਤਾਪਮਾਨ ਵੱਧ ਹੁੰਦਾ ਹੈ। ਮੱਖੀਆਂ ਵੱਧ ਹੁੰਦੀਆਂ ਹਨ। ਇੱਕ ਵਾਰ ਭੋਜਨ ਦੂਸ਼ਿਤ ਹੋ ਜਾਵੇ ਤਾਂ ਉਸਦੀ ਵਰਤੋਂ ਕਰ ਲਈਏ ਤਾਂ ਨਿਸਚੇ ਇੱਕ ਬੀਮਾਰੀ ਨੂੰ ਖੁੱਲਾ ਸੱਦਾ ਮਿਲ ਜਾਂਦਾ ਹੈ। ਦੂਸ਼ਿਤ ਭੋਜਨ ਖਾਂਦਿਆਂ ਹੀ ਪੇਟ ਦਰਦ ਸ਼ੁਰੂ ਹੋ ਜਾਂਦਾ ਹੈ। ਹੋਟਲਾਂ ਆਦਿ ਵਿੱਚ ਵੀ ਪੁਰਾਣਾ ਬੇਹਾ ਭੋਜਨ ਮਿਲਾ ਕੇ ਵਰਤਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜੋ ਭਿਆਨਕ ਸਿੱਟੇ ਕੱਢ ਸਕਦੀ ਹੈ, ਟੱਟੀਆਂ ਲੱਗ ਸਕਦੀਆਂ ਹਨ। ਕਈ ਵਾਰ ਥਾਂ ਫੂਡ ਪੋਆਇਜਨਿੰਗ ਇੰਨੀ ਭਿਆਨਕ ਹੁੰਦੀ ਹੈ ਕਿ ਇਸ ਨਾਲ ਅਧਰੰਗ ਹੋ ਸਕਦਾ ਹੈ ਤੇ ਇੱਥੋਂ ਤੱਕ ਕਿ ਵਕਤੀ ਤੌਰ ਤੇ ਨਿਗਾਹ ਚਲੀ ਜਾਂਦੀ ਹੈ। ਦੂਸ਼ਿਤ ਭੋਜਨ ਖਾਣ ਤੇ 12 ਘੰਟੇ ਦੇ ਅੰਦਰ-ਅੰਦਰ ਇਹ ਸਭ ਕੁੱਝ ਵਾਪਰ ਜਾਂਦਾ ਹੈ ਜੇ ਰੋਗੀ ਦੋ ਦਿਨ ਬਿਸਤਰੇ ਤੇ ਹੀ ਲੇਟਾ ਰਹੇ ਤਾਂ ਛੇਤੀ ਠੀਕ ਹੁੰਦਾ ਹੈ। ਐਂਟੀਬਾਇਟਕ ਦੀ ਲੋੜ ਵੀ ਪੈ ਸਕਦੀ ਹੈ, ਹਸਪਤਾਲ ਵਿੱਚ ਤਾਂ ਕਦੇ ਕਦਾਈ ਹੀ ਦਾਖਲੇ ਦੀ ਲੋੜ ਪੈਂਦੀ ਹੈ।

ਸਰਕਾਰੀ ਅੰਕੜੇ ਤਾਂ ਅਜਿਹੇ ਕੇਸਾਂ ਦੀ ਗਿਣਤੀ ਘੱਟ ਹੀ ਦੱਸਦੇ ਹਨ ਕਿਉਂਕਿ ਅਜਿਹੇ ਮਰੀਜ਼ ਤਾਂ ਕਦੇ ਵੀ ਹਸਪਤਾਲਾਂ ਵਿੱਚ ਰਿਪੋਟ ਨਹੀਂ ਹੁੰਦੇ ।

90 ਫੀਸਦੀ ਕੇਸ ਦੂਸ਼ਿਤ ਮੀਟ,ਮੱਛੀ ਜਾਂ ਮੁਰਗਾ ਖਾਣ ਨਾਲ ਹੁੰਦੇ ਹਨ, ਬਹੁਤੇ ਕੇਸਾਂ ਵਿੱਚ ਜੁੰਮੇਵਾਰ ਬੈਕਟੀਰੀਆ ਸਾਲਮੋਨੈਲਾ ਹੁੰਦਾ ਹੈ। ਇਹ ਬੈਕਟੀਰੀਆ ਪਾਣੀ ਤੇ ਭੋਜਨ ਨਾਲ ਮੱਲ (ਟੱਟੀ) ਆਦਿ ਰਲਣ ਨਾਲ ਰੋਗੀ ਦੀਆਂ ਅੰਤੜੀਆਂ ਤੱਕ ਪਹੁੰਚਦਾ ਹੈ। ਆਮ ਹਾਲਤਾਂ ਵਿੱਚ ਇਹ ਬੈਕਟੀਰੀਆ ਸਾਡੇ ਪੇਟ ਵਿੱਚ ਹੀ ਪਲ ਰਿਹਾ ਹੁੰਦਾ ਹੈ ।

ਚੰਗੀ ਤਰ੍ਹਾਂ ਖਾਣਾ ਪਕਾਉਣ ਵੇਲੇ ਸਾਰੇ ਹੀ ਬੈਕਟੀਰੀਆ ਮਾਰੇ ਜਾਂਦੇ ਹਨ। ਇਸ ਲਈ ਇਹ ਜਰੂਰੀ ਹੈ ਕਿ ਖਾਣਾ ਪਕਾਉਣ ਵੇਲੇ ਖਾਸ ਧਿਆਨ ਰੱਖਿਆ ਜਾਵੇ।

ਜਿੱਥੇ ਮੀਟ ਤੇ ਮੁਰਗੇ ਆਮ ਗਰਮ ਕਮਰਿਆਂ ਵਿੱਚ ਹੀ ਰੱਖੇ ਜਾਂਦੇ ਹਨ ਤਾਂ ਉਹਨਾਂ ਵਿੱਚ ਇੰਨੇ ਕੁ ਬੈਕਟੀਰੀਆ ਇਕੱਠੇ ਹੋ ਜਾਂਦੇ ਹਨ ਕਿ ਫੂਡ ਪੋਆਇਜਨਿੰਗ ਹੋ ਸਕਦਾ ਹੈ। ਪਰ ਜੇ ਮੀਟ ਨੂੰ ਫਰਿਜ ਵਿੱਚ ਰੱਖਿਆ ਜਾਵੇ ਤਾਂ ਬੈਕਟੀਰੀਆ ਫੈਲਣ ਤੋਂ ਬਚਾਅ ਹੈ। ਇਕੋ ਵੇਲੇ ਢਾਈ ਕਿਲੋ ਤੋਂ ਵੱਧ ਮੀਟ ਇਕੱਠਾ ਨਾ ਪਕਾਇਆ ਜਾਵੇ ਤਾਂਕਿ ਸਾਰੇ ਹੀ ਬੈਕਟੀਰੀਆ ਨਸ਼ਟ ਹੋ ਸਕਣ। ਕਈ ਵਾਰ ਦੂਸ਼ਿਤ ਮੀਟ ਨੂੰ ਖੁਸ਼ਬੂਦਾਰ ਮਸਾਲੇ ਲਾ ਕੇ ਪੇਸ਼ ਹੋਣ ਨਾਲ ਬੈਕਟੀਰੀਆ ਦਾ ਪਤਾ ਨਹੀਂ ਲੱਗਦਾ। ਇਹ ਬਿਨਾਂ ਸ਼ੱਕ ਖਤਰਨਾਕ ਹੋ ਸਕਦੇ ਤੇ ਫੂਡ ਪੋਆਇਜਨਿੰਗ ਹੋ ਸਕਦੀ ਹੈ।

ਜਦੋਂ ਕਦੇ ਵੀ ਪਾਣੀ ਦੀ ਸ਼ੁਧਤਾ ਬਾਰੇ ਸ਼ੱਕ ਹੋਵੇ ਤਾਂ ਉਸਨੂੰ ਉਬਾਲ ਕੇ ਪੀਣਾ ਚਾਹੀਦਾ ਹੈ ਤਾਂ ਕਿ ਕੋਈ ਖਤਰਾ ਹੀ ਨਾ ਰਹੇ।

ਖਾਣਾ ਪਕਾਉਣ ਵਾਲੇ ਭਾਂਡੇ :- ਪੁਰਾਣੀ ਕਿਸਮ ਦੇ ਖਾਣਾ ਪਕਾਉਣ ਦੇ ਬਰਤਨ ਨੂੰ ਕੈਡਮੀਅਮ ਦੀ ਕਲੀ ਕੀਤੀ ਹੁੰਦੀ ਹੈ। ਜਿਸ ਨਾਲ ਖਾਣੇ ਵਿੱਚ ਤੇਜਾਬ ਰਿਐਕਸ਼ਨ ਕਰਕੇ ਉਸ ਕੈਡਮੀਅਮ ਨੂੰ ਭੋਜਨ ਵਿੱਚ ਮਿਲਾ ਦਿੰਦਾ ਹੈ । ਇਸ ਤਰ੍ਹਾਂ ਭੋਜਨ ਦੂਸ਼ਿਤ ਹੋ ਕੇ ਨੁਕਸਾਨ ਦੇਹ ਹੋ ਅਲਮੀਨੀਅਮ ਤੇ ਸਟੀਲ ਦੇ ਬਰਤਨ ਹੀ ਪਾਏਦਾਰ ਤੇ ਨੁਕਸਾਨ ਰਹਿਤ ਹੁੰਦੇ ਹਨ।

ਕੀੜੇ ਮਾਰ ਦਵਾਈਆਂ:-ਡੀ.ਡੀ.ਟੀ ਖਾਣ ਪਕਾਉਣ ਵੇਲੇ ਵੀ ਨਸ਼ਟ ਨਹੀਂ ਹੁੰਦੀ ਅਤੇ ਨਾ ਹੀ ਸਰੀਰ 'ਚ ਪਹੁੰਚ ਕੇ ਨਸ਼ਟ ਹੁੰਦੀ ਹੈ ਬਲਕਿ ਅੰਦਰ ਹੀ ਜਮਾਂ ਹੁੰਦੀ ਰਹਿੰਦੀ ਹੈ। ਮੱਛਰ ਮਾਰਨ ਵਾਲੀ ਡੀ.ਡੀ.ਟੀ. ਕਿਵੇਂ ਨਾ ਕਿਵੇਂ ਖਾਧ ਪਦਾਰਥਾਂ ਵਿੱਚ ਪਹੁੰਚ ਜਾਂਦੀ ਹੈ ਤੇ ਸਾਡੇ ਸਰੀਰ ਦੀ ਚਰਬੀ ਵਿੱਚ ਪਹੁੰਚ ਕੇ ਜ਼ਮਾਂ ਹੁੰਦੀ ਰਹਿੰਦੀ ਹੈ ਕਿਉਂਕਿ ਸਾਡੇ ਦੇਸ਼ ਵਿੱਚ ਇਸ ਦੀ ਵਰਤੋਂ ਅੰਨੇਵਾਹ ਹੁੰਦੀ ਹੈ ਇਸ ਲਈ ਸਾਡੇ ਸਰੀਰਾਂ ਵਿੱਚ ਇਸ ਦੀ ਮਾਤਰਾ ਬਾਕੀ ਦੇਸ਼ਾਂ ਦੇ ਲੋਕਾਂ ਨਾਲੋ ਜ਼ਿਆਦਾ ਹੈ। ਇਹੀ ਕਾਰਨ ਹੈ ਕਿ ਕਈ ਦੇਸ਼ਾਂ ਵਿੱਚ ਡੀ.ਡੀ.ਟੀ ਦੀ ਵਰਤੋਂ ਦੀ ਮਨਾਹੀ ਹੈ।

ਇਨਫੈਕਸ਼ਨ ਦੀ ਮਹਾਂਮਾਰੀ :-ਖਾਦ ਪਦਾਰਥਾਂ ਨੂੰ ਜੇ ਢੰਗ ਸਿਰ ਨਾ ਸੰਭਾਲਿਆ ਜਾਵੇ (ਖਾਸ ਕਰਕੇ ਕੱਚੇ ਫਲ,ਸਬਜੀਆਂ ਆਦਿ) ਤਾਂ ਫੂਡ ਪੋਆਇਜਨਿੰਗ ਦਾ ਡਰ ਬਣਿਆ ਰਹਿੰਦਾ ਹੈ।

ਟਾਈਫਾਈਡ ਵੀ ਦੂਸ਼ਿਤ ਪਾਣੀ ਜਾਂ ਭੋਜਨ ਕਰਕੇ ਹੀ ਹੁੰਦਾ ਹੈ। ਖਾਣਾ ਖਾਣ ਤੋਂ ਪਹਿਲਾਂ ਹੱਥ ਸਾਬਣ ਨਾਲ ਜਰੂਰ ਸਾਫ ਕਰਨੇ ਚਾਹੀਦੇ ਹਨ। ਪੇਚਸ ਵੀ ਦੂਸ਼ਿਤ ਪਦਾਰਥ ਖਾਣ ਨਾਲ ਫੈਲਦੀ ਹੈ। ਪੇਟ ਦੇ ਕੀੜੇ ਵੀ ਉਹਨਾਂ ਕੱਚੀਆਂ ਸਬਜੀਆਂ ਨਾਲ ਹੁੰਦੇ ਹਨ ਜਿਥੇ ਮਨੁੱਖੀ ਮਲ-ਮੂਤਰ ਵਾਲੀ ਖਾਦ ਦੀ ਵਰਤੋਂ ਕੀਤੀ ਗਈ ਹੁੰਦੀ ਹੈ। ਟੇਪ ਵਰਮ ਵੀ ਮੀਟ ਨੂੰ ਚੰਗੀ ਤਰ੍ਹਾਂ ਪਕਾ ਕੇ ਨਾ ਖਾਣ ਨਾਲ ਹੋ ਸਕਦੈ। ਟੇਪ ਵਰਮ ਦੀ ਲੰਬਾਈ 20 ਫੁੱਟ ਤੱਕ ਹੋ ਸਕਦੀ ਹੈ।

ਸਫਾ '46 ਦੀ ਬਾਕੀ :

ਧੂੜਕੋਟ ਵਾਲੇ ਵੀ ਪਹੁੰਚ ਗਏ। ਸਲਾਵਤਪੁਰੇ ਸੰਤਾਂ ਨੇ ਕਾਫੀ ਕਿੱਲੇ ਜਮੀਨ ਖਰੀਦੀ ਲਈ ਹੈ ਤੇ ਬਹੁਤ ਵੱਡਾ ਡੇਰਾ ਪਾਉਣ ਦੀ ਯੋਜਨਾ ਹੈ।

ਸ਼੍ਰੀ ਮਤੀ ਸੁਰਜੀਤ ਕੌਰ ਜੀ ਨੇ ਆਖਿਆ, "ਮੈਂ ਸੰਤ ਗੁਰਮੀਤ ਸਿੰਘ ਜੀ ਨੂੰ ਵਧਾਈ ਦਿੰਦੀ ਹਾਂ। ਜਿਨ੍ਹਾਂ ਸਾਡੀ ਹਾਰ ਜਿੱਤ ਵਿੱਚ ਬਦਲ ਦਿੱਤੀ। ਮੈਂ ਜਿੰਨੇ ਵੀ ਪ੍ਰੇਮੀ ਇੱਥੇ ਆਏ ਹਨ ਉਹਨਾਂ ਦਾ ਵੀ ਦਿਲੋਂ ਧੰਨਵਾਦ ਕਰਦੀ ਹਾਂ - ਜਿਨ੍ਹਾਂ ਪ੍ਰੇਮੀਆਂ ਨੇ ਇੱਕ ਇੱਕ ਵੋਟ ਪਾ ਕੇ ਸੁਰਜੀਤ ਸਿੰਘ ਬਰਨਾਲਾ ਜੀ ਨੂੰ ਜਿਤਾ ਦਿੱਤਾ । ਮੈਂ ਇਹ ਤੁਹਾਡਾ ਕਰਜ ਮੋੜ ਨਹੀਂ ਸਕਦੀ। ਮੈਂ ਇਸ ਜਿੱਤ ਕਾਰਨ ਸਦਾ ਤੁਹਾਡੇ ਕੰਮਾਂ ਕਾਰਾਂ ਨੂੰ ਪਹਿਲ ਦੇਵਾਂਗੀ ।"

ਜਿਹੜੇ ਪ੍ਰੇਮੀ ਹਾਲੇ ਵੀ ਮੰਨਦੇ ਨਹੀਂ ਸਨ - ਉਹਨਾਂ ਦੀਆਂ ਅੱਖਾਂ ਗਈਆਂ ।

ਮੇਜਰ ਸਿੰਘ
ਧੂੜਕੋਟ ਰਣਸੀਂਹ ,(ਮੋਗਾ)

ਦਰਸ਼ਨ

ਧਰਮ ਅਤੇ ਵਿਗਿਆਨ

ਮੂਲ : ਆਈਨਸਟਾਈਨ

ਅਨੁਵਾਦ : ਰਾਜਪਾਲ ਸਿੰਘ

ਜਦ ਕੋਈ ਧਾਰਮਿਕ ਵਿਦਵਾਨ ਕਿਸੇ ਵਿਗਿਆਨਕ ਸੋਚ ਵਾਲੇ ਵਿਅਕਤੀ ਨਾਲ ਧਰਮ ਅਤੇ ਰੱਬ ਦੀ ਮਹੱਤਤਾ ਬਾਰੇ ਬਹਿਸ ਕਰਦਾ ਹੈ ਤਾਂ ਉਹ ਅਕਸਰ ਹੀ ਇਹ ਦਲੀਲ ਦਿੰਦਾ ਹੈ ਕਿ ਵੀਹਵੀਂ ਸਦੀ ਦਾ ਮਹਾਨ ਵਿਗਿਆਨੀ ਆਈਨਸਟਾਈਨ ਵੀ ਧਰਮ ਨੂੰ ਜਰੂਰੀ ਮੰਨਦਾ ਸੀ। ਉਸ ਦਾ ਕਹਿਣਾ ਸੀ ਕਿ ਸਾਇੰਸ ਧਰਮ ਬਿਨ੍ਹਾਂ ਲੰਗੜੀ ਹੈ, ਧਰਮ ਸਾਇੰਸ ਬਿਨ੍ਹਾਂ ਅੰਨ੍ਹਾਂ ਹੈ। ਉਹ ਤਾਂ ਇਹ ਵੀ ਕਹਿੰਦਾ ਸੀ ਕਿ ਧਾਰਮਿਕ ਭਾਵਨਾਂ ਤੋਂ ਬਗੈਰ ਇੱਕ ਡੂੰਘੀ ਤਰ੍ਹਾਂ ਦਾ ਵਿਗਿਆਨੀ ਮਨ ਲੱਭਣਾ ਮੁਸ਼ਕਿਲ ਹੈ।

ਹੱਥਲੇ ਲੇਖ ਨੂੰ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਆਈਨਸਟੀਨ 'ਧਰਮ ' ਸ਼ਬਦ ਨੂੰ ਪਰੰਪਰਕ ਅਰਥਾਂ ਵਿੱਚ ਲੈਣ ਦੀ ਬਜਾਏ, ਇੱਕ ਅਲੰਕਾਰ ਵਜੋਂ ਵਰਤਦਾ ਹੈ। ਉਸ ਦਾ ਧਰਮ ਜਾਂ ਧਾਰਮਿਕ ਭਾਵਨਾ ਤੋਂ ਜੋ ਭਾਵ ਸੀ, ਉਸ ਦਾ ਧਰਮ ਦੀ ਪ੍ਰਚਲਿਤ ਸਮਝ ਨਾਲ ਕੋਈ ਲਾਗਾ-ਦੇਗਾ ਨਹੀਂ ਹੈ। ਉਪਰਲੀ ਸਤਰ ਤੋਂ ਅਗਲੀ ਸਤਰ ਵਿੱਚ ਹੀ ਇਹ ਨਿਖੇੜਾ ਕਰਦੇ ਹੋਏ ਉਸ ਨੇ ਲਿਖਿਆ ਹੈ-ਪਰ ਇਹ (ਭਾਵ ਵਿਗਿਆਨੀ ਦੀ ਧਾਰਮਿਕ ਭਾਵਨਾ) ਇੱਕ ਆਮ ਸਿੱਧੜ ਆਦਮੀ ਦੀ ਧਾਰਮਿਕਤਾ ਤੋਂ ਬਿਲਕੁੱਲ ਵੱਖਰੀ ਹੁੰਦੀ ਹੈ।

ਫਿਰ ਆਈਨਸਟੀਨ ਮੁਤਾਬਕ ਵਿਗਿਆਨੀ ਦੀ ਧਾਰਮਿਕਤਾ ਕੀ ਹੈ ? ਇਹ ਦੱਸਦੇ ਹੋਏ ਕਿ ਆਮ ਆਦਮੀ ਲਈ ਰੱਬ ਅਜਿਹੀ ਸ਼ੈਅ ਹੈ ਜਿਸ ਦੀ ਮਿਹਰ ਨਾਲ ਉਸ ਨੂੰ ਲਾਭ ਹੋਵੇਗਾ ਅਤੇ ਜਿਸਦੀ ਸਜਾ ਤੋਂ ਉਸਨੂੰ ਡਰਨਾ ਚਾਹੀਦਾ ਹੈ। ਇਸਦੇ ਮੁਕਾਬਲੇ ਵਿਗਿਆਨੀ ਕੁਦਰਤੀ ਨਿਯਮਾਂ ਦੀ ਇਕਸਾਰਤਾ ਨੂੰ ਵਿਸ਼ਮਾਦੀ ਭਾਵਨਾ ਨਾਲ ਵੇਖਦਾ ਹੈ। ਜਿਸਦੇ ਮੁਕਾਬਲੇ ਉਸਨੂੰ ਆਪਣੀਆਂ ਵਿਅਕਤੀਗਤ ਸੋਚਾਂ ਤੁੱਛ ਜਾਪਦੀਆਂ ਹਨ। ਇਸ ਨੂੰ ਆਈਨਸਟੀਨ ਬ੍ਰਹਿਮੰਡਕ ਧਾਰਮਿਕ ਭਾਵਨਾ ਦਾ ਨਾਂ ਦਿੰਦਾ ਹੈ ਆਈਨਸਟੀਨ ਦਾ ਕਥਨ ਹੈ ਕਿ ਇਹ ਭਾਵਨਾ ਉਸਨੂੰ ਖੁਦਗਰਜ ਇੱਛਾਵਾਂ ਦੀਆਂ ਜੰਜੀਰਾਂ ਤੋਂ ਮੁਕਤ ਰੱਖਦੀ ਹੈ।

ਅਸਲ ਵਿੱਚ ਆਈਨਸਟੀਨ ਦਾ ਧਰਮ ਨਿੱਜੀ ਇੱਛਾਵਾਂ ਤੋਂ ਉਪਰ ਉਠ ਕੇ ਸਮੁੱਚੀ ਮਨੁੱਖਤਾ ਦੀ ਸੇਵਾ ਕਰਨਾ ਹੀ ਹੈ। ਇਸ ਗੱਲ ਨੂੰ ਉਸਨੇ ਆਪਣੇ ਲੇਖਾਂ/ਭਾਸ਼ਣਾਂ ਵਿੱਚ ਇੰਨੀ ਵਾਰ ਦੁਹਰਾਇਆ ਹੈ ਕਿ ਇਸ ਬਾਰੇ ਕਿਸੇ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੱਤੀ ਕਿ ਉਸਦਾ ਧਰਮ ਤੋਂ ਕੀ ਭਾਵ ਹੈ।

ਇੱਕ ਧਾਰਮਿਕ ਸੰਸਥਾ ਪ੍ਰਿੰਸਟਨ ਥਿਉਲੈਜੀਕਲ ਸੈਮੀਨਾਰ ਵਿੱਚ 19 ਮਈ 1939 ਨੂੰ ਦਿੱਤੇ ਭਾਸਣ ਵਿੱਚ ਉਸਨੇ ਕਿਹਾ ਜੇ ਅਸੀਂ ਉਚੇ ਮਨੋਰਥਾਂ ਨੂੰ ਧਾਰਮਿਕ ਰੂਪ ਵਿੱਚੋਂ ਕੱਢ ਕੇ ਕੇਵਲ ਮਨੁੱਖੀ ਨਜਰੀਏ ਤੋਂ ਪੇਸ਼ ਕਰੀਏ ਤਾਂ ਕਿਹਾ ਜਾ ਸਕਦਾ ਹੈ -ਵਿਅਕਤੀ ਦਾ ਅਜ਼ਾਦ ਅਤੇ ਜਿੰਮੇਵਾਰਾਨਾ ਵਿਕਾਸ ਤਾਂ ਜੋ ਉਹ ਆਪਣੀਆਂ ਸ਼ਕਤੀਆਂ ਖੁਸ਼ੀ-ਖੁਸ਼ੀ ਅਤੇ ਬਗੈਰ ਕਿਸੇ ਦਬਾਅ ਦੇ ਮਨੁੱਖਤਾ ਦੀ ਸੇਵਾ ਵਿੱਚ ਲਾ ਸਕੇ।

ਇੱਕ ਹੋਰ ਲੇਖ ਵਿੱਚ ਉਹ ਲਿਖਦਾ ਹੈ ਕਿ ਧਾਰਮਿਕ ਤੌਰ ਤੇ ਸਮਝਦਾਰ ਵਿਅਕਤੀ ਮੈਨੂੰ ਉਹ ਜਾਪਦਾ ਹੈ ਜਿਸਨੇ ਆਪਣੇ ਆਪ ਨੂੰ ਖੁਦਗਰਜ ਇੱਛਾਵਾਂ ਦੀਆਂ ਬੇੜੀਆਂ ਤੋਂ ਅਜ਼ਾਦ ਕਰ ਲਿਆ ਹੈ। ਅਤੇ ਜਿਸ ਦੇ ਮਨ ਵਿੱਚ ਉਹ ਵਿਚਾਰ,ਭਾਵਨਾਵਾਂ ਅਤੇ ਇੱਛਾਵਾਂ ਭਰੀਆਂ ਰਹਿੰਦੀਆਂ ਹਨ ਜੋ ਉਸਨੂੰ ਨਿੱਜ ਤੋਂ ਪਾਰ ਲਿਜਾਂਦੀਆਂ ਹਨ ।ਧਰਮ ਅਤੇ ਵਿਗਿਆਨ ਦੇ ਸੰਬੰਧਾਂ ਬਾਰੇ ਇੱਕ ਹੋਰ ਲੇਖ ਵਿੱਚ ਉਹ ਲਿਖਦੇ ਹਨ ਕਿ ਧਰਮ ਦਾ ਸੰਬੰਧ ਮਨੁੱਖ ਦੇ ਕੁਦਰਤ ਪ੍ਰਤੀ ਨਜਰੀਏ ਨਾਲ , ਵਿਅਕਤੀਗਤ ਅਤੇ ਸਮੂਹਕ ਜੀਵਨ ਲਈ ਆਦਰਸ਼ ਸਥਾਪਿਤ ਕਰਨ ਨਾਲ ਅਤੇ ਮਨੁੱਖਾਂ ਦੇ ਆਪਸੀ ਸੰਬੰਧਾਂ ਨਾਲ ਹੈ।

ਆਈਨਸਟੀਨ ਦੇ ਧਰਮ ਦਾ ਪੂਜਾ ਪਾਠ ਕਰਨ, ਤੀਰਥ ਯਾਤਰਾਵਾਂ ਕਰਨ, ਦੇਵੀ-ਦੇਵਤਿਆਂ ਜਾਂ ਪੈਗੰਬਰਾਂ ਦੀ ਪੂਜਾ ਕਰਨ ਜਾਂ ਰੱਬ ਦੀ ਉਸਤਤ ਕਰਨ ਨਾਲ ਕੋਈ ਸੰਬੰਧ ਨਹੀਂ। ਉਹ ਤਾਂ ਬੱਸ 'ਨਿੱਜੀ ਇਛਾਵਾਂ ਦੀਆਂ ਜੰਜੀਰਾਂ ' ਤੋਂ ਉਪਰ ਉਠਕੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਕੰਮ ਕਰਨ ਨੂੰ ਧਰਮ ਦਾ ਨਾਮ ਦਿੰਦਾ ਹੈ। ਕਿਉਂਕਿ ਸਾਰੇ ਸੱਚੇ ਵਿਗਿਆਨੀ ਇਸੇ ਭਾਵਨਾ ਨਾਲ ਕੰਮ ਕਰਦੇ ਹਨ। ਇਸ ਲਈ ਉਹ ਇਹ ਕਹਿ ਦਿੰਦਾ ਹੈ ਕਿ ਸੱਚਾ ਵਿਗਿਆਨੀ ਧਾਰਮਿਕ ਭਾਵਨਾ ਤੋਂ ਬਿਨਾਂ ਨਹੀਂ ਹੋ ਸਕਦਾ।

ਫਿਰ ਵੀ ਹੋ ਸਕਦਾ ਹੈ ਕਿ ਉਪਰੋਕਤ ਸਿੱਟੇ ਉਸਦੇ ਪ੍ਰਸੰਗ ਨਾਲੋਂ ਤੋੜੀਆਂ ਗੱਲਾਂ ਵਿਚੋਂ ਕੱਢੇ ਗਏ ਹੋਣ, ਇਸ ਲਈ ਉਸਦੇ ਨਿਊਯਾਰਕ ਟਾਈਮਜ਼ ਮੈਗਜੀਨ ਵਿੱਚ 9 ਨਵੰਬਰ 1930 ਨੂੰ ਪ੍ਰਕਾਸ਼ਿਤ ਹੋਏ ਲੇਖ ਦਾ ਅਨੁਵਾਦ ਦਿੱਤਾ ਜਾ ਰਿਹਾ ਹੈ ਜਿਸਤੋਂ ਸਪੱਸਟ ਹੋ ਜਾਂਦਾ ਹੈ ਕਿ ਉਸਨੂੰ ਧਰਮ ਦੀ ਉਤਪਤੀ ਅਤੇ ਰੱਬ ਦੇ ਸੰਕਲਪ ਸੰਬੰਧੀ ਕਿਸੇ ਕਿਸਮ ਦਾ ਭੁਲੇਖਾ ਨਹੀਂ ਸੀ ।- (ਰਾਜਪਾਲ ਸਿੰਘ)

ਧਰਮ ਅਤੇ ਵਿਗਿਆਨ

ਐ. ਆਈਨਸਟਾਈਨ

ਮਨੁੱਖੀ ਸਿਰਜਣਾ ਦੀਆਂ ਪ੍ਰੇਰਕ ਸ਼ਕਤੀਆਂ ਹਨ, ਚਾਹੇ ਉਹ ਆਪਣੇ ਆਪ ਨੂੰ ਸਾਡੇ ਅੱਗੇ ਕਿੰਨੇ ਵੀ ਲੁਕਵੇਂ ਰੂਪ ਵਿੱਚ ਪੇਸ਼ ਕਿਉਂ ਨਾ ਕਰਨ। ਭਲਾ ਉਹ ਕਿਹੜੀਆਂ ਇੱਛਾਵਾਂ ਅਤੇ ਲੋੜਾਂ ਹਨ ਜਿਨ੍ਹਾਂ ਨੇ ਆਦਮੀਆਂ ਨੂੰ ਧਾਰਮਿਕ ਸੋਚ ਅਤੇ ਵਿਸ਼ਵਾਸ ਵੱਲ ਲਿਆਂਦਾ। ਇਹ ਦਿਖਾਉਣ ਲਈ ਥੋੜਾ ਜਿਹਾ ਧਿਆਨ ਦੇਣਾ ਹੀ ਕਾਫੀ ਹੈ ਕਿ ਬਹੁਤ ਸਾਰੀਆਂ ਅਲੱਗ- ਅਲੱਗ ਭਾਵਨਾਵਾਂ ਧਾਰਮਿਕ ਵਿਚਾਰਾਂ ਦੇ ਜਨਮ ਨੂੰ ਨਿਰਧਾਰਤ ਕਰਦੀਆਂ ਹਨ। ਆਦਿ ਕਲੀਨ ਮਨੁੱਖ ਲਈ ਸਭ ਤੋਂ ਉਪਰ ਡਰ ਦੀ ਭਾਵਨਾ ਹੈ ਜੋ ਧਾਰਮਿਕ ਵਿਚਾਰਾਂ ਨੂੰ ਪੈਦਾ ਕਰਦੀ ਹੈ। ਭੁੱਖ ਦਾ ਡਰ, ਜੰਗਲੀ ਜਾਨਵਰਾਂ ਦਾ ਡਰ,ਬਿਮਾਰੀ ਅਤੇ ਮੌਤ ਦਾ ਡਰ। ਕਿਉਂਕਿ ਜਿੰਦਗੀ ਦੇ ਇਸ ਪੜਾਅ ਤੇ ਕਾਰਨਾਂ ਦੇ ਸੰਬੰਧਾਂ ਦੀ ਸਮਝ ਬਹੁਤ ਘੱਟ ਵਿਕਸਤ ਹੋਈ ਸੀ , ਸੋ ਮਨੁੱਖੀ ਮਨ ਆਪਣੇ ਨਾਲ

ਮਿਲਦੀਆਂ ਜੁਲਦੀਆਂ ਕਾਲਪਿਨਿਕ ਹਸਤੀਆਂ ਸਿਰਜ ਲੈਂਦਾ ਹੈ, ਜਿਨ੍ਹਾਂ ਦੀਆਂ ਇੱਛਾਵਾਂ ਅਤੇ ਕਿਰਿਆਵਾਂ ਸਦਕਾਂ ਇਹ ਡਰਾਉਣੀਆਂ ਘਟਨਾਵਾਂ ਵਾਪਰਦੀਆਂ ਹਨ। ਇਸ ਤਰਾਂ ਉਹ ਇਹਨਾਂ ਹਸਤੀਆਂ ਨੂੰ ਆਪਣੇ ਤੇ ਮਿਹਰਬਾਨ ਕਰਨ ਲਈ, ਅਜਿਹੀਆਂ ਕਿਰਿਆਵਾਂ ਕਰਦਾ ਜਾਂ ਚੜਾਵੇ ਚੜ੍ਹਾਉਂਦਾ ਹੈ, ਜੋ ਪੀੜ੍ਹੀ ਦਰ ਪੀੜ੍ਹੀ ਚੱਲੀਆਂ ਆਉਦੀਆਂ ਰਵਾਇਤਾਂ ਮੁਤਾਬਕ ਉਹਨਾਂ ਨੂੰ ਖੁਸ਼ ਕਰਨ ਵਾਲੀਆਂ ਮੰਨੀਆਂ ਜਾਂਦੀਆਂ ਹਨ। ਇਸ ਸਮਝ ਮੁਤਾਬਕ ਮੈਂ ਡਰ ਅਧਾਰਿਤ ਧਰਮ ਬਾਰੇ ਗੱਲ ਕਰ ਰਿਹਾਂ ਹਾਂ। ਪ੍ਰੋਹਿਤ ਵਰਗ ਚਾਹੇ ਇਸਨੂੰ ਪੈਦਾ ਤਾਂ ਨਹੀਂ ਕਰਦਾ, ਪਰ ਉਹ ਇਸਨੂੰ ਬਹੁਤ ਹੱਦ ਤੱਕ ਪੱਕਾ ਕਰਦਾ ਹੈ ਕਿਉਂਕਿ ਉਹ ਆਪਣੇ ਆਪ ਨੂੰ, ਲੋਕਾਂ ਅਤੇ ਜਿਨ੍ਹਾਂ ਹਸਤੀਆਂ (ਕਾਲਪਨਿਕ) ਤੋਂ ਉਹ ਡਰਦੇ ਹਨ, ਵਿਚਕਾਰ ਵਿਚੋਲੇ ਦੇ ਤੌਰ ਤੇ ਸਥਾਪਤ ਕਰ ਲੈਂਦੇ ਹਨ ਅਤੇ ਇਸ ਅਧਾਰ ਤੇ ਆਪਣੀ ਸਰਦਾਰੀ ਸਥਾਪਤ ਕਰ ਲੈਂਦੇ ਹਨ। ਬਹੁਤ ਸਾਰੇ ਕੇਸਾਂ ਵਿੱਚ ਹਾਕਮ ਸ਼੍ਰੇਣੀ ਜਾਂ ਇਸਦੇ ਆਗੂ ਧਾਰਮਿਕ ਕਾਰਜਾਂ ਨੂੰ ਆਪਣੀ ਰਾਜਸੀ ਸਤਾ ਨਾਲ ਜੋੜ ਲੈਂਦੇ ਹਨ, ਤਾਂ ਜੋ ਇਹਨਾਂ ਦੀ ਇਹ ਸਤਾ ਹੋਰ ਸੁਰੱਖਿਅਤ ਹੋ ਸਕੇ। ਜਾਂ ਸਿਆਸੀ ਹਾਕਮ ਅਤੇ ਪ੍ਰੋਹਿਤ ਜਾਤੀ ਆਪਣੇ ਆਪਣੇ ਹਿੱਤਾਂ ਲਈ ਸਾਂਝ ਭਿਆਲੀ ਪਾ ਲੈਂਦੇ ਹਨ।

ਸਮਾਜਿਕ ਪ੍ਰੇਰਨਾਵਾਂ ਧਰਮ ਦੇ ਠੋਸ ਰੂਪ ਧਾਰਨ ਕਰਨ ਦਾ ਇੱਕ ਹੋਰ ਕਾਰਨ ਹਨ। ਮਾਤਾ-ਪਿਤਾ ਅਤੇ ਵੱਡੇ ਮਨੁੱਖੀ ਸਮੂਹਾਂ ਦੇ ਆਗੂ ਮੌਤ ਅਤੇ ਗਲਤੀਆਂ ਤੋਂ ਉਪਰ ਨਹੀਂ ਹੁੰਦੇ। ਸੋ ਅਗਵਾਈ ਪਿਆਰ ਅਤੇ ਸਹਾਇਤਾ ਦੀ ਇੱਛਾ ਵਿਅਕਤੀਆਂ ਤੋਂ ਰੱਬ ਦੀ ਸਮਾਜਿਕ ਜਾਂ ਨੈਤਿਕ ਸੰਕਲਪਨਾਂ ਬਣਾਉਂਦੀ ਹੈ। ਇਹ 'ਮਿਹਰਾਂ ' ਵਾਲਾ ਰੱਬ ਹੁੰਦਾ ਹੈ। ਜੋ ਰੱਖਿਆ ਕਰਦਾ ਹੈ,ਇਨਾਮ ਅਤੇ ਸਜਾ ਦਿੰਦਾ ਹੈ। ਇਹ ਰੱਬ ਵਿਸ਼ਵਾਸ਼ੀ ਦੇ ਨਜ਼ਰੀਏ ਅਨੁਸਾਰ ਕਬੀਲੇ ਜਾਂ ਮਨੁੱਖ ਜਾਤੀ ਨੂੰ ਪਿਆਰ ਕਰਦਾ ਹੈ। ਦੁੱਖਾਂ ਵਿੱਚ ਅਰਾਮ ਦਿੰਦਾ ਹੈ। ਅਤੇ ਜੋ ਮ੍ਰਿਤਕਾਂ ਦੀਆਂ ਆਤਮਾਵਾਂ ਨੂੰ ਸੰਭਾਲਦਾ ਹੈ। ਇਹ ਰੱਬ ਦੀ ਸਮਾਜਿਕ ਜਾ ਨੈਤਿਕ ਲੋੜਾਂ ਵਿੱਚੋਂ ਪੈਦਾ ਹੋਈ ਸੰਕਲਪਨਾਂ ਹੈ।

ਯਹੂਦੀ ਧਾਰਮਿਕ ਪੁਸਤਕਾਂ ਡਰ ਵਾਲੇ ਧਰਮ ਤੋਂ ਨੈਤਿਕਤਾ ਵਾਲੇ ਧਰਮ ਵੱਲ ਵਿਕਾਸ ਨੂੰ ਵਧੀਆ ਢੰਗ ਨਾਲ ਦਰਸਾਉਂਦੀਆਂ ਹਨ, ਸੋ ਵਿਕਾਸ ਸਾਈਕਲ (ਨਿਊ ਟੈਸਟਾਮੈਂਟ) ਵਿੱਚ ਚਲਦਾ ਰਹਿੰਦਾ ਹੈ। ਸਾਰੇ ਸੱਭਿਆ ਲੋਕਾਂ ਦੇ ਧਰਮ,ਖਾਸ ਕਰ ਪੂਰਬ ਦੇ ਲੋਕਾਂ ਦੇ ਧਰਮ ਬੁਨਿਆਦੀ ਤੌਰ ਤੇ ਨੈਤਿਕ ਧਰਮ ਹਨ। ਡਰ ਵਾਲੇ ਧਰਮ ਤੋਂ ਨੈਤਿਕਤਾ ਵਾਲੇ ਧਰਮ ਵੱਲ ਵਿਕਾਸ ਮਨੁੱਖੀ ਜਿੰਦਗੀ ਵੱਲ ਵੱਡਾ ਕਦਮ ਹੈ। ਫਿਰ ਵੀ ਇਹ ਕਹਿਣਾ ਕਿ ਪ੍ਰਾਚੀਨ ਧਰਮ ਪੂਰੀ ਤਰ੍ਹਾਂ ਡਰ ਤੇ ਅਧਾਰਿਤ ਹਨ ਅਤੇ ਸੱਭਿਆ ਲੋਕਾਂ ਦੇ ਸ਼ੁੱਧ ਰੂਪ ਵਿੱਚ ਨੈਤਿਕਤਾ ਤੇ ਅਧਾਰਿਤ ਹਨ, ਇੱਕ ਪੱਖਪਾਤੀ ਧਾਰਨਾ ਹੈ ਜਿਸ ਤੋਂ ਸਾਨੂੰ ਜਰੂਰ ਹੀ ਬਚਣਾ ਚਾਹੀਦਾ ਹੈ। ਸਚਾਈ ਤਾਂ ਇਹ ਹੈ ਕਿ ਸਾਰੇ ਧਰਮ ਹੀ ਦੋਹਾਂ ਕਿਸਮਾਂ ਦਾ ਵੱਖ-ਵੱਖ ਮਾਤਰਾ ਵਿੱਚ ਮਿਸ਼ਰਣ ਹਨ ਅਤੇ ਸਮਾਜਿਕ ਜਿੰਦਗੀ ਦੇ ਵੱਖ-ਵੱਖ ਪੜਾਵਾਂ 'ਤੇ ਨੈਤਿਕਤਾ ਦਾ ਧਰਮ ਭਾਰੂ ਹੁੰਦਾ ਹੈ।

ਇਨ੍ਹਾਂ ਸਾਰੀਆਂ ਕਿਸਮਾਂ ਦਾ ਇੱਕ ਸਾਂਝਾ ਲੱਛਣ ਉਹਨਾਂ ਦੀ ਰੱਬ ਦੀ ਸੰਕਲਪਨਾ ਮਨੁੱਖੀ ਰੂਪ ਵਿੱਚ ਹੋਣੀ ਹੈ। ਆਮ ਤੌਰ ਤੇ ਕੇਵਲ ਅਸਧਾਰਨ ਪ੍ਰਤਿਭਾ ਵਾਲੇ ਵਿਅਕਤੀ ਹੀ ਇਸ ਪੱਧਰ ਤੋਂ ਕਿਸੇ ਗਿਣਨਯੋਗ ਪੱਧਰ ਤੱਕ ਉਚਾ ਉਠਦੇ ਹਨ। ਪਰ ਧਾਰਮਿਕ ਅਨੁਭਵ ਦੀ ਇੱਕ ਤੀਸਰੀ ਸਟੇਜ ਹੈ ਜੋ ਉਹਨਾਂ ਸਾਰਿਆਂ ਨਾਲ ਸੰਬੰਧਤ ਹੈ; ਚਾਹੇ ਇਹ ਸ਼ੁੱਧ ਰੂਪ ਵਿੱਚ ਘੱਟ ਹੀ ਮਿਲਦੀ ਹੈ, ਮੈਂ ਇਸਨੂੰ ਧਾਰਮਿਕ ਬ੍ਰਹਿਮੰਡਕ(Cosmic Reliougs Feelings) ਕਹਿੰਦਾ ਹਾਂ। ਇਸ ਨੂੰ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਣਾ ਔਖਾ ਹੈ ਜਿਸ ਨੂੰ ਇਸਦਾ ਬਿਲਕੁੱਲ ਹੀ ਅਨੁਭਵ ਨਹੀਂ ਕਿਉਂਕਿ ਇਸਦੇ ਨਾਲ ਹੀ 'ਮਨੁੱਖ ਵਰਗੇ ਰੱਬ ' ਦੀ ਸੰਕਲਪਨਾਂ ਸੰਬੰਧਿਤ ਨਹੀਂ ਹੈ।

ਵਿਅਕਤੀ,ਮਨੁੱਖੀ ਇਛਾਵਾਂ ਅਤੇ ਨਿਸ਼ਾਨਿਆਂ ਦੀ ਤੁੱਛਤਾ ਅਤੇ ਕੁਦਰਤ ਵਿੱਚ ਮਿਲਦੀ ਮਹਾਨ ਅਤੇ ਸ਼ਾਨਦਾਰ ਤਰਤੀਬ ਨੂੰ ਮਹਿਸੂਸ ਕਰਦਾ ਹੈ। ਵਿਅਕਤੀ ਹੋਂਦ ਉਸ ਨੂੰ ਇੱਕ ਜੇਲ ਦੀ ਤਰ੍ਹਾਂ ਜਾਪਦੀ ਹੈ। ਅਤੇ ਉਹ ਸਮੁੱਚੇ ਸੰਸਾਰ ਨੂੰ ਇਕਹਿਰੀ ਅਰਥ ਭਰਪੂਰ ਇਕਾਈ ਦੇ ਤੌਰ ਤੇ ਮਹਿਸੂਸਣਾ ਚਾਹੁੰਦਾ ਹੈ। ਇਹ ਬ੍ਰਹਿਮੰਡਕ ਧਾਰਮਿਕ ਭਾਵਨਾਂ ਪਹਿਲਾਂ ਹੀ ਵਿਕਾਸ ਦੇ ਮੁੱਢਲੇ ਪੜਾਅ ਤੇ ਪ੍ਰਗਟ ਹੋ ਜਾਂਦੀ ਹੈ। ਉਦਾਹਰਣ ਵਜੋਂ ਡੇਵਿਡ ਦੇ ਕੁੱਝ ਭਜਨਾਂ ਵਿੱਚ ਅਤੇ ਕੁੱਝ ਪੈਗੰਬਰਾਂ ਵਿੱਚ। ਬੁੱਧਮਤ ਵਿੱਚ , ਜਿਵੇਂ ਕਿ ਕਿ ਸਾਨੂੰ ਸ਼ਾਪਨਗਰ ਦੀਆਂ ਲਿਖਤਾਂ ਤੋਂ ਪਤਾ ਚਲਦਾ ਹੈ,ਇਸਦਾ ਕਾਫੀ ਜੋਰਦਾਰ ਤੱਤ ਹੈ। ਸਾਰੇ ਸਮਿਆਂ ਦੇ ਸ੍ਰੇਸਠ ਬੁੱਧੀ ਵਾਲੇ ਧਰਮਾਤਮਾਂ ਇਸ ਕਿਸਮ ਦੀ ਧਾਰਮਿਕ ਭਾਵਨਾ ਰੱਖਣ ਲਈ ਜਾਣੇ ਜਾਂਦੇ ਹਨ, ਇਹ ਭਾਵਨਾ ਕੋਈ ਕੱਟੜਤਾ ਨਹੀਂ ਜਾਣਦੀ , ਇਸ ਵਿੱਚ ਕੋਈ ਮਨੁੱਖੀ ਬਿੰਬ ਵਾਲਾ ਰੱਬ ਨਹੀਂ ਹੁੰਦਾ ਜਿਸ ਦੀਆਂ ਸਿੱਖਿਆਵਾਂ ਇਸ ਉਤੇ ਅਧਾਰਤ ਹੋਣ।*ਇਸ ਲਈ ਇਹ ਬਿਲਕੁੱਲ ਹਰ ਸਮੇਂ ਦੇ ਕਾਫਰ ਹੀ ਹੁੰਦੇ ਹਨ ਜਿਨ੍ਹਾਂ ਵਿੱਚੋਂ ਸਾਨੂੰ ਇਸ ਕਿਸਮ ਦੀ ਉੱਚੀ ਧਾਰਮਿਕ ਭਾਵਨਾ ਵਾਲੇ ਆਦਮੀ ਲੱਭਦੇ ਹਨ ਅਤੇ ਜੋ ਬਹੁਤੀ ਵਾਰ ਆਪਣੇ ਸਮਕਾਲੀਆਂ ਦੁਆਰਾ ਨਾਸਤਿਕ ਕਰਾਰ ਦਿੱਤੇ ਗਏ ਹਨ।* ਇਸ ਰੋਸ਼ਨੀ ਵਿੱਚ ਦੇਖਦਿਆਂ ਤਾਂ ਡੈਮੋਕ੍ਰਾਈਟਸ ਏਸਿਸੀ ਦਾ ਫਰਾਂਸਿਸ ਅਤੇ ਸਪਾਈਨੋਜਾ ਇੱਕ ਦੂਸਰੇ ਨਾਲ ਬਹੁਤ ਨੇੜਿਓਂ ਸੰਬੰਧਤ ਹਨ।

ਇਹ ਬ੍ਰਹਿਮੰਡਕ ਧਾਰਮਿਕ ਭਾਵਨਾ ਇੱਕ ਆਦਮੀ ਤੋਂ ਦੂਸਰੇ ਆਦਮੀ ਤੱਕ ਕਿਵੇਂ ਲਿਜਾਈ ਜਾ ਸਕਦੀ ਹੈ ? ਜੇ ਇਹ ਕੋਈ ,ਪਰਮਾਤਮਾ ਦਾ ਸੰਕਲਪ ਨਹੀਂ ਉਭਾਰਦੀ ਅਤੇ ਨਾ ਹੀ ਕਿਸੇ ਧਰਮ ਸ਼ਾਸ਼ਤਰ ਨੂੰ ਪੈਦਾ ਕਰਦੀ ਹੈ। ਮੇਰੇ ਵਿਚਾਰ ਅਨੁਸਾਰ ਕਲਾ ਅਤੇ ਵਿਗਿਆਨ ਦਾ ਸਭ ਤੋਂ ਮਹੱਤਵਪੂਰਨ ਕੰਮ ਇਸੇ ਭਾਵਨਾ ਨੂੰ ਜਗਾਉਣਾ ਅਤੇ ਕਾਇਮ ਰੱਖਣਾ ਹੈ। ਇਸ ਤਰ੍ਹਾਂ ਅਸੀਂ ਵਿਗਿਆਨ ਦੇ ਧਰਮ ਨਾਲ ਸੰਬੰਧਾਂ ਦੀ ਆਮ ਨਾਲੋਂ ਵੱਖਰੀ ਧਾਰਨਾ 'ਤੇ ਪਹੁੰਚਦੇ ਹਾਂ। ਜਦ ਕੋਈ ਇਸ ਮਸਲੇ ਨੂੰ ਇਤਿਹਾਸਕ ਤੌਰ ਤੇ ਵੇਖਦਾ ਹੈ ਤਾ ਸਪੱਸਟ ਕਾਰਨਾਂ ਕਰਕੇ ਉਹ ਵਿਗਿਆਨ ਅਤੇ ਧਰਮ ਨੂੰ ਸਮਝੌਤਾ-ਰਹਿਤ-ਵਿਰੋਧੀਆਂ ਵਜੋਂ ਦੇਖਣ ਵੱਲ ਰੁਚਿਤ ਹੁੰਦਾ ਹੈ। ਇੱਕ ਆਦਮੀ ਸੋ ਕਾਰਨ ਕਾਰਜ ਸੰਬੰਧਾਂ ਦੇ ਨਿਯਮਾਂ ਦੇ ਸਰਵਵਿਆਪਕ ਤੌਰ ਤੇ ਲਾਗੂ ਹੋਣ ਨੂੰ ਪੂਰੀ ਤਰ੍ਹਾਂ ਮੰਨਦਾ ਹੈ ਉਹ ਇੱਕ ਪਲ ਲਈ ਵੀ ਅਜਿਹੀ ਹਸਤੀ ਦੇ ਵਿਚਾਰ ਨੂੰ ਨਹੀਂ ਮੰਨ ਸਕਦਾ ਜੋ ਘਟਨਾਵਾਂ ਦੇ ਵਹਿਣ ਵਿੱਚ ਦਖਲ ਦਿੰਦੀ ਹੋਵੇ(ਭਾਵ ਰੱਬ ਦੇ ਵਿਚਾਰਾਂ ਨੂੰ)। ਉਸਦੇ ਲਈ ਡਰ ਵਾਲੇ ਧਰਮ ਦੀ ਕੋਈ ਤੁਕ ਨਹੀਂ ਅਤੇ ਨਾ ਹੀ ਕਿਸੇ ਸਮਾਜਿਕ ਅਤੇ ਨੈਤਿਕ ਧਰਮ ਦੀ। ਅਜਿਹਾ ਰੱਬ ਜੋ (ਆਦਮੀ ਦੇ ਕੰਮਾਂ ਲਈ ਉਸਨੂੰ) ਇਨਾਮ ਅਤੇ ਸਜਾ ਦਿੰਦਾ ਹੈ,ਦੀ ਤਾਂ ਉਹ ਕਲਪਨਾਂ ਹੀ ਨਹੀਂ ਕਰ ਸਕਦਾ । ਕਿਉਂਕਿ

ਬਾਕੀ ਸਫਾ 41 ਤੇ

ਪ੍ਰਮਾਣੂ, ਪ੍ਰਮਾਣੂ ਸ਼ਕਤੀ ਅਤੇ ਮਨੁੱਖ

ਸੁਖਦਰਸ਼ਨ 'ਸਹਿਣਾ'

ਵਿਗਿਆਨ ਨੇ ਅਨੇਕਾਂ ਸਹੂਲਤਾਂ ਤੇ ਸ਼ਕਤੀਆਂ ਮਨੁੱਖ ਦੇ ਹੱਥ ਦਿੱਤੀਆਂ। ਅਨੇਕਾਂ ਊਰਜਾ ਦੇ ਸਾਧਨ ਪੈਦਾ ਹੋਏ। ਪ੍ਰੰਤੂ 20 ਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿੱਚ ਇੱਕ ਅਜਿਹੀ ਅਥਾਹ ਊਰਜਾ ਬਾਰੇ ਪਤਾ ਲੱਗਾ, ਜਿਹੜੀ ਮਨੁੱਖ ਲਈ ਹੈਰਾਨ ਕਰ ਦੇਣ ਵਾਲੀ ਸੀ। ਇਹ ਵੀ ਪਤਾ ਲੱਗਾ ਕਿ ਇਹ ਊਰਜਾ ਉਹਨਾਂ ਨਿੱਕੇ ਪ੍ਰਮਾਣੂਆਂ ਅੰਦਰ ਇੱਕ ਅਤਿ ਨਿੱਕੇ ਨਿਊਕਲੀਅਸ ਵਿੱਚ ਲੁਕੀ ਪਈ ਹੈ। ਜਿਨ੍ਹਾਂ ਤੋਂ ਸਾਡੇ ਆਲੇ ਦੁਆਲੇ ਦਾ ਸਾਰਾ ਪਦਾਰਥ ਬਣਿਆ ਹੋਇਆ ਹੈ। ਵੱਖ-ਵੱਖ ਪਦਾਰਥਾਂ ਦੇ ਪ੍ਰਮਾਣੂ ਵੱਖ-ਵੱਖ ਅਤੇ ਛੋਟੇ ਵੱਡੇ ਹੁੰਦੇ ਹਨ। ਪ੍ਰਮਾਣੂ ਇੱਕ ਨਿੱਕੇ ਗੋਲੇ ਵਰਗਾ ਹੈ ਜਿਸ ਨੂੰ ਸਿੱਧੀ ਨਜਰੇ ਦੇਖਣਾ ਸੰਭਵ ਨਹੀਂ ਹੈ। ਇਸ ਦਾ ਵਿਆਸ ਇੰਨਾ ਛੋਟਾ ਹੈ ਕਿ ਬਾਲ ਪੈਨ ਨਾਲ ਲਾਏ ਇੱਕ ਬਿੰਦੂ ਦੇ ਵਿਆਸ ਤੇ ਇਹ ਪ੍ਰਮਾਣੂ ਤਿੰਨ ਕਰੋੜ ਤੋਂ ਚਾਲੀ ਕਰੋੜ ਦੇ ਲੱਗਭੱਗ ਇੱਕ ਲਾਈਨ ਵਿੱਚ ਆ ਸਕਦੇ ਹਨ। ਅਤੇ ਨਿਊਕਲੀਅਸ (ਨਾਭੀ) ਜਿਹੜਾ ਪ੍ਰਮਾਣੂ ਦੇ ਕੇਂਦਰ ਵਿੱਚ ਸਥਿਤ ਹੁੰਦਾ ਹੈ, ਦਾ ਵਿਆਸ ਪ੍ਰਮਾਣੂ ਨਾਲੋਂ ਵੀ ਲੱਗਭੱਗ ਇੱਕ ਲੱਖ ਗੁਣਾ ਛੋਟਾ ਹੁੰਦਾ ਹੈ। ਇੰਨੀ ਨਿੱਕੀ ਜਗ੍ਹਾ ਵਿੱਚ ਇੰਨੀ ਅਥਾਹ ਊਰਜਾ ਯਕੀਨਨ ਮਨੁੱਖ ਨੂੰ ਅਚੰਭੇ ਵਿੱਚ ਪਾ ਦਿੰਦੀ ਹੈ। ਇਸ ਊਰਜਾ ਨੂੰ ਨਿਊਕਲੀਅਸ ਊਰਜਾ, ਨਾਭਿਕ ਊਰਜਾ ਜਾਂ ਪ੍ਰਮਾਣੂ ਊਰਜਾ ਕਿਹਾ ਜਾਂਦਾ ਹੈ । ਆਰੰਭ ਵਿੱਚ ਵਿਗਿਆਨੀਆ ਨੂੰ ਖੁਸ਼ੀ ਹੋਈ ਕਿ ਇਹ ਊਰਜਾ ਮਨੁੱਖ ਦੀਆਂ ਊਰਜਾ ਲੋੜਾਂ ਨੂੰ ਪੂਰਾ ਕਰ ਸਕਦੀ ਹੈ। ਨਾਲ ਹੀ ਉਹਨਾਂ ਨੂੰ ਇਸ ਗੱਲ ਦੀ ਨਿਰਾਸ਼ਤਾ ਹੋਈ ਕਿ ਜੇ ਇਸ ਸ਼ਕਤੀ ਦੀ ਗਲਤ ਵਰਤੋਂ ਹੋਈ ਤਾਂ ਇਹ ਮਨੁੱਖਤਾ ਲਈ ਤਬਾਹੀ ਦਾ ਕਾਰਨ ਬਣ ਸਕਦੀ ਹੈ। ਉਹਨਾਂ ਦੀ ਇਹ ਸੋਚਣੀ ਠੀਕ ਸਿੱਧ ਹੋਈ ਕਿ ਇਸ ਊਰਜਾ ਦੀ ਵਰਤੋਂ ਦੇ ਸ਼ੁਰੂ ਵਿੱਚ ਪ੍ਰਮਾਣੂ ਬੰਬ ਬਣਾ ਕੇ ਅਮਰੀਕਾ ਵੱਲੋਂ ਜਪਾਨ ਦੇ ਦੋ ਸ਼ਹਿਰਾਂ ਉਤੇ ਇਹ ਬੰਬ ਸੁੱਟੇ ਗਏ। ਅਤੇ ਇਸ ਊਰਜਾ ਦੀ ਗਲਤ ਵਰਤੋਂ ਦੀ ਦੁਨੀਆਂ ਸਾਹਮਣੇ ਇਕ ਉਦਾਹਰਨ ਪੇਸ਼ ਕੀਤੀ।

ਪ੍ਰਮਾਣੂ ਦੀ ਖੋਜ :- ਲੱਗਭੱਗ 2500 ਸਾਲ ਪਹਿਲਾਂ ਥੇਲਜ (Thales) ਤੋਂ ਲੈ ਕੇ ਆਟੋਮਿਸਟ (Atomists) ਤੱਕ ਜਦੋਂ ਵਿਗਿਆਨੀ ਪਦਾਰਥ ਦੀ ਰਚਨਾਂ ਨੂੰ ਸਮਝਣ ਦਾ ਯਤਨ ਕਰ ਰਹੇ ਸਨ ਤਾਂ ਉਹਨਾਂ ਵਿਚਾਰ ਪ੍ਰਗਟ ਕੀਤੇ ਕਿ ਸਾਡੇ ਆਲੇ ਦੁਆਲੇ ਦਾ ਸਾਰਾ ਪਦਾਰਥ (ਮਾਦਾ) ਛੋਟੇ ਛੋਟੇ ਕਿਣਕਿਆਂ ਤੋਂ ਮਿਲਕੇ ਬਣਦਾ ਹੈ। ਇਸ ਤੋਂ ਬਾਅਦ ਲਿਊਸੀਪਸ ਅਤੇ ਡੈਮਕਰੀਟਸ (Leucipus & Democrites) ਨੇ ਉਹਨਾਂ ਨਿੱਕੇ ਨਿੱਕੇ ਕਣਾਂ ਕਰਕੇ ਮਾਦੇ ਦਾ ਪ੍ਰਮਾਣੂ ਸਿਧਾਂਤ ਪੇਸ਼ ਕੀਤਾ। ਇਹ ਕਣ ਜਿਹਨਾਂ ਨੂੰ ਐਟਮ ਕਿਹਾ ਗਿਆ, ਇਹ ਸਮਝਿਆ ਜਾਂਦਾ ਸੀ ਕਿ ਇਸ ਨੂੰ ਅੱਗੇ ਤੋੜਿਆ ਨਹੀਂ ਜਾ ਸਕਦਾ। ਯੂਨਾਨੀ ਭਾਸ਼ਾ ਵਿੱਚ ਐਟਮੋਸ ਸ਼ਬਦ ਦਾ ਅਰਥ ਹੈ ਅਟੁੱਟ। ਬਾਅਦ ਵਿੱਚ ਇੱਕ ਇੰਡੀਅਨ ਫਿਲਾਸਫਰ ਕਨਾਦ (Kanad) ਨੇ ਇਸ ਨੂੰ ਪ੍ਰਮਾਣੂ ਦਾ ਨਾਂ ਦਿੱਤਾ। ਅਟੋਮਿਕ ਥਿਊਰੀ (ਪ੍ਰਮਾਣੂ ਸਿਧਾਂਤ) ਨੂੰ ਸਤਾਰਵੀਂ ਸਦੀ ਵਿੱਚ ਫਰਾਂਸਿਸ ਅਤੇ ਨਿਊਟਨ ਵੱਲੋਂ ਪ੍ਰਵਾਨਿਤ ਕੀਤਾ ਗਿਆ। 1808 ਵਿੱਚ ਇੰਗਲੈਂਡ ਦੇ ਜੌਹਨ ਡਾਲਟਨ ਨੇ ਮਾਦੇ ਦਾ ਸੁਧਰਿਆ ਹੋਇਆ ਪ੍ਰਮਾਣੂ ਸਿਧਾਂਤ ਪੇਸ਼ ਕੀਤਾ ਜਿਹੜਾ "ਡਾਲਟਨ ਦੀ ਅਟੋਮਿਕ ਥਿਊਰੀ " ਦੇ ਨਾਂ ਨਾਲ ਪ੍ਰਸਿੱਧ ਹੋਇਆ।

ਇਲੈਕਟ੍ਰਾਨ ਦੀ ਖੋਜ :- 1896 ਵਿੱਚ ਹੈਨਰੀ ਬੈਕਿਉਰਲ (H.Becquerel) ਵੱਲੋਂ ਕੀਤੀ ਗਈ ਰੇਡੀਓ ਐਕਟੀਵਿਟੀ ਦੀ ਖੋਜ ਅਤੇ ਇੰਗਲੈਂਡ ਦੇ ਜੇ.ਜੇ. ਥਾਮਸਨ ਵੱਲੋਂ 1897 ਵਿੱਚ ਕੀਤੀ ਗਈ ਇਲੈਕਟ੍ਰਾਨ ਦੀ ਖੋਜ ਨੇ ਸਾਇੰਸ ਦੇ ਯੁੱਗ ਵਿੱਚ ਇੱਕ ਨਵੀਂ ਤਬਦੀਲੀ ਲਿਆਂਦੀ। ਇਸ ਖੋਜ ਨਾਲ ਪਤਾ ਲੱਗਾ ਕਿ ਪ੍ਰਮਾਣੂ ਅੰਦਰ ਇੱਕ ਹੋਰ ਨਿੱਕਾ ਕਣ ਇਲੈਕਟ੍ਰਾਨ ਵੀ ਹੈ ਜਿਸ ਉਤੇ ਨੈਗੇਟਿਵ ਚਾਰਜ ਹੈ।

ਨਿਊਕਲੀਅਸ ਦੀ ਖੋਜ :- 1907 ਵਿੱਚ ਥਾਮਸਨ ਦੇ ਵਿਦਿਆਰਥੀ ਰਦਰਫੋਰਡ ਨੇ ਪ੍ਰਮਾਣੂ ਦੇ ਕੇਂਦਰ ਵਿੱਚ ਨਿਊਕਲੀਅਸ ਦੀ ਹੋਂਦ ਦਾ ਪਤਾ ਕੀਤਾ ਜਿਸ ਵਿੱਚ ਪੌਜੇਟਿਵ ਚਾਰਜ ਦੇ ਬਰੀਕ ਕਣ ਪ੍ਰੋਟਾਨ ਪਏ ਹੁੰਦੇ ਹਨ। ਜਿਸ ਤੇ ਉਸਨੂੰ 1911 ਵਿੱਚ ਨੋਬਲ ਪ੍ਰਾਈਜ਼ ਦਿੱਤਾ ਗਿਆ। 1913 ਵਿੱਚ ਨੀਲ ਬੋਰਹ ਨੇ ਪ੍ਰਮਾਣੂ ਦੀ ਬਣਤਰ ਨੂੰ ਅਸਲੀਅਤ ਦੇ ਹੋਰ ਨੇੜੇ ਲਿਆਂਦਾ।

ਨਿਊਟ੍ਰਾਨ ਦੀ ਖੋਜ : 1932 ਵਿੱਚ ਕੈਂਬਰਿਜ ਯੂਨੀਵਰਸਿਟੀ ਵਿਖੇ ਕੈਵਿੰਡਸ ਫਜਿਕਸ ਲੈਬਾਰਟਰੀ ਵਿੱਚ ਜੇਮਜ ਚੈਡਵਿਕ ਨਾਂ ਦੇ ਵਿਗਿਆਨੀ ਨੇ ਪ੍ਰਮਾਣੂ ਦੇ ਨਿਊਕਲੀਅਸ ਵਿੱਚ ਹੋਰ ਤਰ੍ਹਾਂ ਦੇ ਬਰੀਕ ਕਣ ਨਿਊਟ੍ਰਾਨ ਜਿਹੜੇ ਚਾਰਜਹੀਣ ਹੁੰਦੇ ਹਨ ਦੀ ਖੋਜ ਕੀਤੀ। 1935 ਵਿੱਚ ਚੈਡਵਿਕ ਨੂੰ ਨੋਬਲ ਪ੍ਰਾਈਜ ਦਿੱਤਾ ਗਿਆ।



ਕੁਦਰਤ ਵਿੱਚ 105 ਤੋਂ ਵੱਧ ਤੱਤ ਹੋਣ ਕਰਕੇ ਓਨੇ ਹੀ ਤਰ੍ਹਾਂ ਦੇ ਪ੍ਰਮਾਣੂ ਹਨ। ਇਹਨਾਂ ਵਿੱਚ ਫਰਕ ਸਿਰਫ ਇਹਨਾਂ ਵਿਚਲੇ ਇਲੈਕਟ੍ਰਾਨ, ਪ੍ਰੋਟਾਨ, ਅਤੇ ਨਿਊਟ੍ਰਾਨਾਂ (ਜਿਹਨਾਂ ਨੂੰ ਪਦਾਰਥ ਦੇ ਮੂਲ ਕਣ (Fundamental Particles) ਕਿਹਾ ਜਾਂਦਾ ਹੈ) ਦੀ ਗਿਣਤੀ ਦਾ ਹੈ। ਪ੍ਰੋਟਾਨਾ ਅਤੇ ਇਲੈਕਟ੍ਰਾਨਾਂ ਦੀ ਗਿਣਤੀ ਬਰਾਬਰ ਹੁੰਦੀ ਹੈ। ਨਿਊਟ੍ਰਾਨ ਦੀ ਗਿਣਤੀ ਪ੍ਰੋਟਾਨਾਂ ਦੇ ਬਰਾਬਰ ਜਾਂ ਵੱਖਰੀ ਹੋ ਸਕਦੀ ਹੈ। ਕੁਦਰਤ ਵਿੱਚ ਮਿਲਣ ਵਾਲਾ ਹਲਕਾ ਤੱਤ ਹਾਈਡ੍ਰੋਜਨ ਹੈ। ਇਸ ਦੀ ਗੈਸ ਵਿੱਚ ਤਿੰਨ ਤਰ੍ਹਾਂ ਦੇ ਪ੍ਰਮਾਣੂ ਹੁੰਦੇ ਹਨ। ਪਹਿਲੇ ਉਹ ਜਿਹਨਾਂ ਦੀ ਸਭ ਤੋਂ ਅਧਿਕ ਮਾਤਰਾ ਹੁੰਦੀ ਹੈ, ਉਹਨਾ ਦੇ ਨਿਊਕਲੀਅਸ ਵਿੱਚ ਇੱਕ ਪ੍ਰੋਟਾਨ ਤੇ ਬਾਹਰ ਇੱਕ

ਇਲੈਕਟ੍ਰਾਨ ਉਸ ਦੁਆਲੇ ਘੁੰਮਦਾ ਹੈ। ਦੂਸਰੇ ਅਤੇ ਤੀਸਰੇ ਜਿਹਨਾਂ ਕ੍ਰਮਵਾਰ ਡਿਊਟੀਰੀਅਮ ਅਤੇ ਟ੍ਰੀਟੀਅਮ ਕਿਹਾ ਜਾਂਦਾ ਹੈ ਅਤੇ ਗਿਣਤੀ ਵਿੱਚ ਬਹੁਤ ਥੋੜੇ ਹੁੰਦੇ ਹਨ, ਦੇ ਨਿਊਕਲੀਅਸ ਵਿੱਚ ਕ੍ਰਮਵਾਰ ਇੱਕ ਪ੍ਰੋਟਾਨ , ਇੱਕ ਨਿਊਟ੍ਰਾਨ ਅਤੇ ਅਤੇ ਇੱਕ ਪ੍ਰੋਟਾਨ ਤੇ ਦੋ ਨਿਊਟ੍ਰਾਨ ਹੁੰਦੇ ਹਨ। ਇਹ ਦੋਨੋ ਪ੍ਰਮਾਣੂ ਸ਼ਕਤੀ ਪੈਦਾ ਕਰਨ ਲਈ ਵਰਤੇ ਜਾਂਦੇ ਹਨ। ਨਿਊਕਲੀਅਸ ਵਿੱਚ ਨਿਊਟ੍ਰਾਨਾ ਅਤੇ ਪ੍ਰੋਟਾਨਾਂ ਦੀ ਕੁੱਲ ਗਿਣਤੀ ਨੂੰ ਪ੍ਰਮਾਣੂ 'ਪ੍ਰਮਾਣੂ ਪੁੰਜ ' ਅਤੇ ਇਕੱਲੇ ਪ੍ਰੋਟਾਨਾਂ ਦੀ ਗਿਣਤੀ ਨੂੰ 'ਪ੍ਰਮਾਣੂ ਨੰਬਰ 'ਕਿਹਾ ਜਾਂਦਾ ਹੈ।ਭਾਰੇ ਤੱਤਾਂ ਵਿੱਚ ਥੋਰੀਅਮ, ਯੂਰੇਨੀਅਮ (4) ਅਤੇ ਪਲਾਟੋਨੀਅਮ (P 4) ਦਾ ਪੁੰਜ ਨੰਬਰ 90, 92 ਅਤੇ 94 ਹੈ। ਇਹ ਤੱਤ ਵੀ ਪ੍ਰਮਾਣੂ ਊਰਜਾ ਵਾਸਤੇ ਵਰਤੇ ਜਾਦੇ ਹਨ।

ਪ੍ਰਮਾਣੂ ਊਰਜਾ ਦੀ ਖੋਜ :- ਪ੍ਰਮਾਣੂ ਦੇ ਨਿਊਕਲੀਅਸ ਦੀ ਖੋਜ ਤੋਂ ਬਾਅਦ ਵਿਗਿਆਨੀ ਇਸ ਅਚੰਭੇ ਵਿੱਚ ਪੈ ਗਏ ਕਿ ਭਾਰੇ ਤੱਤਾਂ ਦੇ ਨਿਊਕਲ ਜਿਹਨਾਂ ਵਿੱਚ ਭਾਰੀ ਗਿਣਤੀ ਪ੍ਰੋਟਾਨਾ ਦੀ ਹੈ ਉਹ ਪ੍ਰੋਟਾਨ ਪੋਜੇਟਿਵ ਚਾਰਜ ਦੇ ਹੋਣ ਕਰਕੇ ਉਹਨਾਂ ਦੇ ਆਪਸ ਵਿੱਚ ਲੱਗ ਰਹੇ ਬਿਜਲੀ ਧਕੇਲ ਬਲ ਦੇ ਬਾਵਜੂਦ ਉਹ ਇਕੱਠੇ ਕਿਵੇਂ ਪਏ ਰਹਿੰਦੇ ਹਨ। ਦੂਜੇ ਪਾਸੇ ਇਹ ਵੀ ਪਤਾ ਲੱਗਾ ਕਿ ਬਣੇ ਹੋਏ ਨਿਊਕਲੀਅਸ਼ ਦਾ ਪੁੰਜ ਉਸ ਵਿੱਚ ਪ੍ਰੋਟਾਨਾ ਅਤੇ ਨਿਊਟ੍ਰਾਨਾ ਦੇ ਪੁੰਜ ਦੇ ਜੋੜ ਤੋਂ ਘਟ ਜਾਂਦਾ ਹੈ। ਇਹ ਗੱਲ ਵੀ ਹੈਰਾਨ ਕਰ ਦੇਣੀ ਵਾਲੀ ਸੀ ਕਿ ਉਹਨਾ ਕਣਾ ਦੇ ਪੁੰਜ ਦਾ ਕੁੱਝ ਹਿੱਸਾ ਨਿਊਕਲੀਅਸ ਬਣਨ ਵੇਲੇ ਗਾਇਬ ਹੋ ਜਾਂਦਾ ਹੈ। ਤਾਂ ਇਹ ਗੱਲ ਜਰਮਨੀ ਦੇ ਪ੍ਰਸਿੱਧ ਸਾਇੰਸਦਾਨ ਅਲਬਰਟ ਆਈਨਸਟਾਈਨ ਦੁਆਰਾ ਸੁਝਾਏ ਗਏ ਸਿਧਾਂਤ ਕਿ ਮਾਦਾ ਤੇ ਊਰਜਾ ਆਪਸ ਵਿੱਚ ਵਟਾਂਦਰਾ ਕਰਦੇ ਹਨ, ਤੋਂ ਸਮਝ ਵਿੱਚ ਆਈ ਕਿ ਉਹ ਗਾਇਬ ਹੋਇਆ ਪੁੰਜ ਆਪਣੇ ਆਪ ਨੂੰ ਊਰਜਾ ਵਿੱਚ ਬਦਲਦਾ ਹੈ। ਅਤੇ ਨਿਊਕਲੀਅਸ ਵਿੱਚ ਪਏ ਨਿੱਕੇ ਕਣਾਂ (ਪ੍ਰੋਟਾਨ ਅਤੇ ਨਿਊਟ੍ਰਾਨ) ਨੂੰ ਇਕੱਠੇ ਪਏ ਰਹਿਣ ਲਈ ਉਹਨਾ ਦੀ ਰਾਖੀ ਕਰਦਾ ਹੈ। ਇਸ ਊਰਜਾ ਦੇ ਬਲ ਨੂੰ ਨਿਊਕਲੀਅਰ ਫੋਰਸ ਕਿਹਾ ਜਾਂਦਾ ਹੈ। ਆਈਨਸਟਾਈਨ ਮੁਤਾਬਕ ਥੋੜਾ ਜਿਹਾ ਪਦਾਰਥ ਜਦ ਊਰਜਾ ਵਿੱਚ ਬਦਲਦਾ ਹੈ ਤਾਂ ਅਥਾਹ ਊਰਜਾ ਪੈਦਾ ਕਰਦਾ ਹੈ। ਉਸ ਅਨੁਸਾਰ ਮਾਦਾ ਊਰਜਾ ਵਿੱਚ ਹੇਠ ਲਿਖੇ ਅਨੁਸਾਰ ਬਦਲਦਾ ਹੈ।

ਊਰਜਾ = ਪੁੰਜ $(3\text{x}10^{8}\ n)^{2}$ ਕਿਲੋਗ੍ਰਾਮਾਂ

ਇਸ ਸਮੀਕਰਨ ਦੇ ਮੁਤਾਬਕ ਜੇ ਇਕ ਗ੍ਰਾਮ ਮਾਦਾ ਆਪਣੇ ਆਪ ਨੂੰ ਬਿਲਕੁੱਲ ਖਤਮ ਕਰਕੇ ਊਰਜਾ ਵਿੱਚ ਬਦਲੇ ਤਾਂ ਹੇਠ ਲਿਖੇ ਅਨੁਸਾਰ ਵੱਖ ਵੱਖ ਇਕਾਈਆਂ ਵਿੱਚ ਊਰਜਾ ਦੇਖੀ ਜਾ ਸਕਦੀ ਹੈ।

1 ਗ੍ਰਾਮ ਮਾਦਾ = $9\text{x}\ 10^{13}$ ਜੂਲ = 25 ਕਰੋੜ ਬਿਜਲੀ ਦੀਆਂ ਯੂਨਟਾਂ = $5.6\ \text{x}\ 10^{26}$ Mev

ਹੇਠ ਲਿਖੇ ਪਦਾਰਥਾਂ ਵਿੱਚੋਂ ਜੇ ਇੱਕ ਕਿ.ਗ੍ਰਾ. ਪਦਾਰਥ ਵਰਤਿਆ ਜਾਵੇ ਤਾਂ 100 ਵਾਟ ਦੇ ਬਲਬ ਨੂੰ ਹੇਠ ਲਿਖੇ ਸਮੇਂ ਤੱਕ ਜਗਦਾ ਰੱਖ ਸਕਦੇ ਹਾਂ :

ਪਾਣੀ	ਜੇ 50 ਮੀਟਰ ਤੋਂ ਸੁਟਿਆ ਜਾਵੇ	5 ਸੈਕਿੰਡ ਲਈ
ਕੋਲਾ	ਬਾਲਿਆ ਜਾਵੇ	8 ਘੰਟਿਆਂ ਲਈ
ਯੂਰੇਨੀਅਮ 235	ਫਿਸ਼ਨ ਰੀਐਕਸ਼ਨ	30 ਹਜਾਰ ਸਾਲ ਲਈ

ਨਿਊਕਲੀਅਰ ਰੀਐਕਸ਼ਨਜ਼ :- ਦੇਖਿਆ ਗਿਆ ਹੈ ਕਿ ਕਈ ਭਾਰੇ ਤੱਤਾਂ ਦੇ ਨਿਊਕਲੀਅਸ ਸਥਾਈ ਤੱਤ ਨਹੀਂ ਹਨ ਉਹ ਹਲਕੇ ਤੱਤਾਂ ਵਿੱਚ ਫੁਟਦੇ ਰਹਿੰਦੇ ਹਨ ਅਤੇ ਆਪਣੇ ਵਿੱਚੋਂ ਕੁੱਝ ਕਣਾ ਦਾ ਵਿਕੀਰਣ ਕਰਦੇ ਹਨ। ਅਤੇ ਬਹੁਤ ਸਾਰੀ ਊਰਜਾ ਨਿਕਲਦੀ ਹੈ ਜਾਂ ਕਈ ਵਾਰ ਸਥਾਈ ਨਿਊਕਲੀਅਸ ਵਿੱਚ ਕੋਈ ਕਣ ਮਾਰ ਕੇ ਉਸ ਨੂੰ ਉਕਸਾਇਆ ਜਾਂਦਾ ਹੈ। ਮੁੱਖ ਤੌਰ ਤੇ ਅਜਿਹੀ ਊਰਜਾ ਲੈਣ ਲਈ ਇਹਨਾਂ ਪ੍ਰਕਿਰਿਆਵਾਂ (ਰੀਐਕਸ਼ਨਜ) ਨੂੰ ਦੋ ਹਿਸਿਆਂ ਵਿੱਚ ਵੰਡਿਆਂ ਜਾਂਦਾ ਹੈ :-

ਨਿਉਕਲੀਅਸ ਐਕਸਪਲੋਜਨ (ਪ੍ਰਮਾਣੂ ਧਮਾਕੇ)
(ਕੰਟ੍ਰੋਲਡ ਜਾਂ ਅਨ ਕੰਟ੍ਰੋਲਡ)

ਫਿਸ਼ਨ — ਫਿਊਜਨ

(ਹੀਰੋਸੀਮਾ, ਨਾਗਾਸਾਕੀ) — (ਆਮ ਕੀਤੇ ਜਾਂਦੇ ਪ੍ਰਯੋਗਿਕ ਧਮਾਕੇ)

1. ਫਿਸਨ ਰੀਐਕਸ਼ਨ :- (ਵਿਖੰਡਨ ਕਿਰਿਆ) (ਟੁੱਟਣ ਦੀ ਕਿਰਿਆ) ਅਤੇ ਐਟਮ ਬੰਬ (ਪ੍ਰਮਾਣੂ ਬੰਬ):-ਇਸ ਵਿੱਚ ਇੱਕ ਭਾਰਾ ਨਿਊਕਲੀਅਸ ਹਲਕੇ ਨਾਭਿਕਾ ਵਿੱਚ ਟੁੱਟਦਾ ਹੈ ਅਤੇ ਬਹੁਤ ਸਾਰੀ ਊਰਜਾ ਨਿਕਲਦੀ ਹੈ। ਆਮ ਤੌਰ ਤੇ ਇਸ ਲਈ ਯੂਰੇਨੀਅਮ ਧਾਤ ਦੀ ਵਰਤੋਂ ਕੀਤੀ ਜਾਂਦੀ ਹੈ। ਇੱਕ ਨਿਊਟ੍ਰਾਨ ਯੂਰੇਨੀਅਮ ਦੇ ਨਿਊਕਲੀਅਸ ਵਿੱਚ ਮਾਰਿਆ ਜਾਂਦਾ ਹੈ। ਸਿੱਟੇ ਵਜੋਂ ਉਹ ਅਸਥਾਈ ਹੋ ਕੇ ਟੁੱਟ ਜਾਂਦਾ ਹੈ। ਬੇਰੀਅਮ ਅਤੇ ਕਰਿਪਟਾਨ ਨਾ ਦੇ ਦੋ ਨਿਊਕਲਸ ਬਣ ਜਾਂਦੇ ਹਨ। ਇਸ ਕਿਰਿਆ ਵਿੱਚ ਤਿੰਨ ਨਿਊਟ੍ਰਾਨ ਅਤੇ ਲੱਗਭੱਗ 200 ਮਿਲੀਅਨ ਇਲੈਕਟ੍ਰਾਨ ਵੋਲਟ (Mev.) ਊਰਜਾ ਪੈਦਾ ਹੁੰਦੀ ਹੈ। ਜਦੋਂ ਯੂਰੇਨੀਅਮ ਦੇ ਟੁਕੜੇ ਵਿੱਚ, ਜਿਸ ਵਿੱਚ ਯੂਰੇਨੀਅਮ ਦੇ ਲੱਖਾਂ ਪ੍ਰਮਾਣੂ ਹੁੰਦੇ ਹਨ, ਇਹ ਪ੍ਰਕਿਰਿਆ ਸੁਰੂ ਕੀਤੀ ਜਾਂਦੀ ਹੈ ਤਾਂ ਇੱਕ ਪ੍ਰਮਾਣੂ ਦੇ ਨਿਊਕਲੀਅਸ ਵਿੱਚੋਂ ਨਿਕਲੇ ਨਿਊਟ੍ਰਾਨ ਦੂਸਰੇ ਪਰਮਾਣੂਆਂ ਦੇ ਨਾਭਿਕਾ ਨਾਲੇ ਟਕਰਾ ਕੇ ਅੱਗੇ ਤੋਂ ਉਹਨਾਂ ਨੂੰ ਤੋੜਦੇ ਹਨ ਇਸ ਕਿਰਿਆਂ ਨੂੰ ਨਿਊਕਲੀਅਰ "ਚੇਨ ਰੀਐਕਸ਼ਨ " ਕਿਹਾ ਜਾਂਦਾ ਹੈ ਜੇ ਇਸ ਊਰਜਾ ਨੂੰ ਖੁੱਲਾ ਛੱਡਿਆ ਜਾਵੇ ਤਾਂ ਇਹ ਐਟਮ ਬੰਬ ਕਹਾਉਂਦਾ ਹੈ।

2. ਫਿਊਜਨ ਰੀਐਕਸ਼ਨ :- (ਸੰਯੋਜਨ ਕਿਰਿਆ) (ਜੁੜਨ ਦੀ ਕਿਰਿਆ) (ਥਰਮੋ ਨਿਊਕਲੀਅਰ ਰੀਐਕਸ਼ਨ) ਅਤੇ ਹਾਈਡਰੋਜਨ ਬੰਬ (ਸੁਪਰ ਬੰਬ) :-ਇਸ ਕਿਰਿਆ ਵਿੱਚ ਦੋ ਹਲਕੇ ਨਿਊਕਲੀਅਸ ਜੁੜਦੇ ਹਨ ਸਿੱਟੇ ਵਜੋਂ ਇੱਕ ਭਾਰੇ ਤੱਤ ਦਾ ਨਿਊਕਲੀਅਸ ਬਣਦਾ ਹੈ ਅਤੇ ਬਹੁਤ ਸਾਰੀ ਲੱਗਭੱਗ 24.7 Mev.ਊਰਜਾ ਪੈਦਾ ਹੁੰਦੀ ਹੈ। ਪ੍ਰੰਤੂ ਇਸ ਊਰਜਾ ਨੂੰ ਪੈਦਾ ਕਰਨ ਲਈ ਕੁੱਝ ਮੁਸ਼ਕਲਾਂ ਆਉਂਦੀਆਂ ਹਨ। ਇਸ ਕਿਰਿਆ ਨੂੰ

ਸ਼ੁਰੂ ਹੋਣ ਲਈ ਬਹੁਤ ਹੀ ਉੱਚਾ ਤਾਪਮਾਨ ਚਾਹੀਦਾ ਹੈ। ਲੱਗਭੱਗ ਇੱਕ ਕਰੋੜ ਡਿਗਰੀ ਸੈਂਟੀਗਰੇਡ। ਦੂਸਰਾ ਇਹ ਕਿ ਇੰਨੇ ਉੱਚੇ ਤਾਪਮਾਨ ਤੋਂ ਕੋਈ ਭਾਂਡਾ (Container) ਇਸ ਸਾਰੇ ਪਦਾਰਥ ਨੂੰ ਸਾਂਭ ਕੇ ਨਹੀਂ ਰੱਖ ਸਕਦਾ ਕਿਉਂਕਿ ਉਹ ਪਿਘਲ ਕੇ ਗੈਸ ਬਣ ਜਾਵੇਗਾ। ਇਹ ਦੋ ਪ੍ਰਸਥਿਤੀਆਂ ਸੂਰਜ ਦੇ ਅੰਦਰ ਮਿਲਦੀਆਂ ਹਨ। ਸੂਰਜ ਵਿਚਲੀ ਹਾਈਡਰੋਜਨ ਗੈਸ ਹੀਲੀਅਮ ਵਿੱਚ ਬਦਲ ਰਹੀ ਹੈ। ਇੰਨੇ ਉਚੇ ਤਾਪਮਾਨ ਤੇ ਪ੍ਰਮਾਣੂ ਦੇ ਇਲੈਕਟ੍ਰਾਨ ਨਿਊਕਲੀਅਸ ਨੂੰ ਛੱਡ ਦਿੰਦੇ ਹਨ। ਇਹੋ ਜਿਹੀ ਗੈਸ ਜਿਸ ਵਿੱਚ ਨਿਊਕਲੀਅਸ ਅਤੇ ਇਲੈਕਟ੍ਰਾਨ ਅਲੱਗ ਅਲੱਗ ਹੋਣ ਉਸ ਨੂੰ ਪਲਾਜਮਾ ਕਿਹਾ ਜਾਂਦਾ ਹੈ। ਇਸਨੂੰ ਮਾਦੇ ਦੀ ਚੌਥੀ ਅਵਸਥਾ ਵੀ ਕਿਹਾ ਜਾਂਦਾ ਹੈ। ਸੂਰਜ ਤੋਂ ਲਗਾਤਾਰ ਫਿਊਜਨ ਕਿਰਿਆ ਦੀ ਊਰਜਾ ਚੁਫੇਰੇ ਫੈਲ ਰਹੀ ਹੈ। ਇੱਕ ਅੰਦਾਜੇ ਮੁਤਾਬਕ ਸੂਰਜ ਲੱਗਭੱਗ 30 ਅਰਬ ਸਾਲ ਤੱਕ ਆਪਣੀ ਹਾਈਡਰੋਜਨ ਨੂੰ ਫਿਊਜ ਕਰਕੇ ਊਰਜਾ ਦਿੰਦਾ ਰਹੇਗਾ। ਇਸੇ ਫਿਊਜਨ ਊਰਜਾ ਤੋਂ ਹਾਈਡਰੋਜਨ ਬੰਬ ਬਣਾਇਆ ਜਾਂਦਾ ਹੈ। ਇਸ ਵਾਸਤੇ ਉਚ ਤਾਪਮਾਨ ਐਟਮ ਬੰਬ ਤੋਂ ਲਿਆ ਜਾਂਦਾ ਹੈ।

ਪ੍ਰਮਾਣੂ ਊਰਜਾ ਦੀ ਉਸਾਰੂ ਅਤੇ ਮਾਰੂ ਕੰਮਾਂ ਲਈ ਵਰਤੋਂ :-

ਇਸ ਊਰਜਾ ਨੂੰ ਜੇ ਕੰਟਰੋਲ ਕਰਕੇ ਵਰਤਿਆ ਜਾਵੇ ਤਾਂ ਇਹ ਮਨੁੱਖਤਾ ਲਈ ਵਰਦਾਨ ਸਿੱਧ ਹੋ ਸਕਦੀ ਹੈ। ਇਸ ਊਰਜਾ ਦੇ ਕੰਟ੍ਰੋਲਡ ਰੀਐਕਸਨ ਨੂੰ ਪ੍ਰਮਾਣੂ ਭੱਠੀ (ਪ੍ਰਮਾਣੂ ਪਲਾਂਟ), ਨਿਊਕਲੀਅਰ ਰੀਐਕਟਰ ਜਾਂ ਅਟੌਮਿਕ ਪਾਈਲ ਕਿਹਾ ਜਾਂਦਾ ਹੈ। ਜੇ ਇਸ ਦੀ ਲਗਾਮ ਖੁੱਲ੍ਹੀ ਛੱਡ ਦਿੱਤੀ ਜਾਵੇ ਤਾਂ ਇਹ ਬੰਬ ਦੇ ਰੂਪ ਵਿੱਚ ਤਬਾਹੀ ਕਰਦੀ ਹੈ। ਸਭ ਤੋਂ ਪਹਿਲਾਂ ਜਦੋਂ ਜਰਮਨ ਦੇ ਹਾਨਸ ਅਤੇ ਸਟਰੈਸਮੈਨ ਨੇ 1938 ਵਿੱਚ ਪ੍ਰਮਾਣੂ ਊਰਜਾ ਸੰਬੰਧੀ ਖੋਜ ਕੀਤੀ ਅਤੇ 1940 ਤੱਕ ਇਸ ਉਤੇ ਲੱਗਭੱਗ 100 ਪੇਪਰ ਪਬਲਿਸ਼ ਹੋ ਚੁੱਕੇ ਸਨ ਅਤੇ ਉਦੋਂ ਹੀ 1939 ਵਿੱਚ ਦੂਜਾ ਸੰਸਾਰ ਯੁੱਧ ਸ਼ੁਰੂ ਹੋ ਚੁਕਿਆ ਸੀ। ਇਸ ਤੇ ਸਭ ਤੋਂ ਪਹਿਲਾ ਪ੍ਰਮਾਣੂ ਰੀਐਕਟਰ ਅਮਰੀਕਾ ਵਿਖੇ 1941 ਵਿੱਚ ਐਨਰੀਕੋ ਫਰਮੀ ਨੇ ਤਿਆਰ ਕੀਤਾ। ਇਹ ਉਹ ਸਮਾਂ ਸੀ ਜਦੋਂ ਮਨੁੱਖ ਨੇ ਪ੍ਰਮਾਣੂ ਊਰਜਾ ਨੂੰ ਲੈ ਕੇ ਚੰਗੇ ਅਤੇ ਮਾੜੇ ਪਾਸੇ ਪੈਰ ਧਰਿਆ। 2 ਦਸੰਬਰ 1942 ਨੂੰ ਸਿਕਾਂਗੋ ਯੂਨੀਵਰਸਿਟੀ ਵਿਖੇ ਫਰਮੀ ਨੇ ਚੇਨ ਰੀਐਕਸ਼ਨ ਦਾ ਪਹਿਲਾ ਤਜਰਬਾ ਕੀਤਾ। ਇਸ ਤੋਂ ਬਿਨਾਂ ਹਾਨਫੋਰਡ ਵਿਖੇ ਕੋਲੰਬੀਆ ਦਰਿਆ ਦੇ ਕਿਨਾਰੇ ਪਲਾਟੋਨੀਅਮ ਪੈਦਾ ਕਰਨ ਵਾਲਾ ਪਲਾਂਟ ਲਾਇਆ ਗਿਆ। ਅਤੇ ਓਕਰਿਜ ਵਿਖੇ ਯੂਰੇਨੀਅਮ 238 ਤੋਂ 235 ਤਿਆਰ ਕਰਨ ਵਾਲਾ ਪਲਾਂਟ ਲਾਇਆ ਗਿਆ ਜਿਹੜਾ ਪ੍ਰਮਾਣੂ ਊਰਜਾ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ।

ਲੱਗਭੱਗ 1945 'ਚ 'ਰੋਬਰਟ ਓਪਨਹਾਈਮਰ ' ਦੀ ਅਗਵਾਈ ਵਿੱਚ 'ਲਾਸ ਐਲਮਸ ਲੈਬਾਰਟਰੀ ਆਫ ਨਿਊ ਮੈਕਸੀਕੋ ' ਜਿਹੜੀ ਕਿ ਕੈਲੋਫੌਰਨੀਆਂ ਯੂਨੀਵਰਸਿਟੀ ਦੇ ਅੰਡਰ ਅਮਰੀਕਾ ਦੇ ਪ੍ਰਮਾਣੂ ਪ੍ਰੋਗਰਾਮ ਵਾਸਤੇ ਕੰਮ ਕਰਦੀ ਸੀ ਵਿਖੇ ਪਹਿਲੀ ਵਾਰ ਤਿੰਨ ਪ੍ਰਮਾਣੂ ਬੰਬ ਤਿਆਰ ਕੀਤੇ ਗਏ। ਇਹਨਾਂ ਵਿੱਚ ਦੋ ਪਲਾਟੋਨੀਅਮ ਬੰਬ ਅਤੇ ਇੱਕ ਯੂਰੇਨੀਅਮ ਬੰਬ ਸੀ। ਇਹ ਬੰਬ 20000 ਟਨ ਟੀ ਐਨ ਟੀ (ਬਰੂਦੀ ਪਦਾਰਥ) ਦੇ ਬਰਾਬਰ ਸੀ । 16 ਜੁਲਾਈ 1945 ਨੂੰ ਇੱਕ ਪਲਾਟੋਨੀਅਮ ਬੰਬ ਦਾ ਅੰਡਰਗਰਾਊਂਡ ਟੈਸਟ ਐਲਮੋਗਾਰਡੋ ਵਿਖੇ ਕੀਤਾ ਗਿਆ। ਦੂਸਰਾ ਯੁਰੇਨੀਅਮ ਬੰਬ 6 ਅਗਸਤ 1945 ਨੂੰ ਸਵੇਰੇ ਸਵਾ ਅੱਠ ਵਜੇ ਅਮਰੀਕਾ ਵੱਲੋਂ ਜਪਾਨ ਦੇ ਪਸਿੱਧ ਸ਼ਹਿਰ ਹੀਰੋਸ਼ੀਮਾ ਉਤੇ ਬੀ 29 ਏਅਰ ਕਰਾਫਟ ਰਾਹੀਂ 2000 ਫੁੱਟ ਦੀ ਉਚਾਈ ਤੋਂ ਸੁੱਟਿਆ ਗਿਆ । ਤੀਸਰਾ ਪਲਾਟੋਨੀਅਮ ਬੰਬ 9 ਅਗਸਤ 1945 ਨੂੰ ਇੱਕ ਹੋਰ ਸ਼ਹਿਰ ਨਾਗਾਸਾਕੀ ਉਤੇ ਸੁਟਿਆ ਗਿਆ। ਇਹ ਮਨੁੱਖ ਦੀ ਮਨੁੱਖ ਉਤੇ ਦਰਿੰਦਗੀ ਦੀ ਹੱਦ ਸੀ। ਹੀਰੋਸ਼ੀਮਾ ਲੱਗਭੱਗ 75000 ਘਰਾਂ ਦਾ ਘੁੱਗ ਵਸਦਾ ਸ਼ਹਿਰ ਸੀ ਜਿਹਨਾਂ ਵਿੱਚੋਂ 7000 ਘਰ ਬਿਲਕੁੱਲ ਤਬਾਹ ਹੋ ਗਏ ਅਤੇ ਬਾਕੀ ਦੇ ਘਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਬਾਕੀ ਹੋਏ ਨੁਕਸਾਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਮੱਦ	ਹੀਰੋਸ਼ੀਮਾ	ਨਾਗਾਸਾਕੀ
ਮਾਰੇ ਗਏ ਲੋਕ	78150	23753
ਗੁੰਮ ਹੋਏ	13983	1924
ਜਖਮੀ ਹੋਏ	37424	23345
ਜਿਨ੍ਹਾਂ ਤੇ ਹੋਰ ਅਸਰ ਪਏ	235656	89025
ਕੁੱਲ	365213	138047

ਇਹ ਯੁੱਧ ਹਉਮੈਂ, ਕ੍ਰੋਧ, ਇਲਾਕੇ ਜਿੱਤਣ ਅਤੇ ਤਾਕਤ ਹਥਿਆਉਣ ਵਰਗੀਆਂ ਲਾਲਸਾਵਾਂ ਵਿੱਚੋਂ ਉਪਜਦੇ ਹਨ ਅਤੇ ਕੁੱਝ ਲੋਕਾਂ ਕਰਕੇ ਇਹ ਲੜਾਈਆਂ ਸ਼ੁਰੂ ਹੁੰਦੀਆਂ ਹਨ। ਪਰ ਆਮ ਲੋਕਾਂ ਨੂੰ ਇਹਨਾਂ ਲੜਾਈਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਦੂਜੇ ਸੰਸਾਰ ਯੁੱਧ ਵਿੱਚ ਲੱਗਭੱਗ 50 ਲੱਖ ਟਨ ਧਮਾਕਾ ਸਮੱਗਰੀ ਵਰਤੀ ਗਈ ਹਜਾਰਾਂ ਮਿਲੀਅਨ ਦੇ ਖਰਚ ਤੋਂ ਇਲਾਵਾ ਲੱਗਭੱਗ 300 ਤੋਂ 400 ਮਿਲੀਅਨ ਦੀ ਤਬਾਹੀ ਹੋਈ । ਇੱਕ ਕਰੋੜ ਸੈਨਿਕ ਅਤੇ ਦੋ ਕਰੋੜ ਨਾਗਰਿਕ ਮਾਰੇ ਗਏ। ਜਦੋਂ ਪ੍ਰਮਾਣੂ ਬੰਬ ਵਰਤਿਆ ਜਾਂਦਾ ਹੈ ਤਾਂ ਤਬਾਹੀ ਦੇ ਚਾਰ ਮੁੱਖ ਕਾਰਨ ਹੇਠ ਲਿਖੇ ਹੁੰਦੇ ਹਨ :-

1. ਪਹਿਲਾ ਕਾਰਨ ਹਵਾ ਦੇ ਦਬਾਅ ਦਾ ਵਾਧਾ ਹੈ ਜਿਸ ਨਾਲ ਧਮਾਕੇ ਦੀਂ ਲਹਿਰ ਦਸ ਮੀਲ ਦੇ ਦਾਇਰੇ ਅੰਦਰ ਹਰ ਕਿਸਮ ਦੇ ਮਕਾਨ ਦਾ ਮਲੀਆਮੇਟ ਕਰ ਦਿੰਦੀ ਹੈ ਅਤੇ ਸੁੱਟੇ ਹੋਏ ਸਥਾਨ ਤੇ ਡੂੰਘੇ ਟੋਏ ਪੁੱਟੇ ਜਾਂਦੇ ਹਨ ਜਿਸ ਨੂੰ ਗਰਾਊਂਡ ਜੀਰੋ (Ground Zero) ਕਹਿੰਦੇ ਹਨ।
2. ਦੂਸਰਾ ਕਾਰਨ ਗਰਮੀ ਦੀ ਲਹਿਰ ਹੈ ਜੋ ਰਾਹ ਵਿੱਚ ਆਉਣ ਵਾਲੀ ਹਰ ਸ਼ੈਅ ਨੂੰ ਫੂਕ ਕੇ ਧਰ ਦਿੰਦੀ ਹੈ ਅਤੇ ਸਰੀਰ ਉਪਰ ਜਲਣ ਦੇ ਦਾਗ ਪੈ ਜਾਂਦੇ ਹਨ।
3. ਤੀਸਰਾ ਕਾਰਨ ਵਿਕਰਨਸ਼ੀਲ ਕਿਰਨਾਂ ਹਨ ਜੋ ਗੈਸਾ ਕਿਰਨਾਂ ਅਤੇ ਨਿਊਟ੍ਰਾਨਾਂ ਦੇ ਰੂਪ ਵਿੱਚ ਨੁਕਸਾਨ ਪਹੁਚਾਉਂਦੀਆਂ ਹਨ।
4. ਚੌਥਾ ਕਾਰਨ ਕਾਫੀ ਦੇਰ ਤੱਕ ਮਾਰ ਕਰਦਾ ਹੈ। ਇਹ ਵਿਖੰਡਤ ਟੁਕੜਿਆਂ ਦੀ ਵਿਕਿਰਨ ਸ਼ੀਲਤਾ ਹੈ ਜੋ ਬੰਬ ਦੇ ਫਟਣ ਬਾਅਦ ਬਚੇ ਰਹਿੰਦੇ ਹਨ।

ਇੱਥੇ ਹੀ ਬੱਸ ਨਾ ਹੋਈ ਵੱਖ ਵੱਖ ਦੇਸ਼ ਖਾਸ ਕਰ ਅਮਰੀਕਾ ਅਤੇ ਰੂਸ ਇੱਕ ਦੂਜੇ ਨੂੰ ਪਿੱਛੇ ਛੱਡਣ ਦੀ ਦੌੜ ਵਿੱਚ ਹੋਰ ਖਤਰਨਾਕ ਹਥਿਆਰ ਬਣਾਉਣ ਵਿੱਚ ਜੁਟ ਗਏ। ਅਮਰੀਕਾ ਨੇ ਪਹਿਲਾ ਹਾਈਡਰੋਜਨ ਬੰਬ (ਥਰਮੋ ਨਿਊਕਲੀਅਰ ਟੈਸਟ) ਪੈਸਫਿਕ ਸਾਗਰ (Marshal Island) ਵਿਖੇ ਇੱਕ ਨਵੰਬਰ 1952 ਨੂੰ ਕੀਤਾ। ਅਗਸਤ 1954 ਨੂੰ ਰੂਸ ਨੇ ਲਿਥੀਅਮ ਡਿਉਟ੍ਰਾਈਡ ਅਧਾਰਤ ਥਰਮੋ ਨਿਊਕਲੀਅਰ ਟੈਸਟ ਕੀਤਾ। ਮਾਰਚ 1953 ਵਿੱਚ ਅਮਰੀਕਾ ਵੱਲੋਂ Bikini ਵਿਖੇ H-Bomb ਦਾ ਟੈਸਟ ਕੀਤਾ ਗਿਆ ਜਿਹੜਾ ਡੇਢ ਕਰੋੜ ਟਨ ਟੀ ਐਨ ਟੀ ਦੇ ਬਰਾਬਰ ਸੀ। ਇਸੇ ਤਰਾਂ 1 ਨਵੰਬਰ 1955 ਨੂੰ ਰੂਸ ਨੇ ਹਵਾ ਵਿੱਚ ਟੈਸਟ ਕੀਤਾ। 21 ਮਈ 1956 ਨੂੰ ਅਮਰੀਕਾ ਨੇ ਵੀ 15 ਮਿਲੀਅਨ ਟਨ ਦਾ ਬੀ-52 ਜੈਟ ਬੰਬਾਰ ਰਾਹੀਂ ਹਵਾ ਦੀਆਂ ਉਚਾਈਆਂ ਵਿੱਚ ਧਮਾਕਾ ਕੀਤਾ।

ਇਕੋ ਜਿਹੀ ਊਰਜਾ ਪੈਦਾ ਕਰਨ ਲਈ ਵੱਖ ਵੱਖ ਪਦਾਰਥ ਹੇਠ ਲਿਖੇ ਅਨੁਸਾਰ ਹਨ :

ਆਮ ਬਰੂਦੀ ਪਦਾਰਥ ਟੀ.ਐਨ.ਟੀ	ਯੂਰੇਨੀਅਮ ਦੇ ਅਟੌਮਿਕ ਬੰਬ	ਫਿਸਨ ਹਾਈਡਰੋਜਨ ਬੰਬ (ਥਰਮੋਨਿਊਕਲੀਅਰ)
ਲੱਗਭੱਗ 20000 ਟਨ	ਲੱਗਭੱਗ 8 ਕਿਲੋਗ੍ਰਾਮ	ਲੱਗਭੱਗ 0.5 ਕਿਲੋਗ੍ਰਾਮ

ਅੱਜ ਤੱਕ ਬਹੁਤ ਸਾਰੇ ਦੇਸ਼ ਅੰਦਰੋ ਅੰਦਰੀ ਇਸ ਦੌੜ ਵਿੱਚ ਸ਼ਾਮਲ ਹੋ ਚੁੱਕੇ ਹਨ। ਜਿਹਨਾਂ ਵਿੱਚ ਕੁੱਝ ਦੇਸ਼ਾਂ ਵੱਲੋਂ ਕੀਤੇ ਗਏ ਧਮਾਕਿਆਂ ਦਾ ਵੇਰਵਾ ਹੇਠਾ ਦਿੱਤਾ ਜਾ ਰਿਹਾ ਹੈ।

ਦੇਸ਼ ਦਾ ਨਾਂ	ਸਾਲ	ਪ੍ਰਮਾਣੂ ਤਜਰਬੇ
ਅਮਰੀਕਾ	1945 ਤੋਂ 1992 ਤੱਕ	1032
ਰੂਸ	1946 ਤੋਂ 1990 ਤੱਕ	715
ਫਰਾਂਸ	1961 ਤੋਂ 1996 ਤੱਕ	210
ਬਰਤਾਨੀਆ	1952 ਤੋਂ 1991 ਤੱਕ	45
ਚੀਨ	1964 ਤੋਂ 1996 ਤੱਕ	45
ਭਾਰਤ	1974 ਤੋਂ 1998 ਤੱਕ	6
ਪਾਕਿਸਤਾਨ	1998 ਵਿੱਚ	6

ਪ੍ਰਮਾਣੂ ਊਰਜਾ ਦੀ ਉਸਾਰੂ ਕੰਮਾਂ ਲਈ ਵਰਤੋਂ :-

ਬਹੁਤ ਸਾਰੇ ਦੇਸ਼ਾਂ ਵੱਲੋਂ ਪ੍ਰਮਾਣੂ ਊਰਜਾ ਨੂੰ ਬਿਜਲੀ ਪੈਦਾ ਕਰਨ, ਖੋਜਾਂ ਕਰਨ ਅਤੇ ਪ੍ਰਮਾਣ ਬਾਲਣ ਤਿਆਰ ਕਰਨ ਲਈ ਪ੍ਰਮਾਣੂ ਰੀਐਕਟਰ ਲਾਏ ਗਏ ਹਨ। ਭਾਰਤ ਵਿੱਚ ਇਸ ਤਰ੍ਹਾਂ ਦੇ ਪ੍ਰਮਾਣੂ ਰੀਐਕਟਰ ਲਾਏ ਗਏ ਹਨ। ਜੋ ਹੇਠ ਦਿੱਤੇ ਗਏ ਹਨ :-

1. ਮਹਾਰਾਸ਼ਟਰ ਵਿਖੇ ਤਾਰਾਪੁਰ ਪ੍ਰਮਾਣੂ ਪਲਾਂਟ 420 ਮੈਗਾਵਾਟ ਸ਼ਕਤੀ।
2. ਰਾਜਸਥਾਨ ਵਿੱਚ ਕੋਟਾ ਨਜਦੀਕ ਰਾਣਾ ਪ੍ਰਤਾਪ ਸਾਗਰ 440 ਮੈਗਾਵਾਟ ਸ਼ਕਤੀ ।
3. ਮਦਰਾਸ ਵਿਖੇ ਕਲਪੱਕਮ 420 ਮੈਗਾਵਾਟ ਸ਼ਕਤੀ ।
4. ਉਤਰ ਪ੍ਰਦੇਸ਼ ਵਿਖੇ ਨਰੋਗ 470 ਮੈਗਾਵਾਟ ਸ਼ਕਤੀ

ਇਹਨਾਂ ਵਿੱਚ ਪਹਿਲਾਂ 'ਅਪਸਰਾਂ ' ਨਾਂ ਦਾ ਰੀਐਕਟਰ ਬਾਲਣ ਤਿਆਰ ਕਰਨ ਤੇ ਆਈਸੋਟੋਪ ਤਿਆਰ ਕਰਦਾ ਹੈ ਜੋ ਅਨੇਕਾਂ ਪ੍ਰਯੋਗਸਾਲਾਂਵਾਂ ਨੂੰ ਭੇਜੇ ਜਾਂਦੇ ਹਨ। ਇਸ ਵਿੱਚੋਂ ਨਿੱਕਲੇ ਨਿਊਟ੍ਰਾਨਾਂ ਨੂੰ ਜੈਨੇਟਿਕ ਸਟੱਡੀ ਆਦਿ ਲਈ ਵਰਤਿਆ ਜਾਂਦਾ ਹੈ। ਦੂਸਰਾ 'ਸਾਇਰਸ ' (ਕਨੇਡਾ-ਇੰਡੀਆ ਰੀਐਕਟਰ ਯੁਟਿਲਿਟੀ ਸਰਵਿਸ) ਆਪਣੀ ਕਿਸਮ ਦੇ ਸੰਸਾਰ ਦੇ ਵੱਡੇ ਰਿਐਕਟਰਾਂ ਵਿੱਚੋਂ ਇੱਕ ਹੈ। ਤੀਸ... ਜਰਲੀਨਾ ਆਈਸੋਟੋਪ ਤਿਆਰ ਕਰਨ ਅਤੇ ਪ੍ਰਮਾਣੂ ਬਾਲਣ ਤਿਆਰ ਕਰਨ ਲਈ ਅਤੇ ਹੋਰ ਪ੍ਰਬੰਧਾਂ ਲਈ। ਇਸੇ ਤਰ੍ਹਾਂ ਚੌਥਾ ਰੀਐਟਰ ਵਰਤੋਂ ਵਿੱਚ ਲਿਅਇਆ ਜਾਂਦਾ ਹੈ । ਇਸ ਤੋਂ ਬਿਨਾਂ ਪ੍ਰਮਾਣੂ ਊਰਜਾ ਨੂੰ ਹੋਰ ਅਨੇਕਾਂ ਫਾਇਦਿਆਂ ਲਈ ਵਰਤਿਆ ਜਾ ਸਕਦਾ ਹੈ।

1. ਰੇਡੀਓ ਆਈਸੋਟੋਪਾਸ ਨੂੰ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਵਰਤਿਆਂ ਜਾਂਦਾ ਹੈ ਅਤੇ ਨਵੇਂ ਬੀਜ ਤਿਆਰ ਕੀਤੇ ਜਾ ਸਕਦੇ ਹਨ।
2. ਕਾਰਖਾਨਿਆਂ ਵਿੱਚ ਧਾਤਾਂ ਵਿੱਚ ਬਰੀਕ ਤਰੇੜਾਂ ਲੱਭਣ ਲਈ ਅਤੇ ਪਾਣੀ ਦੇ, ਤੇਲ ਦੇ ਪਾਈਪਾਂ ਵਿੱਚ ਲੀਕੇਜ ਲੱਭਣ ਲਈ।
3. ਡੁਬਕਣੀਆਂ ਕਿਸ਼ਤੀਆਂ ਚਲਾਉਣ ਲਈ । 'ਨੋਟੀਲਸ ' ਅਮਰੀਕਾ ਦੀ ਪਹਿਲੀ ਡੁਬਕਣੀ ਕਿਸ਼ਤੀ ਹੈ ਜੋ ਕਿ ਪ੍ਰਮਾਣੂ ਊਰਜਾ ਨਾਲ ਚਲਦੀ ਹੈ। ਇਸ ਕਿਸ਼ਤੀ ਨੇ 8 ਪੌਂਡ ਯੁਰੇਨੀਅਮ ਵਰਤ ਕੇ ਇੱਕ ਸਾਲ ਵਿੱਚ ਸੱਠ ਹਜਾਰ ਮੀਲ ਸਫਰ ਤਹਿ ਕੀਤਾ ਜੇ ਤੇਲ ਵਰਤਣਾ ਹੁੰਦਾ ਤਾਂ ਦਸ ਹਜਾਰ ਟਨ ਲੱਗਦਾ।
4. ਪੁਲਾੜ ਵਿੱਚ ਸਫਰ ਕਰਨ ਲਈ।
5. ਧਰਤੀ ਅੰਦਰ ਤੇਲ ਅਤੇ ਗੈਸ ਦੇ ਭੰਡਾਰ ਲੱਭਣ ਲਈ।

ਅੱਜ ਲੋੜ ਹੈ ਕਿ ਇਸ ਊਰਜਾ ਦਾ ਸਦਉਪਯੋਗ ਕਰਨ ਦੀ। ਅੱਜ ਸਮਾਂ ਮੰਗ ਕਰਦਾ ਹੈ ਕਿ ਸਾਰੀ ਦੁਨੀਆਂ ਦੇ ਲੋਕ ਭਾਵੇਂ ਉਹ ਕਿਸੇ ਵੀ ਦੇਸ਼ ਨਾਲ ਸੰਬੰਧ ਰੱਖਦੇ ਹੋਣ, ਇਸ ਸ਼ਕਤੀ ਦੀ ਮਨੁੱਖਤਾ ਦੇ ਭਲੇ ਲਈ ਵਰਤੋਂ ਦੀ ਹਾਮੀ ਭਰਨ। ਅਗਰ ਅਸੀਂ ਅਜਿਹਾ ਨਹੀਂ ਕਰਦੇ ਤਾਂ ਇੰਨੇ ਲੰਬੇ ਸਮੇਂ ਤੋਂ ਸ਼ਾਂਤੀ ਪਸੰਦ ਮਹਾਨ ਚਿੰਤਕਾਂ, ਦਾਰਸ਼ਨਿਕਾਂ ਤੇ ਵਿਗਿਆਨੀ ਜਿਹਨਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਵਿਗਿਆਨਕ ਸ਼ਕਤੀ ਦੀ ਵਰਤੋਂ ਤਬਾਹੀ ਲਈ ਕੀਤੀ ਜਾਵੇਗੀ, ਦੀਆਂ ਕੀਤੀਆਂ ਅਣਥਕ ਘਾਲਾਂ ਦੇ ਉਦੇਸ਼ਾਂ ਤੋਂ ਦੂਰ ਜਾ ਰਹੇ ਹੋਵਾਂਗੇ ਅਤੇ ਭਵਿਖ ਸਾਨੂੰ ਕਦੇ ਵੀ ਮਾਫ ਨਹੀਂ ਕਰ ਸਕੇਗਾ

ਪਿੰਡ ਦੀ ਸੱਥ 'ਚੋਂ

ਐਸ. ਬਰਜਿੰਦਰ

ਸੁੱਖਾ:- ਓ ਕਿਵੇਂ ਆ ਭਾਈ ਮੈਂਬਰਨੀਏ, ਬਦਰੀ ਨੂੰ ਸਵੱਖਤੇ ਈ ਕਿੱਧਰ ਨੂੰ ਖਿਚਿਐ? ਸੁੱਖ ਤਾਂ ਹੈ ?

ਜੈਲੋ:- ਸੁੱਖ ਕਾਹਦੀ ਭਾਈ , ਬਦਰੀ ਦੀ ਘਰਵਾਲੀ ਸੱਤ ਦਿਨਾਂ ਤੋਂ ਮੰਜੇ ਤੇ ਪਈ ਐ, ਦਵਾਈ ਬੂਟੀ ਅੱਲੋਂ ਕੋਈ ਕਸਰ ਨੀ ਛੱਡੀ, ਮੈਂ ਕਿਹਾ ਚਲੋਂ ਉਹ ਜਾਣੇ ਭਲਾ ਹੋ ਜੇ, ਮੈਂ ਇਹਨੂੰ ਪੰਜੀ ਪੀਂਰੀ ਲੈ ਕੇ ਚੱਲੀ ਸੀ ਬਾਬਿਆਂ ਦੇ।

ਸੁੱਖਾ:- ਓਏ ਕਿਆ ਹੋ ਗਿਆ ਬਦਰੀ ਸਿਆਂ, ਜਿਆਦਾ ਬਿਮਾਰ ਐ ਜਮਨਾ?

ਬਦਰੀ:- ਹਮਾਰ ਤੋਂ ਕਿਸਮਤ ਹੀ ਖਰਾਬ ਹੈ,ਪਾਂਚ ਰੋਜ ਸੇ ਕਾਮ ਨਹੀਂ ਮਿਲਾ, ਊਪਰ ਸੇ ਜਮਨਾ ਕੋ ਬੁਖਾਰ ਹੈ। ਡਾਕਟਰ ਬਾਬੂ ਨੇ ਬਹੁਤ ਕੋਸ਼ਿਸ਼ ਕਿਆ ਮਗਰ ਕੋਈ ਫਰਕ ਨਹੀਂ ਪੜਾ, ਅਬ ਈਹ ਮੰਬਰ ਸਾਹਬ ਕਹਿਤ ਹੈਂ ਕਿ ਬਾਬਾ ਕੇ ਮੰਨਤ ਮਾਂਗਨੇ ਸੇ ਬੜੀ ਸੇ ਬੜੀ ਬੀਮਾਰੀ ਹਟ ਜਾਤੀ ਹੈ ਊਈ ਕੇ ਵਾਸਤੇ ਜਾ ਰਹੇ ਹੈਂ ਹਮ।

ਸੁੱਖਾ:- ਉਏ ਭਲੀਏ ਲੋਕੇ ਕਿਉਂ ਗਰੀਬ ਬੰਦੇ ਨੂੰ ਚੱਕਰਾਂ 'ਚ ਪਾਉਨੀ ਐਂ, ਇਹਨੂੰ ਸ਼ਹਿਰ 'ਚ ਕਿਸੇ ਚੰਗੇ ਡਾਕਟਰ ਨੂੰ ਦਿਖਾਓ ।

ਜੈਲੋ:- ਡਾਕਟਰ ਨੂੰ ਦਿਖਾਉਣ ਆਲੀ ਬੀਮਾਰੀ ਹੋਊ ਤਾਂ ਈ ਦਿਖਾਈਏ, ਉਹਦੀ ਤਾਂ ਨਿਗਾ ਈ ਓਪਰੀ ਹੋਈ ਵੀ ਐ । ਸਾਰੀ ਦਿਹਾੜੀ ਅਵਾ ਤਵਾ ਈ ਬੋਲਦੀ ਰਹਿੰਦੀ ਐ।

ਜੰਟਾ:- ਓਏ ਮੇਰੀ ਮੰਨ ਲਓ ਬਦਰੀ, ਸਿੱਧਾ ਘੋਰੀ ਬਾਬੇ ਦੇ ਪੈਰ ਫੜ ਲੈ ਜਾ ਕੇ, ਲੱਖੇ ਦੀ ਬਹੂ ਦਾ ਕੋਈ ਹਾਲ ਸੀ, ਕਿਵੇਂ ਕਮਲੀ ਹੋਈ ਵੀ ਸੀ। ਉਹਨੇ ਤਾਂ ਆਵਦੇ ਸਿਰ ਦੇ ਵਾਲ ਖਿਚ-ਖਿਚ ਬੁਰਾ ਹਾਲ ਕਰ ਲਿਆ ਸੀ ਤੇ ਬਾਬਿਆਂ ਦੇ ਮਾੜਾ ਜਿਹਾ ਸਿਰ ਤੇ ਹੱਥ ਧਰਨ ਦੀ ਦੇਰ ਸੀ ਓਪਰੀ ਹਵਾ ਛੂ ਮੰਤਰ ਹੋ ਗਈ ਤੇ ਦਿਨਾਂ 'ਚ ਉਹਦੀ ਬਹੂ ਟੱਲੀ ਅਰਗੀ ਹੋਗੀ। ਮੰਨ ਲੈ ਮੇਰੀ ਬਿੰਦ 'ਚ ਰਾਮ ਆਜੂ।

ਸੁੱਖਾ:- ਓਏ ਬਦਰੀ ਸਿਆਣਾ ਬਣ, ਤੂੰ ਇਹਨਾਂ ਦੇ ਆਖੇ ਕਿਉਂ ਲੱਗਤੈਂ ਤੇਰੀ ਘਰਵਾਲੀ ਕੇ ਸਿਰ ਨੂੰ ਬੁਖਾਰ ਚੜਿਆ ਏਸ ਕਰਕੇ ਉਹ ਅਵਾ ਤਵਾ ਬੋਲਦੀ ਐ, ਓਪਰੀ ਕਸਰ ਕੁਛ ਨੀ ਹੋਤੀ, ਮੇਰੀ ਤਾਂ ਸਾਰੀ ਉਮਰ ਲੰਘ ਗਈ ਇਸ ਕਾਮ ਮੇਂ, ਮੈਂ ਤਾਂ ਕੋਈ ਹਵਾ ਹੁਵਾ ਨੀ ਦੇਖੀ, ਆਗੇ ਤੇਰੀ ਮਰਜੀ ਐ ,ਭਾਈ ।

ਜੈਲੋ:- ਪੰਜੀਂ ਪੀਂਰੀ ਤਾਂ ਪੈਰ ਧਰਨ ਨੂੰ ਥਾਂ ਨੀ ਲੱਭਦਾ,ਐਨੇ ਦੁਖੀ ਲੋਕ ਆਉਂਦੇ ਐ ਉਥੇ। ਉਹ ਕਮਲੇ ਤਾਂ ਨੀ ਕਿਤੇ ?

ਸੁੱਖਾ:- ਸਿਆਣੇ ਵੀ ਕਿਧਰਲੇ ਐ ? ਤਰਕਸ਼ੀਲਾ ਨੇ ਪੂਰੇ ਲੱਖ ਦਾ ਨਾਮ ਰੱਖਿਆ ਜਿਹੜਾ ਕੋਈ ਭੂਤ ਪ੍ਰੇਤ ਦਿਖਾਏ। ਇਹ ਸਭ ਦੁਕਾਨਦਾਰੀਆਂ ਨੇ ਸਾਧਾਂ ਦੀਆਂ।

ਜੰਟਾ:- ਚਾਚੀ ਤੈਨੂੰ ਨੀ ਪਤਾ ਅੱਜ-ਕੱਲ ਇਹਦੀ ਬਹਿਣੀ ਉਠਣੀ ਚੱਠਿਆਂ ਦੇ ਜਗਤਾਰ ਨਾਲ ਐ, ਉਹੀ ਨਵੀਆਂ-ਨਵੀਆਂ ਵਹਿਵਤਾਂ ਘੜਦਾ ਪਿੰਡ 'ਚ। ਉਹਦਾ ਚੱਕਿਆ ਚੁਕਾਇਆ ਪਾੜ੍ਹਾ ਸਾਡੀ ਮਟੀ ਤੇ ਮੂਤ ਆਇਆ ਅਖੇ ਕੁੱਤੇ ਵੀ ਤਾਂ ਮਟੀ ਤੇ ਮੂਤ ਕਰਦੇ ਆ ਉਹਨਾ ਦੀ ਕਿਹੜਾ ਬਾਬਾ ਲੱਤ ਤੋੜ ਦਿੰਦਾ। ਜਦੋਂ ਐਸ ਗੱਲ ਦਾ ਬਾਪੂ ਨੂੰ ਪਤਾ ਲੱਗਾ ਤਾਂ ਫਿਰ ਸਿੱਟ ਲਿਆ ਜੱਗੇ ਦੀ ਗਧੀ ਆਂਗੂੰ, ਕੁੱਟ-ਕੁੱਟ ਕੇ ਗੁਲਗਲੇ ਅਰਗਾ ਕਰਤਾ, ਲੈ ਲਾ ਸਵਾਦ ਮਟੀ ਤੇ ਮੂਤਣ ਦਾ।

ਜੈਲੋ:- ਹੱਤ ਤੇਰੇ ਦੀ ! ਵੇ ਮਟੀ ਤੇ ਮੂਤਤਾ ਉਸ ਕੰਨ ਕਨੌਲੇ ਜਿਹੇ ਨੇ। ਥਾਂ ਤੇ ਨਹੀਂ ਪਟਕਾਇਆ ਬਾਬੇ ਨੇ ?

ਸੁੱਖਾ:- ਓਏ ਮੈਂਬਰਨੀਏ ਇਹਨਾ ਗੱਲਾਂ 'ਚ ਕੀ ਧਰਿਐ ? ਜਿਊਂਦੇ ਜਾਗਦੇ ਬੰਦੇ ਦੀ ਤਾਂ ਅਸੀਂ ਬਾਤ ਨੀ ਪੁੱਛਦੇ। ਮੰਜੀਂ 'ਚ ਪਏ ਬੁੜੇ ਜੇ ਦਸ ਆਰੀ ਪਾਣੀ ਮੰਗਣ ਤਾਂ ਜਾ ਕੇ ਅਸੀਂ ਦੁਖੀ ਮਨ ਨਾਲ ਪਾਣੀ ਦਿੰਨੇ ਆ ਤੇ ਮਰਨ ਤੋਂ ਬਾਅਦ ਅਸੀਂ ਉਹਦੀ ਮਟੀ ਤੇ ਕੱਚੀ ਲੱਸੀ ਦੇ ਛਿੱਟੇ ਦਿੰਨੇ ਆਂ, ਉਹਦੀ ਮਟੀ ਤੇ ਦੀਵਾ ਰੱਖਦੇ ਆਂ, ਦਿਨ ਦਿਹਾਰ ਤੇ ਉਹਦੀ ਲਿੱਪਾ-ਪੋਚੀ ਕਰਦੇ, ਅੱਗੋਂ ਪਿਛੋਂ ਜੋ ਪੰਛੀ , ਜਨੌਰ ਉਹਦੇ ਤੇ ਬਿੱਠਾਂ ਕਰਦੇ ਰਹਿੰਦੇ ਆ। ਲੁੱਟਰ ਕੁੱਤੇ ਤਾਂ ਆਰਾਮ ਈ ਠੰਡੀ ਥਾਵੇਂ ਕਰਦੇ ਆ।

ਜੰਟਾ:- ਓ ਬਾਈ ਜਨੌਰ ਤਾਂ ਹੁੰਦੇ ਈ ਅਣਭੋਲ ਐ, ਉਹਨਾਂ ਦਾ ਕਾਹਦਾ ਗੁੱਸਾ ਗਿਲਾ, ਜੇ ਨਿਹਚਾ ਨਾਲ ਕੰਮ ਕਰ ਲਈਏ ਤਾਂ ਸਵਾਲ ਨੀ ਪੈਦਾ ਹੁੰਦਾ ਉਹਦਾ ਫਲ ਨਾ ਮਿਲੇ। ਨਾਲੇ ਜਗਤਾਰ ਦੀ ਮਾਂ ਤਾਂ ਹਾਲੇ ਤਾਂਈ ਬਾਬੇ ਦੇ ਚਿਰਾਗ ਕਰਦੀ ਆ।

ਜੈਲੋ:-ਅੱਛਾ ! ਫਿੱਟੇ ਮੂੰਹ ਇਹੋ ਜਿਹੇ ਸੁਧਾਰ ਵਾਦੀਆਂ ਦੇ ਮਾਂ ਕਹਿਣੇ 'ਚ ਨੀ ਚਲਦੀ ਤੇ ਪੁੱਤ ਲੋਕਾਂ ਨੂੰ ਮੱਤਾ ਦਿੰਦਾ ਫਿਰਦਾ।

ਸੁੱਖਾ:- ਵੇਖੋ ਬਈ ਇੰਨੇ ਪੁਰਾਣੇ ਵਿਚਾਰ ਇੱਕਦਮ ਤਾਂ ਬਦਲ ਨੀ ਸਕਦੇ। ਹੌਲੀ -ਹੌਲੀ ਉਹਨੂੰ ਵੀ ਤੇ ਥੋਨੂੰ, ਸਮਝ ਲੱਗਗੀ ਤੁਸੀਂ ਵੀ ਆਪਣੇ ਆਪ ਮੰਦਰੀਂ ਮਸੀਤੀਂ ਜਾਣੋ ਹਟ ਜਾਣੈ, ਨਾਲੇ ਕਹਿਣੇ 'ਚ ਤਾਂ ਬਾਬੇ ਨਾਨਕ ਦੇ ਮੁੰਡੇ ਵੀ ਨੀ ਸੀ ਚੱਲਦੇ ਫਿਰ ਕਿਹੜਾ ਬਾਬਾ ਸੱਚ ਦਾ ਹੋਕਾ ਦੇਣੋ ਹਟ ਗਿਆ ਸੀ। ਇਹ ਤਾਂ ਬਾਣੀ 'ਚ ਵੀ ਲਿਖਿਆ ਬਈ ਮੜੀਆਂ ਮਸਾਣਾ ਨੂੰ ਪੂਜਣਾ ਮਨਮੱਤ ਐ ।

ਜੰਟਾ:- ਮਟੀ ਤੇ ਦੀਵਾ ਧਰਨਾ ਤਾਂ ਕੋਈ ਮਾੜੀ ਗੱਲ ਨੀ, ਕੋਈ ਟੱਲ ਖੜਕਾ ਕੇ ਮਨ ਸਮਝਾ ਲੈਂਦਾ, ਲੋਈ ਪੋਥੀ ਪੜ ਕੇ, ਕੋਈ ਮੰਦਰ ਜਾ ਕੇ। ਇਹ ਤਾਂ ਆਵਦੇ-ਆਵਦੇ ਮਨ ਦੀ ਤਸੱਲੀ ਐ, ਪਰ ਥੋਡਾਂ ਕਾਮਰੇਟਾਂ ਦਾ ਢਿੱਡ ਪਤਾ ਨੀ ਕਿਉਂ ਦੁੱਖਦਾ ਰਹਿੰਦੈ ।

ਸੁੱਖਾ:- ਓਏ ਬਈ ਅਸੀਂ ਕਦੋਂ ਕਹਿਨੇ ਆ ਬਈ ਐਥੇ ਜਾਓ, ਉਥੇ ਨਾ ਜਾਓ, ਜੰਮ ਜੰਮ ਜਾਓ ਪਰ ਅਕਲ ਦੀ ਗੱਲ ਤਾਂ ਜਿਥੋਂ ਵੀ ਮਿਲੇ, ਲੈਣੀ ਚਾਹੀਦੀ ਐ। ਹੁਣ ਕਣਕਾਂ ਪੱਕੀਆਂ ਹੋਈਆਂ ਜੇ ਤੇਰੀ ਅਰਗੀ ਕੁੱਢਰ ਮਟੀ ਤੇ ਦੀਵਾ ਧਰ ਆਵੇ ਤੇ ਕਣਕ ਤਾਂ ਹੋਜੂ ਸਵਾਹ। ਫਿਰ ਕੀਹਦੀ ਮਾਂ ਨੂੰ ਮਾਸੀ ਆਖਾਂਗੇ ? ਆਹ ਮਹੀਨਾ ਕੁ ਹੋ ਗਿਆ ਤੇਰੀ ਅਰਗੀ ਸਿਆਣੀ ਬੀਬੀ ਰਾਤ ਨੂੰ ਚਿਰਾਗ ਲਾ ਕੇ ਪੈ ਗਈ ਅੱਧੀ ਕੁ ਰਾਤ ਨੂੰ ਚੂਹਿਆਂ ਨੇ ਗੈਸ ਆਲੀ ਪੈਪ ਟੁੱਕਤੀ ਬਸ ਫਿਰ ਕੀ ਆਪ ਤਾਂ ਸਣੇ ਚਿਰਾਗ ਉਡਣਾ ਈ ਸੀ ਨਾਲੇ ਦੇ ਚੁੰਹ-ਪੰਜ ਘਰਾਂ ਦਾ ਵੀ ਸੱਤਿਆ ਨਾਸ ਕਰਗੀ ਜਾਂਦੀ ਜਾਂਦੀ।

ਬਦਰੀ :- ਚਲੇਂ ਬੀਬੀ ਜੀ ਬੱਸ ਆ ਰਹੀ ਹੈ ।

ਸੁੱਖਾ:- ਓਏ ਬਹਿ ਜਾ ਰਾਮ ਨਾਲ ਕਹੀਂ ਨੀ ਜਾਣਾ। ਮੈਂਬਰਨੀਏ ਪ੍ਰਦੇਸੀ ਆਦਮੀ ਦੀ ਮੱਦਦ ਕਰਨਾ ਸਾਡਾ ਪਿੰਡ ਦਾ ਫਰਜ ਐ, ਊਂ ਵੀ ਬੰਦਾ ਕਾਮਾ ਐ, ਕਿਉਂ ਨਾ ਪੈਸੇ ਕੱਠੇ ਕਰਕੇ ਸ਼ਹਿਰ 'ਚ ਕਿਸੇ ਡਾਕਟਰ ਨੂੰ ਦਿਖਾਈਏ।

ਜੈਲੋ : ਚਲ ਠੀਕ ਐ, ਪਿੰਡ 'ਚੋਂ ਪੈਸੇ ਕੱਠੇ ਕਰਕੇ 'ਲਾਜ ਕਰਾ ਦਿੰਨੇ ਆਂ ਪਰ ਪੰਜੀਂ ਪੀਰੀ ਜਾਣ 'ਚ ਕੀ ਹਰਜ ਐ ? ਉਹ ਕਿਹੜਾ ਕੋਈ ਮਾਇਆ ਭੇਟਾ ਲੈਂਦਾ ਆ।

ਜੰਟਾ : ਓ ਨਹੀਂ ਤਾਂ ਦੁੱਗੇ ਘੋਚਰੀ ਦੀ ਸਮਾਧ ਤੇ ਈ ਮੱਥਾ ਟਿਕਾ ਲਿਆਓ ਦਵਾਈ ਦੇ ਨਾਲ ਨਾਲ ਈਰ ਫਕੀਰ ਵੀ ਧਿਆਉਣੇ ਚਾਹੀਦੇ ਐ। ਕੱਲੇ ਡਾਕਟਰੀ 'ਲਾਜ ਨਾਲ ਨੀ ਫਰਕ ਪੈਣਾ ਕੋਈ ।

ਸੁੱਖਾ : ਫਿਰ ਇਹ ਕਿਵੇਂ ਪਤਾ ਲੱਗੂ ਬਈ ਦੁੱਗੇ ਘੋਚਰੀ ਦੀ ਸਮਾਧ ਤੇ ਜਾਣ ਨਾਲ ਜਮਨਾ ਠੀਕ ਹੋਈ ਐ ਕਿ ਦਵਾਈ ਨਾਲ ? ਦੋਨਾਂ 'ਚੋਂ ਇੱਕ ਚੀਜ ਕਰਲੋ।

ਜੰਟਾ : ਤੇਰੀ ਤਾਂ ਬਾਈ ਓਹੀ ਅੜੀ ਐ ਅਖੇ ਸਹੇ ਦੀਆਂ ਤਿੰਨ ਈ ਲੱਤਾਂ ਚੌਥੀ ਤਾਂ ਹੋ ਈ ਨਹੀਂ ਸਕਦੀ। ਜੇ ਸਮਾਧ ਤੇ ਮੱਥਾ ਟੇਕਦੂ ਉਹਦਾ ਘਸਦਾ ਤਾਂ ਨੀ ਕੁਸ਼।

ਸੁੱਖਾ : ਇਹਦੇ 'ਚ ਅੜੀ ਕਾਹਦੀ ਬਈ ? ਸਮਾਧ ਹੁੰਦੀ ਕੀ ਐ ? ਚਾਰ ਇੱਟਾਂ ਲਾਤੀਆਂ ਸੀਮਿੰਟ ਨਾਲ, ਤੇ ਦੀਵਾ ਜਗਾਤਾ। ਇਹ ਸਭ ਕਮਾਈ ਕਰਨ ਦੇ ਢੰਗ ਐ। ਪਿੰਡੀ ਥਾਵੀਂ ਹੁਣ ਸਮਾਧਾਂ ਤੇ ਮਟੀਆਂ ਬਹੁਤ ਹੋ ਗਈਆਂ। ਚਲਾਕ ਲੋਕ ਹੁਣ ਸੜਕਾਂ ਦੇ ਕਿਨਾਰਿਆਂ ਤੇ ਸਮਾਧਾਂ ਬਣਾ ਕੇ ਰਾਹੀਆਂ ਤੋਂ ਪੈਸੇ ਲੁੱਟਦੇ ਆ। ਜਿੱਥੇ ਦੋ ਚਾਰ ਐਕਸੀਡੈਂਟ ਹੋ ਜਾਣ ਵਿਹਲੜ ਲੋਕ ਪੈਸੇ 'ਕੱਠੇ ਕਰਕੇ ਓਥੇ ਸਮਾਧ ਬਣਾ ਦਿੰਦੇ ਆ ਇਹ ਨੀ ਵੇਂਹਦੇ ਬਈ ਐਕਸੀਡੈਂਟ ਕਿਓ ਹੋਇਆ। ਆਪਣੇ ਮੁਲਕ 'ਚ ਜਿੰਨਾ ਖਲਜਗਣ ਐ ਜੇ ਸਾਰੇ ਮਿਹਨਤ ਕਰਕੇ ਖਾਣ ਤਾਂ ਮੁਲਕ ਤਰੱਕੀ ਨਾ ਕਰਜੇ ਪਰ ਇੱਥੇ ਤਾਂ ਅੱਧੇ ਨਾਲੋਂ ਬਹੁਤਾ ਮੁਲਕ ਵਿਹਲਾ ਖਾ ਖਾ ਕੇ ਢਿੱਡ ਵਧਾਈ ਜਾਂਦੇ ਆ। ਆਹ ਕੀ ਹਰਦਵਾਰ, ਕੀ ਕੁੰਭ, ਵਿਹਲੜਾਂ ਦੇ ਇੱਜੜਾਂ ਦੇ ਇੱਜੜ ਹਰੇਲੀਆਂ ਦਿੰਦੇ ਫਿਰਦੇ ਆ ਕੋਈ ਕੰਮ ਨੀ ਕਰਨਾ ਬਸ ਮੁਕਤੀ ਲਈ ਸੈਰਾਂ ਨੂੰ ਚੜੇ ਰਹਿੰਦੇ ਆ, ਇਹਦੇ ਨਾਲ ਦੱਸੋ ਮੁਲਕ ਦਾ ਕੀ ਸੌਰਦਾ ? ਕਿਸੇ ਨੂੰ ਰੁਜਗਾਰ ਮਿਲਦਾ ? ਕੰਮ ਕਰਨ ਨੂੰ ਵਿਚਾਰੇ ਗਰੀਬ ਤੇ ਐਸ਼ਾਂ ਕਰਨ ਨੂੰ ਲੁਟੇਰੇ ਰਿਸ਼ੀ ਮੁਨੀ। ਤੂੰ ਕਿੰਨਾ ਕੰਮ ਕਰਦੈਂ, ਹੈ ਤੇਰੇ ਕਰਮਾਂ 'ਚ ਪਹਾੜਾਂ ਦੀ ਸੈਰ ? ਜਾ ਕੇ ਦਿਖਾਂ ਖਾਂ ਕਿਸੇ ਤੀਰਥ ਯਾਤਰਾ ਤੇ, ਨੰਬਰਾਂ ਤੋਂ ਤੂੰ ਟਰੈਕਟਰ ਲਿਆ ਤੇ ਉਹ ਲੋਟੂ ਟਾਟਾ ਸੂਮੋ ਅਰਗੀਆਂ ਮਹਿੰਗੀਆਂ ਕਾਰਾਂ 'ਚ ਠਾਠਾਂ ਕਰਦੇ ਆ। ਹੁਣ ਐਨਾਂ ਮੱਥਾ ਮਾਰਿਆ ਪਈ ਕੋਈ ਦਿਮਾਗ 'ਚ ? ਇਹਨਾਂ ਬਗਲੀਆਂ ਆਲਿਆ ਨੇ ਹੌਲੀ ਹੌਲੀ ਆਪਣੇ ਹੱਥਾਂ ਤੋਂ ਰੋਟੀਆਂ ਵੀ ਚੁੱਕ ਲੈਣੀਆਂ।

ਜੰਟਾ : ਕੁਸ਼ ਕੁਸ਼ ਸਮਝ਼ ਲਗਦੀ ਐ, ਲੈ ਬਈ ਬਦਰੀਆ ਹੁਣ ਤੇਰੀ ਘਰਵਾਲੀ ਦਾ 'ਲਾਜ ਅਸੀਂ ਪਿੰਡ 'ਚੋਂ ਪੈਸੇ 'ਕੱਠੇ ਕਰਾਂਵਾਂਗੇ, ਤੂੰ ਹੁਣ ਬਿਲਕੁੱਲ ਫਿਕਰ ਨਾ ਕਰ।

ਬਦਰੀ : ਬਹੁਤ ਮੇਹਰਬਾਨੀ ਆਪ ਕੀ, ਭਗਵਾਨ ਕਾ ਲਾਖ ਲਾਖ ਸ਼ੁਕਰ ਹੈ।

ਸੁੱਖਾ : ਓਏ ਬਦਰੀ ਤੂੰ ਤਾਂ ਹਜੇ ਵੀ ਭਗਵਾਨ ਕੋ ਮਾਨਤਾ , ਓਏ ਇਹ ਸਾਰੀ ਲੋਕੋਂ ਕੀ ਮਿਹਰਬਾਨੀ ਐ ਭਗਵਾਨ ਕੀ ਨਹੀਂ, ਅਸੀਂ ਤੇਰੀ ਮੱਦਦ ਅਨਸਾਨ ਦੇ ਤੌਰ ਤੇ ਕਰ ਰਹੇ ਆਂ।

ਜੈਲੋ : ਚੰਗਾ ਪੁੱਤ ਬਦਰੀ ਹੁਣ ਇਹ ਆਪੇ ਕਰਨਗੇ ਓਹੜ ਪੋਹੜ, ਬੇ-ਫਿਕਰ ਹੋ ਜਾ ਤੂੰ। ਜਾਹ. ਜਾ ਕੇ ਪਾਣੀ ਧਾਣੀ ਪੁੱਛ ਉਹਨੂੰ ਵਿਚਾਰੀ ਨੂੰ, ਜੇ ਥੋਡੇ ਵਰਗੇ ਨੌਜੁਆਨ ਹਰ ਪਿੰਡ 'ਚ ਹੋਣ ਤਾਂ ਧਰਤੀ ਸੁਰਗ ਬਣਜੇ।

ਸੂਚਨਾ :

ਮਈ-ਜੂਨ 98 ਦੇ ਅੰਕ ਵਿੱਚ ਪਿੰਡ ਦੀ ਸੱਥ 'ਚੋਂ ਕਾਲਮ ਦਾ ਪਿਛਲਾ ਹਿੱਸਾ ਕੰਪੋਜਰ ਦੀ ਗਲਤੀ ਕਰਨ ਛਪਣੋਂ ਰਹਿ ਗਿਆ ਸੀ । ਪਾਠਕਾਂ ਨੂੰ ਹੋਈ ਅਸੁਵਿਧਾ ਲਈ ਅਦਾਰਾ ਤਰਕਸ਼ੀਲ ਖਿਮਾ ਦਾ ਜਾਚਕ ਹੈ।

ਸੂਚਨਾ :

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਦਫਤਰ ਵੱਲੋਂ ਮੈਗਜੀਨ ਦੇ ਹਰੇਕ ਪਾਠਕ ਨੂੰ ਮੈਗਜੀਨ ਪੋਸਟ ਕੀਤਾ ਜਾਂਦਾ ਹੈ। ਪਰ ਡਾਕ ਵਿਭਾਗ ਦੀ ਮਾੜੀ ਕਾਰਜ ਕੁਸ਼ਲਤਾ ਕਾਰਨ ਕਈ ਪਾਠਕਾਂ ਨੂੰ ਮੈਗਜੀਨ ਪ੍ਰਾਪਤ ਨਹੀਂ ਹੁੰਦਾ। ਜੇਕਰ ਕਿਸੇ ਪਾਠਕ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜੀਨ ਨ੍ਹੀਂ ਮਿਲਦਾ ਤਾਂ ਉਹ ਟੈਲੀਫੋਨ ਜਾਂ ਚਿੱਠੀ ਰਾਹੀਂ ਸੂਬਾ ਦਫਤਰ ਨਾਲ ਸੰਪਰਕ ਕਰੇ ਤਾਂ ਕਿ ਨਵਾਂ ਮੈਗਜੀਨ ਭੇਜਿਆ ਜਾ ਸਕੇ।

ਜੋ ਜਨਮਾਂ ਤੇ ਕਰਮਾਂ ਦੇ ਚੱਕਰ ਫਸਾ ਰੱਖੇ,
ਉਹ ਗਲਤ ਹੈ , ਚਾਹੇ ਉਹ ਅਕਾਸ਼ ਦੀ ਬਾਣੀ ਏ।

(ਬਾਵਾ ਬਲਵੰਤ)

ਮਨੁੱਖ ਆਪਣੀ ਕਿਸਮਤ ਦੇ ਆਪ ਰਚਣਹਾਰੇ ਹੁੰਦੇ ਹਨ

(ਸ਼ੈਕਸ਼ਪੀਅਰ)

ਕਵਿਤਾ :

ਜਸਵੀਰ ਸੋਨੀ ਬੁਢਲਾਡਾ

ਸਰਵ ਸ਼ਕਤੀਮਾਨ

ਸਰਵ ਸ਼ਕਤੀਮਾਨ ਜੇਕਰ ਰੱਬ ਹੁੰਦਾ,
ਨਦੀ ਖੂਨ ਦੀ ਪੰਜਾਬ ਵਿੱਚ ਵਹਿੰਦੀ ਕਿਉਂ ?
ਅੱਲਾ ਮੀਆਂ ਵਿੱਚ ਜੇਕਰ ਸ਼ਕਤੀ ਹੁੰਦੀ,
ਮਸਜਿਦ ਵਿੱਚ ਅਯੁਧਿਆ ਦੇ ਢਹਿੰਦੀ ਕਿਉਂ ?
ਰਾਮ ਚੰਦਰ ਵਿੱਚ ਜੇਕਰ ਕੋਈ ਕਰਾਮਾਤ ਹੁੰਦੀ ,
ਸੀਤਾ ਲੰਕਾਂ ਵਿੱਚ ਕੈਦੀ ਬਣ ਕੇ ਰਹਿੰਦੀ ਕਿਉਂ ?
ਕਿਸ਼ਨ ਸ਼ਕਤੀ ਨਾਲ ਜਿਤਾ ਦਿੰਦਾਂ ਪਾਂਡਵਾਂ ਨੂੰ,
ਸਾਡੀ ਦਰੋਪਤੀ ਦੀ ਭਰੀ ਸਭਾ ਵਿੱਚ ਲਹਿੰਦੀ ਕਿਉਂ ?
ਭਜਨ ਬੰਦਗੀ ਨਾਲ ਜੇਕਰ ਸਾਰੇ ਸੁੱਖ ਮਿਲਦੇ,
" ਸੋਨੀ "ਦੁੱਖ-ਦਰਦ ਇਹ ਦੁਨੀਆਂ ਸਹਿੰਦੀ ਕਿਉਂ ?

ਤਰਕ ਚਰਚਾ :

ਨਹਾਉਣ ਪਿੱਛੇ ਸਾਧ ਲੜ ਪੇ

ਕੁੰਭ :- ਭਾਰਤੀ ਅਧਿਆਤਮਕ ਪਰੰਪਰਾ ਵਿੱਚ ਨਦੀਆਂ-ਦਰਿਆਵਾਂ ਜਾਂ ਸਰੋਵਰਾਂ ਵਿੱਚ ਇਸ਼ਨਾਨ ਦਾ ਬੜਾ ਅਧਿਆਤਮਕ ਮਹੱਤਵ ਮੰਨਿਆਂ ਜਾਂਦਾ ਰਿਹਾ ਹੈ ਅਤੇ ਅੱਜ ਵੀ ਮੰਨਿਆ ਜਾਂਦਾ ਹੈ ਗੰਗਾ ਦੇ ਕਿਨਾਰੇ ਹਰਿਦੁਆਰ ਵਿਖੇ ਬਾਰਾਂ ਸਾਲਾਂ ਬਾਅਦ ਮਹਾਕੁੰਭ ਦਾ ਇਸ਼ਨਾਨ ਕੀਤਾ ਜਾਂਦਾ ਹੈ। ਵਿਗਿਆਨਕ ਦ੍ਰਿਸਟੀਕੋਣ ਤੋਂ ਸਰੀਰ ਦੀ ਸਫਾਈ ਰੱਖਣ ਲਈ ਇਸ਼ਨਾਨ ਜਰੂਰੀ ਅਤੇ ਇਸਦਾ ਕਿਸੇ ਦੈਵੀ ਮਹਾਤਮਾਂ ਨਾਲ ਜੋੜਨਾ ਹੀ ਮੂਰਖਤਾ ਹੈ। ਪੁਰਾਣੇ ਸਮੇਂ ਵਿੱਚ ਪਾਣੀ ਦੀ ਘਾਟ ਕਾਰਨ ਪੁਰਾਣੇ ਬਜੁਰਗਾਂ ਨੇ ਨਹਾਉਣ ਨੂੰ ਪ੍ਰਚਲੱਤ ਅਧਿਆਤਮਕ ਮਤ ਨਾਲ ਜੋੜ ਦਿੱਤਾ ਹੋਵੇਗਾ। ਪਰ ਅੱਜ ਜੇ ਕੋਈ ਵਿਅਕਤੀ ਖਾਸ ਸਮੇਂ ਤੇ ਖਾਸ ਪਾਣੀ ਨੂੰ ਵਧੇਰੇ ਲਾਭਦਾਇਕ ਮੰਨਦਾ ਹੈ ਤਾਂ ਅਜਿਹੀ ਸੋਚ ਤੇ ਟਿੱਪਣੀ ਕਰਨੀ ਸਮਾਂ ਖਰਾਬ ਕਰਨ ਵਾਲੀ ਗੱਲ ਹੋਵੇਗੀ। ਦਿਲਚਸਪ ਗੱਲ ਤਾਂ ਇਸ ਵਾਰ ਇਹ ਹੋਈ ਕਿ ਨਰਿੰਜਨੀ ਅਖਾੜੇ ਦੇ 'ਸਾਧੂ ' ਅਤੇ ਨਾਗੇ 'ਸਾਧੂ ' ਪਹਿਲਾਂ ਨਹਾਉਣ ਪਿਛੇ ਆਪਸ ਵਿੱਚ ਲੜ ਪਏ। ਯਾਨਿ ਸਾਧੂ ਮਹਾਤਮਾਂ ਆਮ ਦੁਨੀਆਂਦਾਰਾਂ ਵਾਂਗ ਅਧਿਆਤਮਕ ਮਹਾਤਮ ਪਹਿਲਾਂ ਲੈਣ ਲਈ ਆਪਸ ਵਿੱਚ ਟੱਕਰ ਪਏ। ਇੱਥੋਂ ਪਤਾ ਚਲਦਾ ਹੈ ਕਿ ਕਿਵੇਂ ਕਥਿਤ ਸਾਧੂ ਹਉਮੇਂ, ਲਾਲਚ, ਈਰਖਾ ਵਿੱਚ ਗਰੱਸੇ ਹੋਏ ਹਨ। ਅਜਿਹੇ ਸਾਧੂਆਂ ਦੇ ਮਗਰ ਲੱਗਣ ਵਾਲੀ ਕਰੋੜਾਂ ਦੀ ਭੀੜ ਨੂੰ ਕੀ ਕਿਹਾ ਜਾਵੇ। ਤੁਸੀਂ ਰਸਾਲਾ ਪਾਸੇ ਰੱਖ ਕੇ ਖੁਦ ਸੋਚੋ।

ਰੱਬ ਨਾ ਬਹੁੜਿਆ ਹੈ-ਨਾ ਬਹੁੜਨਾ ਹੈ

ਪਿਛਲੇ ਦਿਨੀ ਅਖਬਾਰਾਂ ਵਿੱਚ ਖਬਰ ਛਪੀ ਕਿ ਰੱਬ ਟੀ.ਵੀ ਤੇ ਆਵੇਗਾ। ਤਾਈਵਾਨ ਦੇ ਇੱਕ ਧਾਰਮਿਕ ਫਿਰਕੇ ਦੇ ਆਗੂ ਚੇਂਨ ਹੇਗ ਮਿੰਗ ਨੇ ਪਿਛਲੇ ਦਿਨੀ ਦਾਅਵਾ ਕੀਤਾ ਸੀ ਕਿ 31 ਮਾਰਚ 1998 ਨੂੰ ਉਥੋਂ ਦੇ ਇੱਕ ਚੈਨਲ ਨੰਬਰ ਅਠਾਰਾਂ ਤੇ ਬਾਰਾਂ ਵਜੇ ਰੱਬ ਦਰਸ਼ਨ ਦੇਵੇਗਾ ਅਤੇ ਲੋਕਾਂ ਨੂੰ ਚੋਕਸ ਕਰੇਗਾ। ਪਰ ਜਿਵੇਂ ਕਿ ਆਸ ਸੀ ਅਜਿਹਾ ਕੁੱਝ ਨਹੀਂ ਹੋਣਾ, ਸੋ ਕੁੱਝ ਨਹੀਂ ਹੋਇਆ। ਉਸੇ ਧਾਰਮਿਕ ਨੇਤਾ ਨੇ ਬੜੀ ਢੀਠਤਾਈ ਨਾਲ ਆਖਿਆ ਕਿ ਭਾਵੇਂ ਉਸਦੀ ਪੇਸ਼ਨਗੋਈ ਝੂਠੀ ਬਕਵਾਸ ਸਾਬਤ ਹੋਈ ਹੈ ਪਰ ਫਿਰ ਵੀ ਉਡੀਕ ਕਰਨ ਵਿੱਚ ਕੋਈ ਹਰਜ ਨਹੀਂ ਹੈ। ਅਸਲ ਵਿੱਚ ਅਜਿਹੀਆਂ ਅਫਵਾਹਾਂ ਨੂੰ ਜਨਮ ਦੇਣ, ਫੈਲਾਉਣ ਅਤੇ ਮੰਨਣ ਵਾਲਿਆਂ ਵਿੱਚ ਇੱਕ ਗੱਲ ਦੀ ਸਾਂਝ ਹੁੰਦੀ ਹੈ ਕਿ ਉਹ ਮਨੁੱਖਤਾ ਦੀਆਂ ਦੁੱਖ ਤਕਲੀਫਾਂ ਖੁਦ ਹੱਲ ਕਰਨ ਲਈ ਸੰਘਰਸ਼ ਕਰਨ ਦੀ ਥਾਂ ਤੇ ਕਿਸੇ ਦੈਵੀ ਸ਼ਕਤੀ ਦੀ ਕਲਪਨਾ ਕਰਕੇ ਉਸਤੇ ਛੱਡਣਾ ਚਾਹੁੰਦੇ ਹਨ। ਇਨ੍ਹੀ ਦਿਨੀ ਸਾਰੇ ਹੀ ਪੂਰਬੀ ਦੇਸ਼ਾਂ (ਮਲੇਸ਼ੀਆ,ਤਾਈਵਾਨ,ਇੰਡੋਨੇਸ਼ੀਆ, ਥਾਈਲੈਂਡ) ਦੀ ਆਰਥਿਕਤਾ ਬੁਰੀ ਤਰਾਂ ਸੰਕਟ ਦਾ ਸ਼ਿਕਾਰ ਹੈ। ਖੁਲੀ ਮੰਡੀ ਦੇ ਦਾਅਵੇਦਾਰਾਂ ਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ ਕਿ ' ਸੰਕਟ ' ਸਮੇਂ ਕਿਸੇ 'ਰੱਬ ' ਨੇ ਨਹੀਂ ਬਹੁੜਨਾ।

ਮਨ ਦੀ ਇਛਿਆ-ਮਰੇ ਜਿਉਂਦੇ ਹੋ ਜਾਣ

ਮੌਤ ਮਨੁੱਖ ਨੂੰ ਆਦਿ ਕਾਲ ਤੋਂ ਡਰਾਉਂਦੀ ਆ ਰਹੀ ਹੈ। ਦੂਸਰੇ ਜਾਨਵਰਾਂ ਦੇ ਮੁਕਾਬਲੇ ਮਨੁੱਖ ਵਿੱਚ ਸੋਚ ਸਮਰੱਥਾ ਵਧੇਰੇ ਹੋਣ ਕਰਕੇ ਮਨੁੱਖ ਮੌਤ ਤੋਂ ਵਧੇਰੇ ਡਰਦਾ ਹੈ। ਅਤੇ ਇਸਦੇ ਕਾਰਨ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਅੱਜ ਵਿਗਿਆਨ ਨੇ ਭਾਵੇਂ ਮਨੁੱਖ ਦੀ ਔਸਤ ਉਮਰ ਵਧਾ ਦਿੱਤੀ ਹੈ ਪਰ ਮੌਤ ਤੇ ਜਿੱਤ ਅਜੇ ਦੂਰ ਦੀ ਗੱਲ ਹੈ। ਹੁਣ ਤੱਕ ਮਰੇ ਮਨੁੱਖ ਦੇ ਜਿਉਂਦੇ ਹੋਣ ਦੀ ਕੋਈ ਘਟਨਾ ਨਹੀਂ ਹੋਈ। ਪਰ ਇਸਦੇ ਬਾਵਜੂਦ ਮਰਨ ਵਾਲੇ ਦੇ ਸਕੇ ਸੰਬੰਧੀਆਂ,ਮਿੱਤਰਾਂ-ਪਿਆਰਿਆਂ ਦੀ ਇੱਛਾਂ ਹੁੰਦੀ ਹੈ ਕਿ ਮਰਨ ਵਾਲਾ ਜਿਉਂਦਾ ਹੋ ਜਾਵੇ। ਪਰ ਅਜਿਹਾ ਕਦੇ ਹੋਇਆ ਨਹੀਂ ਇਸ ਕਰਕੇ ਲੋਕ ਭਰੇ ਮਨ ਨਾਲ ਵਿਅਕਤੀ ਨੂੰ ਸਾੜਕੇ,ਦੱਬ ਕੇ ਜਾਂ ਕਿਸੇ ਹੋਰ ਢੰਗ ਨਾਲ ਭੌਤਿਕ ਤੌਰ ਤੇ ਖਤਮ ਕਰ ਦਿੰਦੇ ਹਨ। ਪ੍ਰੰਤੂ ਲੋਕਾਂ ਦੇ ਮਨ ਵਿੱਚ ਇਹ ਇੱਛਿਆ ਹਮੇਸਾਂ ਹੀ ਬਣੀ ਰਹੀ ਹੈ ਕਿ ਸ਼ਾਇਦ ਕਦੇ ਮਰੇ ਵਿਅਕਤੀ ਜਿਊਂਦੇ ਹੋ ਜਾਣ। ਇਸ ਕਰਕੇ ਸੰਸਾਰ ਦੀ ਪੁਰਾਣੀ ਸੱਭਿਅਤਾ ਮਿਸਰ ਵਿੱਚ ਲਾਸ਼ਾਂ ਨੂੰ ਮੰਮੀ (ਖਰਾਬ ਹੋਣ ਤੋਂ ਬਚਾਉਣ ਲਈ ਖਾਸ ਮਸਾਲਾ ਲਾ ਕੇ ਸੁਰੱਖਿਅਤ ਕਰਨਾ) ਬਣਾਕੇ ਰੱਖਿਆ ਜਾਂਦਾ ਸੀ ਸੰਸਾਰ ਦੇ ਅਜੂਬਿਆਂ ਵਿੱਚ ਮਿਸਰ ਦੇ ਪਿਰਾਮਿਡਾਂ ਦੀਆਂ ਵਿਸ਼ਾਲ ਇਮਾਰਤਾਂ ਇਹਨਾਂ ਲਾਸ਼ਾ ਨੂੰ ਰੱਖਣ ਲਈ ਹੀ ਬਣਾਈਆਂ ਗਈਆ ਸਨ। ਪਿਛਲੇ ਦਹਾਕੇ ਵਿੱਚ ਆਧੁਨਿਕ ਸਮਝੇ ਜਾਂਦੇ ਸ਼ਹਿਰ ਚੰਡੀਗੜ ਅੰਦਰ ਵੀ ਮਿਸਟਰ ਦੱਤਾ ਦੀ ਲਾਸ਼ ਸੰਭਾਲ ਕੇ ਰੱਖੀ ਹੋਈ ਸੀ ਕਿ ਇੱਕ ਦਿਨ ਲਾਸ਼ ਮੁੜ ਜੀਵਿਤ ਹੋ ਉਠੇਗੀ। ਤਰਕਸ਼ੀਲ ਸੁਸਾਇਟੀ ਨਿਰੰਤਰ ਅਜਿਹੀ ਗੈਰ ਵਿਗਿਆਨਕ ਗੈਰ ਕੁਦਰਤੀ ਸੋਚ ਦਾ ਖੰਡਨ ਕਰਦੀ ਆ ਰਹੀ ਹੈ। ਇਸੇ ਤਰ੍ਹਾਂ ਦੀਆਂ ਘਟਨਾਵਾਂ ਦੀ ਕੜੀ ਵਿੱਚ ਹੀ ਪਿਛਲੇ ਮਹੀਨੇ ਅਜੀਤ ਅਖਬਾਰ ਵਿੱਚ ਛਪੀ ਰਿਪੋਰਟ ਅਨੁਸਾਰ ਨੀਲ਼ ਪੰਥੀ ਫਿਰਕੇ ਦੇ ਪਿੱਛ ਲੱਗੂਆਂ ਨੇ ਆਪਣੇ ਮੁਖੀ ਦੀ ਲਾਸ਼ ਨੂੰ ਪਿਛਲੇ ਕਈ ਸਾਲਾਂ ਤੋਂ ਸਾਂਭਿਆ ਹੋਇਆ ਹੈ। ਤਰਕਸ਼ੀਲ ਸੁਸਾਇਟੀ ਸਮਝਦੀ ਹੈ ਕਿ ਆਪਣੇ ਮਨਪਸੰਦ ਮਿੱਤਰ ਪਿਆਰੇ ਦੀ ਮੌਤ ਤੋਂ ਬਾਅਦ ਉਸਦੇ ਮੁੜ ਜਿੰਦਾਂ ਹੋਣ ਦੀ ਆਸ ਕਰਨੀ ਜਾਂ ਇੱਛਾ ਕਰਨੀ ਸੁਭਾਵਿਕ ਹੈ,ਪਰ ਕਿਸੇ ਧਾਰਮਿਕ ਪ੍ਰਭਾਵ ਅਧੀਨ ਇਹ ਅੰਧਵਿਸ਼ਵਾਸ਼ ਕਰਨਾ ਕਿ ਸੱਚ ਮੁੱਚ ਅਜਿਹਾ ਹੋ ਜਾਵੇਗਾ ਮੂਰਖਤਾ ਹੈ। ਹਾਂ ਭਵਿੱਖ ਵਿੱਚ ਵਿਗਿਆਨ ਦੀਆਂ ਖੋਜਾਂ ਨਾਲ ਅਜਿਹਾ ਹੋਣਾ ਸੰਭਵ ਹੋ ਸਕਦਾ ਹੈ, ਇਸੇ ਲਈ ਪੱਛਮ ਵਿੱਚ ਅਮੀਰ ਲੋਕ ਆਪਣਾ ਖੂਨ ਵੀਰਜ ਅੰਡੇ ਅਤੇ ਸਰੀਰਾਂ ਨੂੰ ਜੀਵ- ਵਿਗਿਆਨਕ ਬੈਂਕਾਂ ਵਿੱਚ ਜਮਾਂ ਕਰਵਾ ਰਹੇ ਹਨ। ਪਰ ਇੱਕ ਗੱਲ ਪੱਕੀ ਹੈ ਕਿ ਜੇ ਮਨੁੱਖਤਾ ਦੀ ਮੌਤ ਤੋਂ ਬਾਅਦ ਜੀਵਿਤ ਹੋਣ ਦੀ ਚਿਰਾਂ ਪੁਰਾਣੀ ਰੀਝ ਪੂਰੀ ਹੋਈ ਤਾਂ ਇਹ ਵਿਗਿਆਨ ਕਰੇਗਾ ਕਿਸੇ ਧਾਰਮਿਕ ਪ੍ਰਾਥਨਾਂ ਨੇ ਕੁੱਝ ਨਹੀਂ ਕਰਨਾ।

ਅਕਲਮੰਦ ਇਮਾਰਤਾਂ

'ਖੁਲ ਜਾ ਸਿਮ ਸਿਮ ਖੁਲ ਜਾ ' ਵਰਗੇ ਜਾਦੂਈ ਦਰਵਾਜੇ ਅਤੇ ਮਹਿਲਾਂ ਦੇ ਕਿੱਸੇ ਕਹਾਣੀਆਂ ਨਾਲ ਸਾਡਾ ਸਾਹਿਤ ਭਰਿਆ ਪਿਆ ਹੈ । ਅਜਿਹੀਆਂ ਗੱਲਾਂ ਨੂੰ ਹਾਲੇ ਤੱਕ ਕਾਲਪਨਿਕ ਮੰਨਿਆ ਜਾਂਦਾ ਹੈ। ਪਰ ਇਨਸਾਨ ਆਪਣੀਆਂ ਕਲਪਨਾਵਾਂ ਨੂੰ ਸੱਚ ਕਰਨ ਲਈ ਲਗਾਤਾਰ ਕੋਸ਼ਿਸ਼ਾ ਕਰ ਰਿਹਾ ਹੈ। ਤਕਨੀਕੀ ਤਰੱਕੀ ਕੰਪਿਊਟਰ ਕ੍ਰਾਂਤੀ ਦੇ ਸਹਾਰੇ ਭਵਿਖ ਵਿੱਚ ਅਜਿਹੀਆਂ ਕਲਪਨਾਵਾਂ ਸਾਡੇ ਸਹਮਣੇ ਸੱਚ ਸਾਬਤ ਹੋ ਰਹੀਆਂ ਹੋਣਗੀਆਂ। ਅਜਿਹੀਆਂ ਇਮਾਰਤਾਂ ਬਣਨੀਆਂ ਸ਼ੁਰੂ ਹੋ ਗਈਆਂ ਹਨ, ਜਿਨ੍ਹਾਂ ਵੱਚ ਬਿਜਲੀ, ਪਾਣੀ, ਹਵਾ, ਰੌਸ਼ਨੀ, ਸੁਰੱਖਿਆ ਅਤੇ ਏਅਰ ਕੰਡੀਸ਼ਨਰਾਂ ਦੀ ਸਾਰੀ ਜਿੰਮੇਵਾਰੀ 'ਮਾਸਟਰ ਕੰਪਿਊਟਰਾਂ ' ਦੁਆਰਾ ਹੀ ਨਿਭਾਈ ਜਾਂਦੀ ਹੈ। ਅਜਿਹੀਆਂ ਇਮਾਰਤਾਂ· ਵਿੱਚ ਰੌਸ਼ਨੀ ਦੀ ਲੋੜ ਸਮੇਂ ਪਰਦੇ ਆਪਣੇ ਆਪ ਖੁੱਲ ਜਾਂਦੇ ਹਨ ਅਤੇ ਬਲਬ ਬੁੱਝ ਜਾਂਦੇ ਹਨ ਅਤੇ ਇਹ ਵੀ ਧਿਆਨ ਰੱਖਿਆ ਜਾਂਦਾ ਹੈ ਕਿ ਕਮਰੇ ਵਿੱਚ ਸਿੱਧੀ ਧੁੱਪ ਨਾ ਆਵੇ ਅੱਗ ਲੱਗਦਿਆਂ ਹੀ ਅਲਾਰਮ ਵੱਜਣ ਲੱਗਦਾ ਹੈ ਅਤੇ ਆਟੋਮੈਟਿਕ ਸਪਰੇ ਪੰਪਾਂ ਰਾਹੀਂ ਪਾਣੀ ਦਾ ਛਿੜਕਾ ਸ਼ੁਰੂ ਹੋ ਜਾਂਦਾ ਹੈ, ਫਾਇਰ ਬ੍ਰਿਗੇਡ ਨੂੰ ਵੀ ਆਪਣੇ ਆਪ ਟੈਲੀਫੋਨ ਹੋ ਜਾਂਦਾ ਹੈ। ਮਹੱਤਵਪੂਰਨ ਸੁਰੱਖਿਅਤ ਸਥਾਨਾ ਤੇ ਸ਼ੱਕੀ ਵਿਅਕਤੀ ਦੇ ਵੜਦਿਆਂ ਹੀ ਅਲਾਰਮ ਵੱਜਣ ਲਗਦਾ ਹੈ ਅਤੇ ਉਸ ਵਿਅਕਤੀ ਦੀ ਫੋਟੋ ਖਿੱਚੀ ਜਾਂਦੀ ਹੈ। ਕਲਪਨਾਵਾਂ ਵਰਗੀ ਲੱਗਦੀ ਅਜਿਹੀਆਂ ਪ੍ਰਬੰਧਾਂ ਨਾਲ ਲੈਸ ਇਮਾਰਤਾਂ ਨੂੰ ਹੀ ਅਕਲਮੰਦ ਇਮਾਰਤਾਂ ਕਿਹਾ ਜਾਂਦਾ ਹੈ। ਅਜਿਹੀਆਂ ਇਮਾਰਤਾਂ ਸਭ ਤੋਂ ਪਹਿਲਾਂ ਅਮਰੀਕਾ ਵਿੱਚ ਬਣਾਈਆਂ ਗਈਆਂ ਸਨ। ਪਰ ਹੁਣ ਸਾਰੇ ਵਿਕਸਤ ਦੇਸ਼ਾਂ ਵਿੱਚ ਅਜਿਹੀਆਂ ਕੰਪਿਊਟਰਾਈਜਡ ਇਮਾਰਤਾਂ ਬਣ ਰਹੀਆਂ ਹਨ।

ਭਾਰਤ ਵਿੱਚ ਪਹਿਲੀ ਅਕਲਮੰਦ ਇਮਾਰਤ ਬੰਬਈ ਵਿੱਚ ਸੀ.ਐਮ.ਸੀ ਹਾਊਸ ਬਣਾਈ ਗਈ । ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਕਾਂਗਰਸ ਪਾਰਟੀ ਦੇ ਮੁੱਖ ਦਫਤਰ ਦੀ ਇਮਾਰਤ ;ਜਵਾਹਰ ਭਵਨ ' ਨੂੰ ਅਕਲਮੰਦ ਇਮਾਰਤ ਦੇ ਰੂਪ ਵਿੱਚ ਬਣਵਾਉਣਾ ਚਾਹੁੰਦਾ ਸੀ ਪਰ ਅਜਿਹਾ ਨਹੀਂ ਹੋ ਸਕਿਆ। ਬਾਅਦ ਵਿੱਚ ਵਿਗਿਆਨ ਭਵਨ ਦੀ ਉਸਾਰੀ ਸਮੇਂ ਉਸ ਵਿੱਚ ਅਕਲਮੰਦੀ ਦੇ ਕੁੱਝ ਕੁ ਤੱਤ ਪਾਏ ਗਏ। ਪੂਨੇ ਵਿਖੇ ਸਥਿਤ 'ਟਾਟਾ ਰਿਸਰਚ ਡਿਵੈਲਪਮੈਂਟ ਐਂਡ ਡਿਜਾਈਨ ਸੈਂਟਰ ' ਦੀ ਇਮਾਰਤ ਕਲਾ ਪੱਖੋਂ ਬੇਜੋੜ ਹੋਣ ਦੇ ਨਾਲ ਨਾਲ ' ਅਕਲਮੰਦ ਇਮਾਰਤ ' ਵੀ ਹੈ। ਨਵੀਂ ਦਿੱਲੀ ਵਿਖੇ ਆਈ.ਐਫ.ਸੀ.ਆਈ ਦੇ ਮੁੱਖ ਦਫਤਰ ਦੀ ਬਹੁਮੰਜਲੀ ਇਮਾਰਤ ਵੀ 'ਅਕਲਮੰਦ ਇਮਾਰਤਾਂ ' ਦੀ ਸ਼੍ਰੇਣੀ ਵਿੱਚ ਆਉਂਦੀ ਹੈ । ਇਸ ਤੋਂ ਨਵੀਂ ਦਿੱਲੀ ਦੀਆਂ ਅਮਰੀਕਨ ਐਕਸਪ੍ਰੈਸ, ਵਰਲਡ ਬੈਂਕ, ਸਕੋਪ ਐਂਡ ਹੈਬੀਟੇਟ ਸੈਂਟਰ ਦੀਆਂ ਇਮਾਰਤਾਂ ਵਿੱਚ ਵੀ ਅਕਲਮੰਦੀ ਦੇ ਕੁੱਝ ਅੰਸ਼ ਮਿਲਦੇ ਹਨ। ਇਹਨਾਂ ਨੂੰ ਅੰਸ਼ਕ ਅਕਲਮੰਦ ਇਮਾਰਤਾਂ ਕਿਹਾ ਜਾਂਦਾ ਹੈ ।

ਅਕਲਮੰਦ ਇਮਾਰਤਾਂ ਵਿੱਚ ਸਭ ਤੋਂ ਵਧੇਰੇ ਜੋਰ ਊਰਜਾ ਦੀ ਬੱਚਤ. ਦੇਸ਼-ਵਿਦੇਸ਼ ਵਿੱਚ ਸੰਚਾਰ ਦੀ ਤੇਜ ਅਤੇ ਸਯੋਗ ਵਿਵਸਥਾ ਅਤੇ ਸੁਰੱਖਿਆ ਤੇ ਦਿੱਤਾ ਜਾਂਦਾ ਹੈ। ਊਰਜਾ ਦੀ ਬੱਚਤ ਲਈ ਏਅਰ ਕੰਡੀਸ਼ਨਰ ਅਤੇ ਰੌਸ਼ਨੀ ਦੋਵੇਂ ਵਿਵਸਥਾਵਾਂ ਨੂੰ ਕੰਪਿਊਟਰ ਦੁਆਰਾ ਕੰਟਰੋਲ ਕੀਤਾ ਜਾਂਦਾ ਹੈ। ਲੱਗਭੱਗ ਸਾਰੀਆਂ ਅਕਲਮੰਦ ਇਮਾਰਤਾਂ ਬਾਹਰੋਂ ਕੱਚ ਨਾਲ ਘਿਰੀਆਂ ਨਜਰ ਆਉਂਦੀਆਂ ਹਨ ਇਹਨਾਂ ਨੂੰ 'ਗਲਾਸ ਕੰਨਟੇਨਰ ' ਕਿਹਾ ਜਾਂਦਾ ਹੈ। ਇਹ ਵਿਸ਼ੇਸ਼ ਕੱਚ ਸੂਰਜ ਦੀ ਵਿਸ਼ੇਸ਼ 'ਇਨਫਰਾ ਰੈਡ ' ਕਿਰਨਾਂ ਨੂੰ ਇਮਾਰਤ ਵਿੱਚ ਵੜਨ ਨਹੀਂ ਦਿੰਦਾ ਪਰ ਰੌਸ਼ਨੀ ਬੇਰੋਕ ਅੰਦਰ ਜਾ ਸਕਦੀ ਹੈ।ਇਸ ਤੋਂ ਇਲਾਵਾ ਕਮਰਿਆਂ ਦੇ ਅੰਦਰ ਵੀ 'ਵੇਨੇਸ਼ੀਸ਼ੀਅਨ ਥਾਈਂਡਜ ' ਵਾਲੇ ਪਰਦੇ ਲੱਗੇ ਹੁੰਦੇ ਹਨ ਜਿਨ੍ਹਾਂ ਉਤੇ ਸੂਖਮ ਮੋਟਰਾਂ ਅਤੇ 'ਇਨਫਰ·ਰੈਡ ਸੈਂਸਰ' ਲੱਗੇ ਹੁੰਦੇ ਹਨ। ਜਦੋਂ ਕਮਰੇ ਤੇ ਸਿੱਧੀ ਧੁੱਪ ਪੈਣੀ ਬੰਦ ਹੋ ਜਾਂਦੀ ਹੈਤਾਂ ਸੂਖਮ ਮੋਟਰਾਂ ਆਪਣੇ ਆਪ ਚਾਲੂ ਹੋ ਕੇ ਸੂਖਮ ਪਰਦੇ ਖੋਲ ਦਿੰਦੀਆਂ ਹਨ। ਜਿਸ ਨਾਲ ਕਮਰਾ ਕੁਦਰਤੀ ਰੌਸ਼ਨੀ ਨਾਲ ਭਰ ਜਾਂਦਾ ਹੈ। ਪਰ ਤਪਮਾਨ ਨਹੀਂ ਵਧਦਾ। ਕਮਰੇ ਅੰਦਰ ਲੋੜੀਂਦੀ ਰੌਸ਼ਨੀ ਪਹੁੰਚਦਿਆ ਹੀ ਕੰਪਿਊਟਰ ਦੁਆਰਾ ਟਿਊਬ ਲਾਈਟ ਆਪਣੇ ਆਪ ਬੰਦ ਹੋ ਜਾਂਦੀ ਹੈ। ਸੂਰਜੀ ਰੌਸ਼ਨੀ ਦੀ ਭਰਭੂਰ ਵਰਤੋਂ ਲਈ ਪਰਾਵਰਤਿਕ ਵੀ ਲਾਏ ਜਾਂਦੇ ਹਨ। ਜੇਕਰ ਕਮਰੇ ਵਿੱਚ ਕੋਈ ਨਹੀਂ ਤਾਂ ਕੰਪਿਊਟਰ ਤੁਰੰਤ ਅਹਿਸਾਸ ਕਰਕੇ ਬਲਬ ਅਤੇ ਹੋਰ ਉਪਕਰਨ ਬੰਦ ਕਰ ਦਿੰਦੇ ਹਨ। ਏਅਰ ਕੰਡੀਸ਼ਨਰ ਤੇ ਹੋਣ ਵਾਲੇ ਖਰਚ ਨੂੰ ਘਟਾਉਣ ਲਈ ਇਮਾਰਤਾਂ ਵਿੱਚ ਠੰਡੀ ਹਵਾ ਲਈ ਖਿੜਕੀਆਂ ਖੁੱਲ ਜਾਂਦੀਆਂ ਹਨ। ਇਸ ਲਈ ਸਵੇਰੇ ਸਵੇਰੇ 'ਅਕਲੰਦ ਇਮਾਰਤਾਂ 'ਵਿੱਚ ਤਾਪਮਾਨ ਅਰਾਮ ਦਾਇਕ ਹਾਲਤ ਵਿੱਚ ਹੁੰਦਾ ਹੈ। ਫਿਰ ਜਿਵੇਂ ਜਿਵੇਂ ਦਿਨੇ ਗਰਮੀ ਵਧਦੀ ਜਾਂਦੀ ਹੈਉਵੇਂਉਵੇਂ ਹੀ ਵੱਖ ਵੱਖ ਏਅਰ ਕੰਡੀਸ਼ਨਰ ਚੱਲਣੇ ਸ਼ੁਰੂ ਹੋ ਜਾਂਦੇ ਹਨ। ਏਅਰ ਕੰਡੀਸ਼ਨ ਲਈ ਇਮਾਰਤਾਂ ਨੂੰ ਵੱਖ-ਵੱਖ ਭਾਗਾਂ ਵਿੱਚ ਵੰਡਿਆਂ ਜਾਂਦਾ ਹੈ ਤਾਂ ਕਿ ਜਿੱਥੇ ਲੋੜ ਨਾ ਹੋਵੇ ਉਥੋਂ ਦੇ ਏਅਰ ਕੰਡੀਸ਼ਨਰ ਬੰਦ ਕੀਤੇ ਜਾ ਸਕਣ। ਇਹ ਸਾਰੀ ਵਿਵਸਥਾ ਦਾ ਪ੍ਰਬੰਧ ਕੰਪਿਊਟਰ ਦੁਆਰਾ ਹੀ ਕੀਤਾ ਜਾਂਦਾ ਹੈ। ਕੰਪਿਊਟਰ ਨੂੰ ਹਰ ਵੇਲੇ ਇਸ ਗੱਲ ਦਾ ਪਤਾ ਹੁੰਦਾ ਹੈ ਕਿ ਇਮਾਰਤ

ਕਿੰਨੀ ਬਿਜਲੀ ਖਪਤ ਹੋ ਰਹੀ ਹੈ। ਤਹਿ ਕੀਤੀ ਮਾਤਰਾ ਤੋਂ ਖਪਤ ਵਧਣ ਤੇ ਕੰਪਿਊਟਰ ਆਪਣੇ ਆਪ ਹੀ ਬੇਲੋੜੀਆਂ ਥਾਵਾਂ ਤੇ ਬਿਜਲੀ ਦੀ ਖਪਤ ਰੋਕ ਦਿੰਦਾ ਹੈ।

ਅਕਲਮੰਦ ਇਮਾਰਤਾਂ ਵਿੱਚ ਵੱਖ-ਵੱਖ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਵੱਖੋ-ਵੱਖ ਕਮਰੇ ਨਹੀਂ ਹੁੰਦੇ ਸਗੋਂ ਇੱਕ ਹੀ ਕਮਰੇ ਵਿੱਚ ਵੱਖ-ਵੱਖ ਡੈਸਕ ਜਾਂ ਮੈਡਿਊਲਜ ਹੁੰਦੇ ਹਨ। ਇਹਨਾਂ ਨੂੰ 'ਵਰਕ ਸਟੇਸ਼ਨ 'ਕਿਹਾ ਜਾਂਦਾ ਹੈ। ਕੰਪਿਊਟਰ ਅਤੇ ਟੈਲੀਫੋਨ ਨਾਲ ਲੈਸ ਅਜਿਹੇ ਡੈਸਕਾਂ ਤੇ ਅਫਸਰ ਜਾਂ ਕਰਮਚਾਰੀ ਜਦ ਤੱਕ ਚਾਹੁੰਣ ਕੰਮ ਕਰ ਸਕਦੇ ਹਨ। ਦੋ ਡੈਸਕਾਂ ਦੇ ਵਿਚਕਾਰ ਲੁਭਾਉਣੇ ਕੱਪੜੇ ਦੇ ਪਰਦੇ ਹੁੰਦੇ ਹਨ ਜੋ ਕਿ ਅਵਾਜ ਨੂੰ ਸੋਖਣ ਦਾ ਕੰਮ ਵੀ ਕਰਦੇ ਹਨ ਜਿਸ ਨਾਲ ਸ਼ੋਰ ਬਹੁਤ ਹੀ ਘੱਟ ਜਾਂਦਾ ਹੈ। ਸਾਰੀ ਇਮਾਰਤ ਵਿੱਚ ਸਵੇਰੇ ਸੰਗੀਤ ਦੀਆਂ ਮਿੱਠੀਆਂ ਲਹਿਰਾਂ ਗੂੰਜਦੀਆਂ ਹਨ। ਮਨੋ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਨਾਲ ਕੰਮ ਕਰਨ ਦੀ ਸਮਰੱਥਾ ਬਹੁਤ ਵੱਧ ਜਾਂਦੀ ਹੈ। ਇਮਾਰਤਾਂ ਦੀ ਡਿਜਾਈਨਿੰਗ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਵੱਖ-ਵੱਖ ਮੰਜਲਾਂ ਅਲੱਗ-ਅਲੱਗ ਵਿਖਾਈ ਨਹੀਂ ਦਿੰਦੀਆਂ। ਇਉਂ ਲੱਗਦਾ ਹੈ ਜਿਵੇਂ ਸਾਰੀਆਂ ਮੰਜਲਾਂ ਇੱਕ ਦੂਜੇ ਵਿੱਚ ਘੁਲੀਆਂ ਮਿਲੀਆਂ ਹੋਣ। ਨਾਲ ਹੀ ਕਿਸੇ ਵੀ ਮੰਜਲ ਤੇ ਖੜੇ ਹੋ ਕੇ ਥੱਲੇ ਦੀਆਂ ਸਾਰੀਆਂ ਮੰਜਿਲਾਂ ਦੇ ਅੰਦਰ ਵੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਕਰਮਚਾਰੀਆਂ ਨੂੰ ਦੂਰੀ ਦਾ ਅਹਿਸਾਸ ਨਹੀਂ ਹੁੰਦਾ ਅਤੇ ਕੰਮ ਸਮਰੱਥਾ ਵੱਧ ਜਾਂਦੀ ਹੈ ।

ਹਰ 'ਵਰਕ ਸਟੇਸ਼ਨ ' ਤੇ ਲੱਗੇ ਕੰਪਿਊਟਰ ਦੇ ਜਰੀਏ ਦੇਸ਼ ਵਿਦੇਸ਼ ਵਿੱਚ ਕਿਤੇ ਵੀ 'ਈ ਮੇਲ ' ਦੇ ਸਹਾਰੇ ਤੁਰੰਤ ਸੰਦੇਸ਼ ਭੇਜਿਆ ਜਾ ਸਕਦਾ ਹੈ। ਹਰ ਡੈਸਕ ਤੇ 'ਇੰਟਰਨੈਟ ' ਦੀ ਸਹੂਲਤ ਵੀ ਪ੍ਰਾਪਤ ਹੁੰਦੀ ਹੈ। ਇਸ ਨਾਲ ਹਰੇਕ ਦੇਸ਼ ਵਿੱਚ ਸਥਿਤ ਜਾਣਕਾਰੀ ਅਤੇ ਅੰਕੜਿਆਂ ਦੇ ਵਿਸ਼ਾਲ ਭੰਡਾਰਾਂ ਤੱਕ ਪਹੁੰਚ ਕੀਤੀ ਜਾ ਸਕਦੀ ਹੈ। ਯਾਨਿ ਕਿ ਵਰਕ ਸਟੇਸ਼ਨ ਤੇ ਕੰਮ ਕਰਨ ਵਾਲੇ ਕਰਮਚਾਰੀ ਲਈ ਸਾਰੀ ਦੁਨੀਆਂ ਸਿਮਟ ਕੇ ਉਸਦੇ ਡੈਸਕ ਤੇ ਇਕੱਠੀ ਹੋ ਜਾਂਦੀ ਹੈ। ਅਕਲਮੰਦ ਇਮਾਰਤਾਂ ਵਿੱਚ ਕੰਪਿਊਟਰ ਦੀ ਮੱਦਦ ਨਾਲ 'ਵੀਡੀਓ ਸੰਮੇਲਨ ' ਵੀ ਆਯੋਜਿਤ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਦੁਨੀਆਂ ਦੇ ਵੱਖ-ਵੱਖ ਹਿਸਿਆਂ ਵਿੱਚ ਬੈਠੇ ਮਾਹਿਰਾਂ ਨਾਲ ਆਹਮਣੇ ਸਾਹਮਣੇ ਗੱਲਾਂ ਕਰਕੇ ਤੁਰੰਤ ਫੈਸਲੇ ਕੀਤੇ ਜਾ ਸਕਦੇ ਹਨ। ਅਕਲਮੰਦ ਇਮਾਰਤਾਂ ਵਿੱਚ ਕੰਪਿਊਟਰ ਤੋਂ ਇਲਾਵਾ ਟੈਲੀਫੋਨ ਦੀ ਵਿਵਸਥਾ ਵੀ ਬਹੁਤ ਉਨਤ ਹੁੰਦੀ ਹੈ ਜਿਸ ਕਾਰਨ ਬਾਹਰ ਤੋਂ ਆਈ ਕੋਈ ਵੀ ਕਾਲ ਵਿਅਰਥ ਨਹੀਂ ਜਾਂਦੀ। ਲੋੜੀਂਦਾ ਆਦਮੀ ਇਮਾਰਤ ਵਿੱਚ ਕਿਤੇ ਵੀ ਫਿਰਦਾ ਹੋਵੇ ਉਸ ਨਾਲ ਤੁਰੱਤ ਸੰਪਰਕ ਕੀਤਾ ਜਾ ਸਕਦਾ ਹੈ। ਜੇਕਰ ਵਿਅਕਤੀ ਆਪਣੇ ਨਿਰਧਾਰਤ ਨੰਬਰ ਤੇ ਮੌਜੂਦ ਨਹੀਂ ਹੁੰਦਾ ਤਾਂ ਉਸਦੇ ਨਾਂ ਦਾ ਐਲਾਨ ਸਪੀਕਰ ਰਾਹੀਂ ਕਰ ਦਿੱਤਾ ਜਾਂਦਾ ਹੈ ਲੋੜੀਂਦਾ ਵਿਅਕਤੀ ਜਿੱਥੇ ਵੀ ਹੋਵੇ ਉਥੋਂ ਹੀ ਟੈਲੀਫੋਨ ਤੇ ਗੱਲ ਕਰ ਸਕਦਾ ਹੈ। ਇਸ ਤੋਂ ਇਲਾਵਾ ਇਮਾਰਤ ਵਿੱਚ ਪੇਜਰ ਦੀ ਸਹੂਲਤ ਵੀ ਹੁੰਦੀ ਹੈ। ਪੇਜਰ ਤੇ ਤੁਰੰਤ ਦੱਸਿਆ ਜਾਂਦਾ ਹੈ ਕਿ ਕੌਣ ਕਿੱਥੇ ਫੋਨ ਕਰ ਰਿਹਾ ਹੈ। ਟੈਲੀਫੋਨ ਤੇ ਇਸ ਤੋਂ ਇਲਾਵਾ ਵੀ ਬਹੁਤ ਸਾਰੀਆਂ! ਸਹੂਲਤਾਂ ਪ੍ਰਾਪਤ ਹੁੰਦੀਆਂ ਹਨ ਜਿਸ ਨਾਲ ਕੰਮ ਕਰਨ ਦੀ ਸਮਰੱਥਾ ਵਿੱਚ ਬਹੁਤ ਵਾਧਾ ਹੋ ਜਾਂਦਾ ਹੈ।

ਅਕਲਮੰਦ ਇਮਾਰਤਾਂ ਵਿੱਚ ਸੁਰੱਖਿਆ ਦੀ ਵਿਵਸਥਾ ਵੀ ਬਹੁਤ ਹੀ ਉਚ ਪੱਧਰ ਦੀ ਹੁੰਦੀ ਹੈ। ਦਰਵਾਜਿਆਂ ਦੇ ਵਿੱਚ ਹੀ 'ਮੈਟਲ ਡਿਟੈਕਟਰ ' ਅਤੇ 'ਐਕਸ ਰੇ ਮਸ਼ੀਨਾਂ ' ਲੱਗੀਆਂ ਹੁੰਦੀਆਂ ਹਨ। ਇਸ ਤਰ੍ਹਾਂ ਕਿਸੇ ਵਿਅਕਤੀ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਸਦੀ ਤਲਾਸ਼ੀ ਲਈ ਜਾ ਰਹੀ ਹੈ ਅਤੇ ਕੰਪਿਊਟਰ ਦੁਆਰਾ ਉਸਦੀ ਪੂਰੀ ਜਾਂਚ ਪੜਤਾਲ ਹੋ ਜਾਂਦੀ ਹੈ। ਕੋਈ ਗੜਬੜੀ ਹੋਣ ਤੇ ਅਲਾਰਮ ਵੱਜਣ ਲੱਗ ਜਾਂਦਾ ਹੈ ਅਤੇ ਸ਼ੱਕੀ ਵਿਅਕਤੀ ਨੂੰ ਰੋਕ ਲਿਆ ਜਾਂਦਾ ਹੈ। ਅਜਿਹੀਆਂ ਇਮਾਰਤਾਂ ਵਿੱਚ ਕੰਮ ਕਰਨ ਵਾਲੇ ਹਰੇਕ ਵਿਅਕਤੀ ਨੂੰ ਇੱਕ ਕਾਰਡ ਦਿੱਤਾ ਜਾਂਦਾ ਹੈ ਜਿਸ ਤੇ ਇੱਕ ਕੋਡ ਛਪਿਆ ਹੁੰਦਾ ਹੈ ਅਤੇ ਹਰ ਮੰਜਿਲ ਦੇ ਦਰਵਾਜੇ ਤੇ ਇੱਕ ਕਾਰਡ ਰੀਡਰ ਲੱਗਿਆ ਹੁੰਦਾ ਹੈ। ਕਾਰਡ ਵਿਖਾਉਣ ਤੇ ਦਰਵਾਜਾ ਖੁੱਲਦਾ ਹੈ। ਬਾਹਰ ਆਉਣ ਸਮੇਂ ਵੀ ਇਹੀ ਕਿਰਿਆ ਦੁਹਰਾਉਣੀ ਪੈਂਦੀ ਹੈ। ਇਸ ਦੇ ਨਾਲ ਹੀ ਕਾਰਡ ਵਾਲੇ ਵਿਅਕਤੀ ਦੇ ਆਉਣ ਜਾਣ ਦਾ ਸਮਾਂ ਵੀ ਕੰਪਿਊਟਰ ਤੇ ਦਰਜ ਹੋ ਜਾਂਦਾ ਹੈ ਇਸ ਤਰ੍ਹਾਂ ਹਾਜਰੀ ਰਜਿਸਟਰ ਦੀ ਕੋਈ ਲੋੜ ਨਹੀਂ ਰਹਿੰਦੀ। ਇਮਾਰਤ ਵਿਚਲੇ ਦਫਤਰ ਖੁਲਦੇ ਹੀ ਸੁਰੱਖਿਆ ਪ੍ਰਣਾਲੀ ਆਪਣੇ ਆਪ ਹੀ ਕੰਮ ਕਰਨਾ ਸ਼ੁਰੂ ਹੋ ਜਾਂਦੀ ਹੈ। ਇਸ ਦੇ ਤਹਿਤ ਵਿਸ਼ੇਸ਼ ਸੁਰੱਖਿਆ ਵਾਲੇ ਸਥਾਨਾਂ ਤੇ ' ਇਨਫਰਾਰੈਡ ਮੋਸ਼ਨ ਡਿਟੈਕਟਰ ' ਲਾਏ ਜਾਂਦੇ ਹਨ। ਜਿਵੇਂ ਹੀ ਕੋਈ ਵਿਅਕਤੀ ਸੁਰੱਖਿਅਤ ਖੇਤਰ ਵਿੱਚ ਪਹੁੰਚਦਾ ਹੈ ਤਾਂ ਤੁਰੰਤ ਕੇਂਦਰੀ ਕੰਪਿਊਟਰ ਤੱਕ ਖਬਰ ਪਹੁੰਚ ਜਾਂਦੀ ਹੈ ਅਤੇ ਅਲਾਰਮ ਵੱਜਣ ਲੱਗ ਪੈਂਦਾ ਹੈ। ਅਤੇ ਨਾਲ ਹੀ ਵਿਅਕਤੀ ਦੀ ਤਸਵੀਰ ਕੇਂਦਰੀ ਕੰਟਰੋਲ ਤੇ ਲੱਗੇ ਟੀ.ਵੀ. ਤੇ ਆਉਣ ਲੱਗਦੀ ਹੈ। ਇਸ ਲਈ ਵੱਖ ਵੱਖ ਥਾਵਾਂ ਤੇ ਕਲੋਜ ਸਰਕਟ ਟੀ.ਵੀ ਕੈਮਰੇ ਲਾਏ ਜਾਂਦੇ ਹਨ। ਅੱਗ ਤੋਂ ਸੁਰੱਖਿਆ ਇਮਾਰਤ ਵਿੱਚ ਬਹੁਤ ਹੀ ਉਚ ਦਰਜੇ ਦੇ 'ਸਮੋਕ ਡਿਟੈਕਟਰ ' ਲੱਗੇ ਹੁੰਦੇ ਹਨ। ਅੱਗ ਲਗਦਿਆਂ ਹੀ ਸਮੋਕ ਡਿਟੈਕਟਰ ਆਪਣੇ ਆਪ ਹੁਕਮ ਦੇਣੇ ਸ਼ੁਰੂ ਕਰ ਦਿੰਦਾ ਹੈ। ਫਾਇਰ ਅਲਾਰਮ ਵੱਜਣ ਲੱਗਦਾ ਹੈ। ਛੱਤਾਂ ਅਤੇ ਕੰਧਾਂ ਵਿੱਚ ਲੱਗੇ ਫੁਆਰਿਆਂ ਤੋਂ ਪਾਣੀ ਦਾ ਛਿੜਕਾ ਸ਼ੁਰੂ ਹੋ ਜਾਂਦਾ ਹੈ। ਕੰਟਰੋਲ ਕੇਂਦਰ ਤੇ ਲੱਗਿਆ ਕੰਪਿਊਟਰ ਆਪਣੇ ਆਪ ਫਾਇਰ ਬ੍ਰਿਗੇਡ ਨੂੰ ਸੂਚਨਾ ਭੇਜ ਦਿੰਦਾ ਹੈ ਅਤੇ ਕੰਪਿਊਟਰ ਤੇ ਅੱਗ ਲੱਗਣ ਦੀ ਸਥਿਤੀ ਵੇਲੇ ਸਾਵਧਾਨੀਆਂ ਬਾਰੇ ਸੂਚਨਾ ਆਉਣੀ ਸ਼ੁਰੂ ਹੋ ਜਾਂਦੀ ਹੈ। ਕਿਥੋਂ ਰਾਸਤਾ ਖੋਲਣਾ ਹੈ ਕਿੱਥੇ ਬੰਦ ਕਰਨਾ ਹੈ, ਟੈਂਕੀਆਂ ਵਿੱਚ ਅੱਗ ਬੁਝਾਉਣ ਲਈ ਪਾਣੀ ਪੂਰੀ ਮਿਕਦਾਰ ਵਿੱਚ ਹੈ ਜਾਂ ਨਹੀਂ। ਇਨ੍ਹਾਂ ਸਾਰੀਆਂ ਗੱਲਾਂ ਦੀ ਸੂਚਨਾ ਕੰਪਿਊਟਰ ਆਪਣੇ

ਜੈ ਵਿਗਿਆਨ ਦੇ ਨਾਅਰੇ ਹੇਠ

ਪੋਖਰਨ ਵਿਖੇ ਕੀਤੇ ਗਏ ਪ੍ਰਮਾਣੂ ਧਮਾਕਿਆਂ ਤੋਂ ਪਿਛੋਂ ਦੇਸ਼ ਦੇ ਪ੍ਰਧਾਨ ਮੰਤਰੀ ਤੇ ਭਾਜਪਾ ਗਠਜੋੜ ਸਰਕਾਰ ਦੇ ਆਗੂ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੇ ਦੇਸ਼ ਨੂੰ 'ਜੈ ਵਿਗਿਆਨ ' ਦਾ ਨਾਅਰਾ ਦਿੱਤਾ ਹੈ। ਭਾਵ ਸਰਕਾਰ ਵਿਗਿਆਨ ਦੀ ਜਿੱਤ ਤੇ ਸ਼ਕਤੀ ਲਈ ਉਸਦੀ ਜੈ-ਜੈ ਕਾਰ ਕਰ ਰਹੀ ਹੈ ਪਰ ਵਿਗਿਆਨ ਦੀ ਸ਼ਕਤੀ ਨੂੰ ਕਿਹੜੇ ਮਨਸ਼ਿਆਂ ਲਈ ਵਰਤਿਆ ਜਾ ਰਿਹਾ ਹੈ, ਹਕੂਮਤ ਦਾ ਇਸ ਨਾਲ ਕੋਈ ਸਰੋਕਾਰ ਨਹੀਂ ਜਾਪਦਾ। ਵਿਗਿਆਨ ਦੀ ਲੋਕ ਹਿਤੂ ਵਿਗਿਆਨਕ ਸੋਚ ਨਾਲ ਜੈ ਵਿਗਿਆਨ ਦੇ ਨਾਅਰੇ ਮਾਰਨ ਵਾਲੇ ਮੌਜੂਦਾ ਹਾਕਮਾਂ ਦਾ ਕਿਤੇ ਦੂਰ ਦਾ ਵਾਸਤਾ ਵੀ ਨਹੀਂ ਹੈ। ਦੇਸ਼ ਦੀ ਸੱਤਾ ਸੰਭਾਲਣ ਸਮੇਂ ਹਕੂਮਤ ਨੇ ਜਿਸ ਗੈਰ ਵਿਗਿਆਨਕ ਤੇ ਪਹੁੰਚ ਦਾ ਪ੍ਰਗਟਾਵਾ ਕੀਤਾ ਹੈ, ਉਹ ਕਿਸੇ ਤੋਂ ਲੁਕਿਆ ਛਿਪਿਆ ਨਹੀਂ। ਸਰਕਾਰ ਦੀ ਸਥਾਪਨਾ ਲਈ ਹਵਨ ਯੱਗ ਕਰਨੇ, ਸਾਧ-ਸਿਆਣਿਆਂ ਦੇ ਪੈਰ ਫੜਨੇ ਤੇ ਜੋਤਸ਼ੀਆਂ ਤਾਂਤਰਿਕਾਂ ਮਗਰ ਫਿਰ ਕੇ ਆਪਣੀ ਸੂਝ ਦਾ ਪ੍ਰਗਟਾਵਾ ਹੁਕਮਰਾਨ ਪਹਿਲਾਂ ਹੀ ਕਰ ਚੁੱਕੇ ਹਨ। ਪ੍ਰਧਾਨ ਮੰਤਰੀ ਖੁਦ ਅਜਿਹੀ ਪਾਰਟੀ ਦਾ ਬੁਲਾਰਾ ਹੈ, ਜਿਹੜੀ ਮੱਧ ਯੁਗੀ ਮਿਸਕਾਰਾਂ ਨੂੰ ਮੁੜ ਸਥਾਪਿਤ ਕਰਨਾ ਚਾਹੁੰਦੀ ਹੈ। ਸਰਕਾਰ ਦਾ ਕੋਈ ਵੀ ਕੰਮ ਧਾਰਮਿਕ ਰਸਮਾਂ ਤੋਂ ਬਿਨਾਂ ਸੰਪੂਰਨ ਨਹੀਂ ਹੁੰਦਾ। ਸਰਕਾਰ ਦੇ ਸਹਿਯੋਗੀ ਤਾਂ ਵਿਗਿਆਨਕ ਸੋਚ ਨਾਲ ਮੁੱਢ ਕਦੀਮੀ ਵੈਰ ਰੱਖਣ ਵਾਲੇ ਫੁਰਮਾਨ ਜਾਰੀ ਕਰ ਰਹੇ ਹਨ। ਗੱਲ ਕੀ, ਜੈ ਵਿਗਿਆਨ ਦੇ ਪਰਦੇ ਹੇਠ ਅੰਧਵਿਸ਼ਵਾਸ਼ਾਂ ਦੀ ਜਹਾਲਤ ਫੈਲਾਈ ਜਾ ਰਹੀ ਹੈ। ਹਕੂਮਤ ਦੀ ਇਸ ਸਾਜਿਸ਼ ਨੂੰ ਸਰਕਾਰੀ ਮੀਡੀਆ ਬਾਖੂਬੀ ਨਿਭਾ ਰਿਹਾ ਹੈ ਮਿਥਿਹਾਸਕ-ਪਿੱਠ ਭੂਮੀ ਵਾਲੇ ਸੀਰੀਅਲ ਵਿਖਾ ਕੇ, ਰਹੱਸਮਈ/ਮਨੋਕਲਪਿਤ ਪ੍ਰੋਗਰਾਮ ਪੇਸ਼ ਕਰਕੇ ਬਾਲ ਮਨਾਂ ਉਪਰ ਦੈਵੀ ਸ਼ਕਤੀਆਂ ਦਾ ਡਰ ਬਿਠਾਇਆ ਜਾ ਰਿਹਾ ਹੈ। ਹਰ ਖੇਤਰ ਵਿੱਚ ਹਕੂਮਤ ਦੀ ਨੀਤੀ ਅਨੁਸਾਰ ਵਿਗਿਆਨ ਦੀ ਥਾਂ ਮੂਲਵਾਦ ਦੀ ਘੁਸਪੈਠ ਕੀਤੀ ਜਾ ਰਹੀ ਹੈ। ਚੋਣ ਵਾਅਦਿਆਂ ਵਾਂਗ ਜੈ ਵਿਗਿਆਨ ਦਾ ਨਾਅਰਾ ਵੀ ਮਹਿਜ ਇੱਕ ਛਲਾਵਾ ਹੀ ਹੈ ਜਿਸ ਵਿਚਲੇ ਰਾਜ ਤੇ ਪਿੱਛੇ ਕੰਮ ਕਰਦੇ ਮਨਸ਼ਿਆ ਨੂੰ ਜਾਨਣਾ ਸਮੇਂ ਦੀ ਲੋੜ ਹੈ।

ਭਵਿਖ ਦੀ ਚਿੰਤਾ :

ਧਰਮ ਦਾ ਨਸ਼ਾ ਬਹੁਤ ਖਤਰਨਾਕ ਹੁੰਦਾ ਹੈ। ਇਸ ਦਾ ਸੁਆਦ ਤਾਂ ਨਸ਼ੇ ਦੇ ਆਦੀ ਹੀ ਜਾਨਣ ਪਰ ਇਸਦੇ ਸਿੱਟੇ ਸਾਰੀ ਦੁਨੀਆਂ ਨੇ ਭੁਗਤੇ ਹਨ। ਸਮੁੱਚੇ ਸੰਸਾਰ 'ਚ ਧਰਮਾਂ ਦੇ ਨਾਂ ਤੇ ਹੋਇਆ ਕਤਲੇਆਮ ਇਸਦਾ ਜਿਊਂਦਾ ਜਾਗਦਾ ਸਬੂਤ ਹੈ। ਪੰਜਾਬ ਨੇ ਵੀ ਲੱਗਭੱਗ ਇਸਦਾ ਸੰਤਾਪ ਭੋਗਿਆ ਹੈ। ਅੱਜ ਵੀ ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਹੁੰਦੇ ਫਿਰਕੂ ਦੰਗੇ ਧਰਮ ਦੇ ਠੇਕੇਦਾਰਾਂ ਦੀ ਦੇਖ ਰੇਖ ਵਿੱਚ ਹੀ ਹੁੰਦੇ ਹਨ। ਪਰ ਸ਼ਰਦਾਵਾਨ ਲੋਕ ਆਪਣੇ 'ਧਰਮ ਗੁਰੂਆਂ ' ਖਿਲਾਫ ਕੁੱਝ ਵੀ ਸੁਨਣ ਨੂੰ ਤਿਆਰ ਨਹੀਂ ਹੁੰਦੇ। ਉਹਨਾਂ ਲਈ ਆਪਣਾ ਜੀਵਨ, ਭਵਿੱਖ ਕੁੱਝ ਵੀ ਨਹੀਂ ਹੈ ਬੱਸ ! ਧਰਮ ਦੀ ਖੈਰ ਚਾਹੀਦੀ ਹੈ। ਪਿਛਲੇ ਦਿਨਾਂ ਵਿੱਚ ਦਿੱਲੀ ਦੂਰਦਰਸ਼ਨ ਤੋਂ ਪ੍ਰਸਾਰਤ ਹੁੰਦੇ ਮਿਥਿਹਾਸਕ, ਰਹੱਸਮਈ/ ਦੈਵੀ ਘਟਨਾਵਾਂ ਨਾਲ ਭਰੇ ਸੀਰੀਅਲ 'ਜੈ ਹਨੂੰਮਾਨ 'ਖਿਲਾਫ ਇੱਕ ਧਰਮ ਦੇ ਲੋਕਾਂ ਵੱਲੋਂ ਜਬਰਦਸਤ ਰੋਸ ਪ੍ਰਗਟ ਕੀਤਾ ਗਿਆ। ਉਹਨਾਂ ਦਾ ਤਰਕ ਸੀ ਕਿ ਸਾਡੇ ਧਰਮ ਗੁਰੂ ਪ੍ਰਤੀ ਗਲਤ ਪ੍ਰਾਪੇਗੰਡਾ ਕੀਤਾ ਗਿਆ ਹੈ। ਉਸਨੂੰ ਮਾੜੇ ਰੂਪ 'ਚ ਪੇਸ਼ ਕੀਤਾ ਗਿਆ ਹੈ। ਰੋਸ ਵਜੋਂ ਸ਼ਰਧਾਲੂ ਲੋਕਾਂ ਨੇ ਸਰਕਾਰੀ ਤੇ ਨਿੱਜੀ ਸੰਪਤੀ ਦਾ ਭਰਵਾਂ ਨੁਕਸਾਨ ਕੀਤਾ। ਆਖਰਕਰ ਪ੍ਰਧਾਨ ਮੰਤਰੀ ਦੇ ਦਖਲ ਤੇ ਸੀਰੀਅਲ ਦੇ ਪ੍ਰੋਡਿਊਸਰ ਵੱਲੋਂ ਇਤਰਾਜ ਯੋਗ ਦ੍ਰਿਸ਼ ਕੱਟਣ ਤੇ ਸ਼ਰਧਾਲੂਆਂ ਤੋਂ ਖਿਮਾ ਲੈਣ ਦੇ ਫੈਸਲੇ ਤੇ ਰੋਸ ਪ੍ਰਗਟਾਵਾ ਖਤਮ ਹੋਇਆ। ਪਰ ਦੂਸਰੇ ਪਾਸੇ ਲੰਬੇ ਸਮੇਂ ਤੋਂ ਦੂਰਦਰਸ਼ਨ ਤੇ ਮਨੋਕਲਪਿਤ ਸੀਰੀਅਲਾਂ ਰਾਹੀਂ ਬੱਚਿਆਂ ਤੇ ਨੌਜਵਾਨ ਪੀੜ੍ਹੀ ਨੂੰ ਅੰਧਵਿਸ਼ਵਾਸ਼ਾਂ ਦਾ ਮਿੱਠਾ ਜਹਿਰ ਦਿੱਤਾ ਜਾ ਰਿਹਾ ਹੈ। ਲਗਾਤਾਰ ਕਿਸਮਤ ਕਰਮਾਂ ਦਾ ਮਾਰੂ ਸਬਕ ਦਿੱਤਾ ਜਾ ਰਿਹਾ ਹੈ। ਆਟੇ 'ਚ ਲੂਣ ਬਰਾਬਰ ਚੇਤੰਨ ਲੋਕਾਂ ਨੂੰ ਛੱਡ , ਲੋਕ ਚੁੱਪ ਚਾਪ ਸਭ ਕੁੱਝ ਵੇਖ ਰਹੇ ਹਨ। ਰੋਸ ਪ੍ਰਗਟਾਵੇ ਦਾ ਤਾਂ ਸੁਆਲ ਹੀ ਨਹੀਂ ਹੈ। ਲੋਕਾਂ ਨੂੰ ਆਪਣੇ ਭਵਿੱਖ ਦੀ ਚਿੰਤਾਂ ਨਹੀਂ ਹੈ, ਸਗੋਂ 'ਮੁਕਤੀ ' ਦੀ ਚਿੰਤਾ ਹੈ ਜਿਸ ਲਈ ਉਹ ਧਰਮ ਗੁਰੂਆਂ ਪਾਸ ਜਾਂਦੇ ਹਨ। ਜਿੰਨਾਂ ਚਿਰ ਲੋਕਾਂ ਦੀ ਅਜਿਹੀ ਸੋਚ ਨਹੀਂ ਬਦਲਦੀ ਉਤਨਾਂ ਚਿਰ ਉਹ ਧਰਤੀ ਤੇ ਸਵਰਗ ਸਿਰਜਣ ਦੀ ਬਜਾਇ ਕਲਪਿਤ ਸਵਰਗ ਦੀ ਪ੍ਰਾਪਤੀ ਦੇ ਚੱਕਰਾਂ 'ਚ ਫਸੇ ਰਹਿਣਗੇ। ਚੱਕਰਵਿਊ 'ਚ ਫਸੀ ਜਨਤਾ ਦੀ ਬਾਂਹ ਫੜ੍ਹਨਾ ਸੂਝਵਾਨ ਲੋਕਾਂ ਦੀ ਜਿੰਮੇਵਾਰੀ ਹੈ।

ਪੱਤਰਕਾਰੀ ਦਾ ਮਿਆਰ :

ਤਰਕਸ਼ੀਲਤਾ ਦੇ ਪਸਾਰ ਵਿੱਚ ਅਖਬਾਰਾਂ ਦਾ ਭਰਵਾਂ ਰੋਲ ਹੈ। ਹੁਣ ਤਾਂ ਪੱਤਰਕਾਰ ਵੀ ਰਹੱਸਮਈ/ ਗੈਰਵਿਗਿਆਨਕ ਖਬਰ/ਰਿਪੋਰਟ ਭੇਜਣ ਤੋਂ ਪਹਿਲਾਂ ਜਰੂਰ ਸੋਚਦੇ ਹਨ। ਪਰ ਅੰਧਵਿਸ਼ਵਾਸ਼ਾਂ ਦਾ ਖੱਟਿਆ ਖਾਣ ਵਾਲੇ ਸਾਧ ਸਿਆਣੇ ਵੀ ਅਖਬਾਰਾਂ ਤੇ ਸਰਕਾਰੀ ਮੀਡੀਆ ਦਾ ਹੀ ਸਹਾਰਾ ਲੈਂਦੇ ਹਨ। ਮੁਕਤਸਰ ਦੇ ਇੱਕ ਪੱਤਰਕਾਰ ਮਿੱਤਰ ਕੋਲ ਅਖੌਤੀ ਪੁਨਰ ਜਨਮ ਵਾਲੀ ਲੜਕੀ ਦੇ ਵਾਰਸਾਂ ਨੇ ਕਈ ਵਾਰ ਪਹੁੰਚ ਕੀਤੀ ਕਿ ਲੜਕੀ ਦੇ 'ਕੌਤਕ' ਬਾਰੇ ਅਖਬਾਰ ਚ ਲਿਖੇ। ਪਰ ਉਸ ਪੱਤਰਕਾਰ ਮਿੱਤਰ ਨੇ ਮੇਰੇ ਨਾਲ ਸੰਪਰਕ ਕਰਕੇ ਆਖਿਆ ਕਿ ਆਪਾਂ ਚੱਲ ਕੇ ਪੁਨਰ ਜਨਮ ਕੇਸ ਦੀ ਪੜਤਾਲ ਕਰਕੇ ਅਖਬਾਰ ਨੂੰ ਭੇਜੀਏ। ਪੱਤਰਕਾਰੀ ਦਾ ਇਹ ਇੱਕ ਚੰਗਾ ਰੁਝਾਨ ਹੈ, ਜਿਸਨੂੰ ਜੀ ਆਇਆਂ ਆਖਣਾ ਬਣਦਾ ਹੈ।

(ਤਰਕਸ਼ੀਲ ਫੀਚਰ ਸਰਵਿਸ)

ਖ਼ਬਰ ਹੈ ਕਿ......

ਵਾਜਪਾਈ ਲਈ ਪ੍ਰਾਥਨਾਂ : ਰਾਸਟਰੀ ਸੇਵਕ ਸੰਘ ਦੀ ਬਹੁਤ ਸਰਗਰਮ ਕਾਰਕੁੰਨ ਕੁਮਾਰੀ ਭਾਰਤੀ ਨੇ ਕਿਹਾ ਕਿ ਸੰਘ ਦੇ ਉਚ ਆਗੂ ਸ਼੍ਰੀ ਸੁਦਰਸ਼ਨ ਨੇ ਉਨ੍ਹਾਂ ਨੂੰ ਦੱਸਿਆ ਕਿ ਵਾਜਪਾਈ ਸਰਕਾਰ ਦੇ ਪੰਜ ਸਾਲ ਪੂਰੇ ਕਰਨ ਸੰਬੰਧੀ ਤ੍ਰਿਪੁਰਾ ਦੇ ਪ੍ਰਸਿੱਧੀ ਦੇ ਪ੍ਰਸਿੱਧ ਮੰਦਰ ਵਿੱਚ ਪ੍ਰਾਥਨਾ ਕੀਤੀ ਸੀ। ਵਰਨਣਯੋਗ ਹੈ ਕਿ ਸ਼੍ਰੀ ਸੁਦਰਸ਼ਨ ਜੀ ਰਾਸਟਰੀ ਸੇਵਕ ਸੰਘ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਇੱਕ ਪੁਲ ਵਜੋਂ ਕੰਮ ਕਰਦੇ ਹਨ ਅਤੇ ਸੰਘ ਦੇ ਸਾਰੇ ਵਿਚਾਰਧਾਰਕ ਅਤੇ ਰਾਜਸ਼ੀ ਸੁਨੇਹੇ ਭਾਜਪਾ ਲੀਡਰਸ਼ਿਪ ਤੱਕ ਪਹੁਚਾਉਂਦੇ ਹਨ।

ਕੁਮਾਰੀ ਉਮਾ ਭਾਰਤੀ ਨੇ ਕਿਹਾ ਕਿ ਉਹ ਕੁੱਝ ਦਿਨ ਪਹਿਲਾਂ ਸ਼੍ਰੀ ਸੁਦਰਸ਼ਨ ਜੀ ਨੂੰ ਮਿਲੀ ਸੀ ਅਤੇ ਉਹਨਾਂ ਨੇ ਉਸਨੂੰ ਤ੍ਰਿਪੁਤੀ ਮੰਦਰ ਤੋ ਲਿਆਂਦਾ ਪ੍ਰਸ਼ਾਦ ਦਿੰਦਿਆਂ ਇਹ ਗੱਲ ਦੱਸੀ ਸੀ।

ਅਖੌਤੀ ਸਾਧ ਵੱਲੋਂ ਡੇਰੇ 'ਤੇ ਔਰਤ ਦੀ ਹੱਤਿਆ :

ਕਾਹਨੂੰਵਾਲ : 14 ਮਈ 1998- ਇਥੋਂ ਨੇੜੇ ਪਿੰਡ ਭੁੰਬਲੀ ਵਿੱਚ ਬਾਬਾ ਰੇਟੇਆਣਾ ਦੀ ਜਗ੍ਹਾ 'ਤੇ ਰਹਿ ਰਹੇ ਕਥਿਤ ਸਾਧੂ ਸੋਮ ਨਾਥ ਵੱਲੋਂ ਇੱਕ ਔਰਤ ਨੂੰ ਬੇਰਹਿਮੀ ਨਾਲ ਮਾਰਨ ਦੇ ਦੋਸ਼ ਹੇਠ ਪੁਲਸ ਨੇ ਧਾਰਾ 302 ਅਧੀਨ ਕੇਸ ਦਰਜ ਕਰਕੇ ਗ੍ਰਿਫਤਾਰ ਕੀਤਾ ਹੈ।

ਪੁਲਸ ਸੂਤਰਾਂ ਅਨੁਸਾਰ ਮੁਲਜਮ ਸੋਮ ਨਾਥ ਨੇ ਕਬੂਲ ਕੀਤਾ ਹੈ ਕਿ ਉਸ ਨੇ ਹਰਬੰਸ ਕੌਰ ਨੂੰ ਕਿਸੇ ਦੁਸ਼ਮਣੀ ਜਾਂ ਲਾਲਚ ਕਰਕੇ ਨਹੀਂ ਮਾਰਿਆ ਅਤੇ ਨਾ ਹੀ ਉਸ ਨਾਲ ਨਜਾਇਜ ਸੰਬੰਧ ਸਨ। ਔਰਤ ਉਸਦੇ ਡੇਰੇ ਤੇ ਬਹੁਤ ਸਮੇਂ ਤੋਂ ਸੇਵਾ ਕਰਨ ਆਉਂਦੀ ਹੁੰਦੀ ਸੀ। ਘਟਨਾਂ ਵਾਲੇ ਦਿਨ ਮੁਲਜਮ ਨੇ ਬਹੁਤ ਨਸ਼ਾ ਕੀਤਾ ਹੋਇਆ ਸੀ। ਨਸ਼ੇ ਦੇ ਲੋਰ ਵਿੱਚ ਉਸਦੇ ਮਨ ਵਿੱਚ ਆਇਆ ਕਿ ਇਹ ਔਰਤ ਉਸਦਾ ਕਤਲ ਹੀ ਨਾ ਕਰ ਦੇਵੇ। ਇਸ ਵਹਿਮ ਵਿੱਚ ਉਸਨੇ ਔਰਤ ਨੂੰ ਆਟਾ ਗੁੰਨ ਕੇ ਰੋਟੀ ਪਕਾਉਣ ਲਈ ਕਿਹਾ। ਜਦੋਂ ਉਹ ਅੰਦਰ ਆਟਾ ਲੈਣ ਗਈ ਤਾਂ ਉਸਨੇ ਔਰਤ ਦੇ ਸਿਰ ਵਿੱਚ ਡੰਡਾ ਮਾਰ ਕੇ ਉਸਨੂੰ ਬੇਹੋਸ ਕਰ ਦਿੱਤਾ ਅਤੇ ਫਿਰ ਚਾਕੂ ਨਾਲ ਉਸਤੇ ਕਈ ਵਾਰ ਕੀਤੇ ਜਿਸ ਕਾਰਨ ਉਹ ਮੌਕੇ ਤੇ ਹੀ ਦਮ ਤੋੜ ਗਈ।

ਡੇਰੇ ਦੇ ਆਲੇ ਦੁਆਲੇ ਕਿਸਾਨ ਖੇਤਾਂ ਵਿੱਚ ਕੰਮ ਕਰ ਰਹੇ ਸਨ ਜਿਸ ਕਰਨ ਕਥਿਤ ਸਾਧੂ ਡੇਰੇ ਤੋਂ ਦੌੜਨ ਵਿੱਚ ਕਾਮਯਾਬ ਨਾ ਹੋ ਸਕਿਆ। ਉਸ ਨੇ ਸ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਕਿ ਅੰਦਰ ਮਾਈ ਨੂੰ ਕਰੰਟ ਲੱਗ ਗਿਆ ਹੈ । ਜਦੋਂ ਲੋਕਾਂ ਨੇ ਆ ਕੇ ਅਸਲੀਅਤ ਦੇਖੀ ਤਾਂ ਉਸਨੂੰ ਫੜ ਕੇ ਪੁਲਸ ਦੇ ਹਵਾਲੇ ਕਰ ਦਿੱਤਾ।

ਪਤਾ ਲੱਗਾ ਹੈ ਕਿ ਉਸਨੇ ਮ੍ਰਿਤਕਾ ਦਾ ਸਾਰਾ ਖੂਨ ਕੜਾਹੀ ਵਿੱਚ ਇਕੱਠਾ ਕਰ ਲਿਆ। ਉਸਨੇ ਇਹ ਵੀ ਕਿਹਾ ਕਿ ਉਸਨੇ ਇਸ ਖੂਨ ਦੀਆਂ ਗੋਲੀਆਂ ਵੱਟ ਕੇ ਉਸਨੇ ਜਾਦੂ ਟੂਣੇ ਕਰਨੇ ਸਨ। ਇਹ ਵੀ ਕਿਹਾ ਕਿ ਜੇਕਰ ਮ੍ਰਿਤਕਾ ਦੇ ਖੂਨ ਦੀ ਇੱਕ ਵੀ ਬੂੰਦ ਧਰਤੀ ਤੇ ਡਿੱਗ ਪੈਂਦੀ ਤਾਂ ਉਸਨੂੰ (ਸਾਧ ਨੂੰ) ਅੱਗ ਲੱਗ ਜਾਣੀ ਸੀ। ਪਿੰਡ ਦੇ ਲੋਕਾਂ ਅਨੁਸਾਰ ਮ੍ਰਿਤਕਾ ਨਿਪਾਲੀ ਔਰਤ ਸੀ ਅਤੇ ਬਹੁਤ ਸਮਾਂ ਪਹਿਲਾਂ ਉਸਨੇ ਇਸੇ ਪਿੰਡ ਵਿੱਚ ਵਿਆਹ ਕਰਵਾਇਆ ਸੀ। ਉਸਦੇ ਵਿਆਹੁਣ ਯੋਗ ਬੱਚੇ ਵੀ ਸਨ ।

ਸ਼ਕਤੀਮਾਨ ਦੀ ਸ਼ਕਤੀ ਸਮਝ ਕੇ ਬੱਚਾ ਟਰੈਕਟਰ ਹੇਠਾਂ ਜਾ ਪਿਆ

ਫਿਲੌਰ / ਪ.ਪ. : ਦੂਰਦਰਸ਼ਨ ਤੇ ਦਿਖਾਏ ਜਾ ਰਹੇ ਅੰਧ ਵਿਸ਼ਵਾਸ਼ੀ ਸੀਰੀਅਲਾਂ ਦਾ ਬੱਚਿਆ ਦੀ ਮਾਨਸਿਕਤਾ ਤੇ ਸਿੱਧਾ ਅਸਰ ਪੈਂਦਾ ਹੈ । ਦੂਰਦਰਸ਼ਨ ਤੇ ਦਿਖਾਏ ਜਾ ਰਹੇ ਸੀਰੀਅਲ 'ਸ਼ਕਤੀਮਾਨ ' ਤੋਂ ਪ੍ਰੇਰਤ ਹੋ ਕੇ 'ਕਾਰਨਾਮੇ ' ਕਰਨ ਦੀ ਇਲਾਕੇ ਵਿੱਚ ਦੂਜਾ ਘਟਨਾਂ ਸਥਾਨਕ ਚੌਧਰੀਆਂ ਮੁਹੱਲੇ 'ਚ ਵਾਪਰੀ। 7-8 ਸਾਲਾਂ ਬੱਚਾ ਆਪਣੇ ਨਾਨਕੇ ਘਰ ਆਇਆ ਹੋਇਆ ਸੀ । ਘਰ 'ਚ ਖੜ ਟਰੈਕਟਰ ਉਪਰ ਚੜ ਕੇ ਉਸ ਨੇ ਟਰੈਕਟਰ ਦਾ ਗੇਅਰ ਕੱਢ ਲਿਆ ਤੇ ਟਰੈਕਟਰ ਹੌਲੀ ਹੌਲੀ ਰੁੜਨਾ ਸ਼ੁਰੂ ਹੋ ਗਿਆ। ਬੱਚੇ ਨੇ ਇਸ ਦਾ ਕੋਈ ਹੱਲ ਕਰਨ ਦੀ ਬਜਾਇ 'ਸ਼ਕਤੀਮਾਨ ' ਦੀ ਸਖਤੀ ਆਪਣੇ ਆਪ 'ਚ ਸਮਝੀ, ਜਿਸ ਦੇ ਸਿੱਟੇ ਵਜੋਂ ਬੱਚਾ ਇੱਕ ਦਮ ਟਰੈਕਟਰ ਤੋਂ ਉਤਰ ਕੇ ਇਸ ਦੇ ਅੱਗੇ ਲੰਮਾ ਪੈ ਗਿਆ।ਟਰੈਕਟਰ ਦਾ ਅਗਲਾ ਟਾਇਰ ਬੱਚੇ ਦੇ ਉਪਰੋਂ ਲੰਘ ਗਿਆ। ਇਸ ਨਾਲ ਬੱਚੇ ਦੇ ਗੁਰਦਿਆਂ ਨੂੰ ਨੁਕਸਾਨ ਪੁੱਜਾ। ਲੋਕਲ ਡਾਕਟਰਾਂ ਨੇ ਇਸ ਨੂੰ ਦਿਆਨੰਦ ਹਸਪਤਾਲ ਭੇਜ ਦਿੱਤਾ। ਜਿੱਥੇ ਬੱਚਾ ਹੁਣ ਠੀਕ ਹੈ। ਲੋਕਾਂ ਦੀ ਮੰਗ ਹੈ ਕਿ ਬੱਚਿਆਂ ਦੀ ਮਾਨਸਿਕਤਾ ਨੂੰ ਬੀਮਾਰ ਕਰਨ ਵਾਲੇ ਸੀਰੀਅਲ ਬੰਦ ਕਰਕੇ ਉਸਾਰੂ ਸੋਚ ਵਾਲੇ ਸੀਰੀਅਲ ਹੀ ਦੂਰਦਰਸ਼ਨ ਤੋਂ ਵਿਖਾਏ ਜਾਣੇ ਚਾਹੀਦੇ ਹਨ।

ਸਫਾ 20 ਦੀ ਬਾਕੀ

ਕੋਲ ਰੱਖਦਾ ਹੈ ।

ਅਕਲਮੰਦ ਇਮਾਰਤਾਂ ਵਿੱਚ ਅਜਿਹੀਆਂ ਸਾਰੀਆਂ ਵਿਵਸਥਾਵਾਂ ਬਿਜਲੀ ਉਪਰ ਟਿਕੀਆਂ ਹੁੰਦੀਆਂ ਹਨ। ਇਸ ਲਈ ਬਿਜਲੀ ਦੀ ਨਿਰੰਤਰ ਸਪਲਾਈ ਜਰੂਰੀ ਹੈ। ਇਸ ਕਾਰਨ ਜਨਰੇਟਰ ਦੀ ਵਿਵਸਥਾ ਹੁੰਦੀ ਹੈ। ਅਤੇ ਬਿਜਲੀ ਬੰਦ ਹੁੰਦਿਆ ਹੀ ਸਿਰਫ ਚਾਰ ਸੈਕਿੰਡ ਵਿੱਚ ਆਪਣੇ ਆਪ ਜਨਰੇਟਰ ਚਾਲੂ ਹੋ ਜਾਂਦਾ ਹੈ। ਅੱਜ ਵਿਗਿਆਨ ਦੀਆਂ ਆਧੁਨਿਕ ਖੋਜਾਂ ਨਾਲ ਲੈਸ ਅਜਿਹੀਆਂ ਇਮਾਰਤਾਂ ਹਰੇਕ ਮਹਾਂਨਗਰ ਵਿੱਚ ਬਣ ਰਹੀਆਂ ਹਨ। ਤਾਂ ਫਿਰ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਤੁਸੀਂ ਵੀ ਥੋੜੇ ਸਮੇਂ ਵਿੱਚ ਅਜਿਹੀਆਂ ਅਕਲਮੰਦ ਇਮਾਰਤਾਂ ਵਿੱਚ ਕੰਮ ਕਰ/ਰਹਿ ਰਹੇ ਹੋਵੋਂਗੇ। ਜੇਕਰ ਸੱਚ ਨਹੀਂ ਔਉਂਦਾ ਤਾਂ ਕੁੱਝ ਸਮਾਂ ਉਡੀਕ ਕਰੋ।

ਕੇਸ ਰਿਪੋਰਟ

ਪਤਾਸੇ 'ਚੋਂ ਫੋਟੋ ਦਿਖਾਉਣ ਵਾਲੀ ਬੀਬੀ ਹਾਰੀ

ਮਾਸਟਰ ਜਗਦੀਸ਼

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਹ ਦਾਅਵਾ ਕਰਦੀ ਹੈ ਕਿ ਦੁਨੀਆਂ ਵਿੱਚ ਗੈਬੀ ਸ਼ਕਤੀਆਂ ਕਰਾਮਾਤਾਂ, ਜਾਦ-ਟੂਣੇ, ਭੂਤਾਂ ਪ੍ਰੇਤਾਂ ਅਤੇ ਆਤਮਾਵਾਂ ਨਾਂ ਦੀ ਕੋਈ ਸ਼ੈਅ ਨਹੀਂ । ਸੁਸਾਇਟੀ ਸਾਹਮਣੇ ਅੱਜ ਤੱਕ ਕੋਈ ਵੀ ਵਿਅਕਤੀ ਉਪਰੋਕਤ ਅਲਾਮਤਾਂ ਦੀ ਹੋਂਦ ਨੂੰ ਸਿੱਧ ਨਹੀਂ ਕਰ ਸਕਿਆ । ਫਿਰ ਵੀ ਕੁੱਝ ਲੋਕ, ਆਪਣੇ ਆਪ ਨੂੰ ਬਾਬਾ, ਭਗਤ,ਸਾਈਂ, ਚੇਲਾ,ਬੀਬੀ ਭਗਤਣੀ,ਦੇਵੀ ਜਾਂ ਚੇਲੀ ਦੱਸਕੇ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਉਹਨਾਂ ਦੀ ਆਰਥਿਕ, ਮਾਨਸਿਕ ਅਤੇ ਸਰੀਰਕ ਲੁੱਟ ਕਰਨ ਵਿੱਚ ਸਫਲ ਹੋ ਰਹੇ ਹਨ। ਕਈ ਵਾਰ ਇਹ ਅਖੌਤੀ ਬਾਬੇ ਜਾਂ ਭਗਤ ਇੱਕ ਦੂਸਰੇ ਦੇ ਉਲਟ ਊਲ ਜਲੂਲ ਦੱਸ ਕੇ ਉਨ੍ਹਾਂ ਦੇ ਘਰਾਂ ਵਿੱਚ ਫਸਾਦ ਵੀ ਕਰਵਾ ਦਿੰਦੇ ਹਨ। ਇਸ ਤਰ੍ਹਾਂ ਇਹ ਸਾਡੇ ਸੱਭਿਆਚਾਰ ਅਤੇ ਭਾਈਚਾਰੇ ਵਿੱਚ ਬਹੁਤ ਵੱਡਾ ਵਿਗਾੜ ਪਾ ਰਹੇ ਹਨ।

ਇਸ ਤਰ੍ਹਾਂ ਦੀ ਇੱਕ ਘਟਨਾ ਹਰਭਜਨ ਸਿੰਘ ਪਿੰਡ ਭਰੋਲੀ , ਜਿਲ੍ਹਾ ਨਵਾਂ ਸ਼ਹਿਰ ਦੇ ਘਰ ਵਾਪਰੀ। ਹਰਭਜਨ ਸਿੰਘ ਦੇ ਤਿੰਨ ਲੜਕੇ ਅਤੇ ਇੱਕ ਲੜਕੀ ਹੈ। ਦੋ ਲੜਕੇ ਵਿਆਹੇ ਹੋਏ ਹਨ ਅਤੇ ਇੱਕ ਕੁਆਰਾ ਹੈ। ਸੱਤ ਅੱਠ ਮਹੀਨੇ ਪਹਿਲਾਂ ਉਹਨਾਂ ਦੀ ਲੜਕੀ ਦਾ ਵਿਆਹ ਹੋਇਆ ਹੈ। ਇਸ ਤੋਂ ਕੁੱਝ ਦਿਨਾਂ ਬਾਅਦ ਜਸਵੰਤ ਸਿੰਘ ਜੋ ਕੁਆਰਾ ਹੈ ਨੇ ਆਪਣਾ ਕੰਮ ਬੰਦ ਕਰ ਦਿੱਤਾ ਤੇ ਕਹਿਣ ਲੱਗਾ ਮੇਰਾ ਕੰਮ ਕਰਨ ਨੂੰ ਜੀਅ ਨਹੀਂ ਕਰਦਾ, ਮੈਨੂੰ ਅੰਦਰੋਂ ਕੁੱਝ ਵੱਢ-ਵੱਢ ਖਾ ਰਿਹਾ ਹੈ। ਮੇਰਾ ਘਰ ਰਹਿਣ ਨੂੰ ਜੀਅ ਨਹੀਂ ਕਰਦਾ, ਮੇਰਾ ਮਰਨ ਨੂੰ ਜੀਅ ਕਰਦਾ ਹੈ ਆਦਿ-ਆਦਿ। ਇਸ ਗੱਲ ਨੂੰ ਲੈ ਕੇ ਘਰ ਦੇ ਬਹੁਤ ਪ੍ਰੇਸ਼ਾਨ ਹੋਏ। ਅਨਪੜਤਾ ਕਾਰਨ ਉਹਨਾਂ ਦੀ ਸੋਚ ਸਹੀ ਨਾ ਕੰਮ ਕਰ ਸਕੀ। ਉਹਨਾਂ ਸੋਚਿਆ ਕਿ ਸਾਡੇ ਮੁੰਡੇ ਨੂੰ ਕਿਸੇ ਨੇ ਕੁੱਝ ਕੀਤਾ ਹੋਇਆ ਹੈ। ਕਿਸੇ ਨੇ ਦੱਸ ਪਾਈ ਕਿ ਪਿੰਡ ਕੰਧੋਲਾ ਜਿਲ੍ਹਾ ਜਲੰਧਰ ਦੀ ਬੀਬੀ ਜਿਸ ਦਾ ਨਾਂ ਕਸ਼ਮੀਰੋ ਹੈ ਪੁੱਛਾਂ ਦਿੰਦੀ ਹੈ, ਉਹ ਸਭ ਕੁੱਝ ਦੱਸ ਦਿੰਦੀ ਹੈ। ਇੱਕ ਦਿਨ ਜਸਵੰਤ ਸਿੰਘ ਇਸ ਬੀਬੀ ਕੋਲ ਚਲਾ ਗਿਆ। ਬੀਬੀ ਨੇ ਦੱਸਿਆ ਕਿ ਤੈਨੂੰ ਤੇਰੇ ਘਰ ਦੇ ਕਿਸੇ ਖਾਸ ਬੰਦੇ ਨੇ ਕੁੱਝ ਖੁਆਇਆ ਹੈ ਜਿਸ ਕਾਰਨ ਤੂੰ ਬੀਮਾਰ ਪ੍ਰੇਸ਼ਾਨ ਰਹਿੰਦਾਂ ਏਂ। ਬੀਬੀ ਨੇ ਇੱਕ ਪਤਾਸਾ ਚੁੱਕਿਆ ਤੇ ਜੋਰ ਦੇ ਕੇ ਕਿਹਾ ਕਿ ਇਸ ਵਿੱਚੋਂ ਧਿਆਨ ਨਾਲ ਦੇਖ ਜਿਸ ਨੇ ਤੈਨੂੰ ਖੁਆਇਆ ਹੈ ਉਸਦੀ ਫੋਟੋ ਆ ਜਾਵੇਗੀ। ਜਸਵੰਤ ਨੇ ਘਰ ਜਾ ਕੇ ਦੱਸਿਆ ਕਿ ਬੀਬੀ ਨੇ ਮੈਨੂੰ ਭਾਬੀ ਬਲਜੀਤ ਕੌਰ ਦੀ ਫੋਟੋ ਪਤਾਸੇ ਵਿੱਚ ਦਿਖਾਈ ਹੈ। ਮੈਂ ਆਪ ਦੇਖੀ ਹੈ ਭਾਬੀ ਨੇ ਹੀ ਮੈਨੂੰ ਕੁੱਝ ਖੁਆਇਆ ਹੈ। ਘਰ ਵਿੱਚ ਲੜਾਈ ਝਗੜਾ ਬਹੁਤ ਹੋਣ ਲੱਗਾ। ਇਸ ਝਗੜੇ ਤੋਂ ਤੰਗ ਆ ਕੇ ਬਲਜੀਤ ਕੌਰ ਦੇ ਪਤੀ ਸੰਤੋਖ ਸਿੰਘ ਨੇ ਤਰਕਸ਼ੀਲ ਸੁਸਾਇਟੀ ਨਵਾਂ ਸ਼ਹਿਰ ਦੇ ਜਨਰਲ ਸਕੱਤਰ ਮਾਸਟਰ ਜਗਦੀਸ਼ ਕੋਲ ਪਹੁੰਚ ਕੀਤੀ। ਮਾਸਟਰ ਜਗਦੀਸ਼,ਜਸਵੰਤ ਅਤੇ ਮਾਸਟਰ ਸੁਖਦੇਵ ਤੇ ਅਧਾਰਤ ਟੀਮ ਘਟਨਾਂ ਵਾਲੇ ਘਰ ਪਹੁੰਚੀ। ਜਸਵੰਤ ਅਤੇ ਉਸਦੇ ਮਾਤਾ ਪਿਤਾ ਨਾਲ ਗੱਲ ਕੀਤੀ। ਉਹਨਾਂ ਨੇ ਕਿਹਾ ਕਿ ਬੀਬੀ ਨੇ ਪਤਾਸੇ ਵਿੱਚ ਜਿਹੜੀ ਫੋਟੋ ਦਿਖਾਈ ਹੈ ਉਹ ਸੱਚ ਹੈ। ਇਸ ਤੋਂ ਬਿਨਾਂ ਅਸੀਂ ਤੁਹਾਡੇ ਨਾਲ ਕੋਈ ਗੱਲ ਨਹੀਂ ਕਰਨੀ ਜੇ ਤੁਹਾਨੂੰ ਨਹੀਂ ਯਕੀਨ ਤਾਂ ਤੁਸੀਂ ਵੀ ਜਾ ਕੇ ਫੋਟੋ ਦੇਖ ਸਕਦੇ ਹੋਂ। ਮਿਤੀ 10-8-97 ਐਤਵਾਰ ਨੂੰ ਸੁਸਾਇਟੀ ਦੇ ਉਪਰੋਕਤ ਕਾਰਕੁੰਨ ਇਸ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਨਾਲ ਲੈ ਕੇ ਪਿੰਡ ਕੰਦੋਲਾ ਵਿਖੇ ਇਸ ਅਖੌਤੀ ਬੀਬੀ ਦੇ ਘਰ ਪਹੁੰਚੇ। ਐਤਵਾਰ ਹੋਣ ਕਾਰਨ ਚੌਂਕੀ ਲੱਗੀ ਹੋਈ ਸੀ ਬਹੁਤ ਸਾਰੇ ਲੋਕ ਪੁੱਛਾਂ ਲੈਣ ਲਈ ਆਏ ਹੋਏ ਸਨ ਜਿਆਦਾ ਗਿਣਤੀ ਔਰਤਾਂ ਅਤੇ ਨੌਜਵਾਨ ਲੜਕੀਆਂ ਦੀ ਸੀ। ਕੁੱਝ ਅੰਮ੍ਰਿਤਧਾਰੀ ਔਰਤਾਂ ਵੀ ਪੁੱਛਾਂ ਲੈਣ ਆਈਆਂ ਹੋਈਆਂ ਸਨ। ਤਰਕਸ਼ੀਲਾਂ ਨੇ ਚੌਂਕੀ ਖਤਮ ਹੋਣ ਤੋਂ ਪਹਿਲਾਂ ਉਪਰੋਕਤ ਘਟਨਾ ਸਾਂਝੀ ਕੀਤੀ ਤਾਂ ਬੀਬੀ ਨੇ ਕਿਹਾ ਕਿ ਤੁਸੀਂ ਵੀ ਫੋਟੋ ਦੇਖ ਸਕਦੇ ਹੋਂ ਉਸ ਨੇ ਪਤਾਸਾ ਚੁੱਕ ਕੇ ਸਾਹਮਣੇ ਕੀਤਾ ਤੇ ਕਹਿਣ ਲੱਗੀ ਇਸ ਵਿੱਚ ਫੋਟੋ ਆਵੇਗੀ ਧਿਆਨ ਨਾਲ ਦੇਖ ਕੇ ਪਛਾਣ ਲੈਣਾ। ਪਰ ਤਰਕਸ਼ੀਲਾਂ ਨੇ ਦੱਸਿਆ ਕਿ ਉਹਨਾਂ ਨੂੰ ਕੋਈ ਵੀ ਫੋਟੋ ਨਜਰ ਨਹੀਂ ਆਈ। ਇਸ ਤਰ੍ਹਾਂ ਉਹ ਪਤਾਸੇ ਬਦਲ-ਬਦਲ ਕੇ ਸਾਹਮਣੇ ਕਰੀ ਗਈ । 15-20 ਮਿੰਟ ਤੱਕ ਉਹ ਕੁੱਝ ਨਾ ਦਿਖਾ ਸਕੀ। ਇਸ ਤਰ੍ਹਾਂ ਉਹ ਬੁਖਲਾ ਗਈ ਤੇ ਉਸਦੇ ਚੇਲੇ ਚਾਟੜੇ ਵੀ ਤੱਤੇ ਠੰਡੇ ਹੋਣ ਲੱਗੇ ਅਤੇ ਕਹਿਣ ਲੱਗੇ ਤੁਹਾਨੂੰ ਦਿਸਦਾ ਹੀ ਨਹੀਂ ਤੁਹਾਡੀਆਂ ਅੱਖਾਂ ਹੀ ਦੇਖਣ ਵਾਲੀਆਂ ਨਹੀ। ਤਰਕਸ਼ੀਲਾਂ ਨੇ ਕਿਹਾ ਕਿ ਸਾਨੂੰ ਨਹੀਂ ਦਿਸਦਾ ਤਾਂ ਆਪਣੀ ਸੰਗਤ ਵਿੱਚੋਂ ਕਿਸੇ ਨੂੰ ਦਿਖਾ ਦਿਓ। ਉਹਨਾਂ ਪਿੱਛੇ ਬੈਠੀ ਇੱਕ ਲੜਕੀ ਨੂੰ ਕਿਹਾ ਕਿ ਦੇਖਕੇ ਦੱਸਣਾ ਕਿ ਪਤਾਸੇ ਵਿੱਚ ਕੁੱਝ ਦਿਸਦਾ ਹੈ ਜਾਂ ਨਹੀ। ਉਹ ਲੜਕੀ ਵੀ ਚਾਰ-ਪੰਜ ਵਾਰ ਪਤਾਸੇ ਵਿੱਚ ਦੇਖ ਕੇ ਬੋਲੀ ਬਾਬਾ ਜੀ ਇਸ ਵਿੱਚ ਵੀ ਨਹੀਂ ਦਿਖਈ ਨਹੀ ਦਿੰਦਾ। ਅੰਤ ਨੂੰ ਜਸਵੰਤ ਦੀ ਭੈਣ ਨੂੰ ਪਤਾਸੇ ਵਿੱਚ ਦੇਖਣ ਲਈ ਕਿਹਾ ਪਰ ਉਸਨੂੰ ਵੀ 5-7 ਮਿੰਟਾਂ ਵਿੱਚ ਕੁੱਝ ਨਾ ਦਿਸਿਆ। ਇਸ ਤਰ੍ਹਾਂ ਅਖੌਤੀ ਬਾਬੇ ਨੇ ਆਪਣੀ ਹਾਰ ਹੁੰਦੀ ਦੇਖ ਕੇ ਜਸਵੰਤ ਨੂੰ ਝਿੜਕਣਾ ਸ਼ੁਰੂ ਕੀਤਾ ਤੇ ਕਹਿਣ ਲੱਗੀ ਕਿ ਮੈਂ ਤੈਨੂੰ ਕਦੋਂ ਕਿਹਾ ਸੀ ਕਿ ਤੇਰੀ ਭਰਜਾਈ ਨੇ ਤੈਨੂੰ ਕੁੱਝ ਖੁਆਇਆ ਹੈ ? ਤੈਂ ਆਪ ਹੀ ਫੋਟੋ ਦੇਖ ਕੇ ਕਿਹਾ ਸੀ ਕਿ ਮੇਰੀ ਭਾਬੀ ਦੀ ਫੋਟੋ ਹੈ। ਇਸ ਤੋਂ ਬਾਅਦ ਉਹ ਕੁੱਝ ਨਹੀਂ ਬੋਲੀ। ਉਸ ਨੂੰ ਸੰਗਤ ਵਿੱਚ ਹਾਰ ਦਾ ਮੂੰਹ ਦੇਖਣਾ ਪਿਆ।

ਇੱਥੇ ਵਰਣਨ ਯੋਗ ਗੱਲ ਇਹ ਵੀ ਹੈ ਕਿ ਜਿਹੜੇ ਗੁਰੂ ਸਹਿਬਾਨ ਧਾਗੇ,ਤਵੀਤਾਂ,ਕਰਾਮਾਤਾਂ ਅਤੇ ਜਾਦੂ ਟੂਣਿਆ ਦਾ ਖੰਡਨ ਕਰਦੇ ਸਨ ਉਹਨਾਂ ਵਿੱਚੋਂ ਪਹਿਲੇ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਆਖਰੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਸਵੀਰਾਂ ਇਸ ਬੀਬੀ ਨੇ ਚੌਂਕੀ ਵਾਲੇ ਸਥਾਨ ਤੇ ਸਜਾ ਕੇ ਲਾਈਆਂ ਹੋਈਆਂ ਸਨ ਜੋ ਕਿ ਉਹਨਾਂ ਗੁਰੂ ਸਾਹਿਬਾਨਾਂ ਦੇ ਪਵਿਤਰ ਵਿਚਾਰਾਂ ਦੀ ਕੋਰੇ ਰੂਪ ਵਿੱਚ ਤੌਹੀਨ ਹੈ।

ਅੰਤ ਵਿੱਚ ਤਰਕਸ਼ੀਲਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਹੋ ਜਿਹੇ ਬਾਬਿਆਂ ਦੇ ਡੇਰਿਆਂ ਵਿੱਚ ਨਾ ਜਾ ਕੇ ਅਤੇ ਵਿਗਿਆਨਕ ਸੋਚ ਅਪਣਾ ਕੇ ਇਹੋ ਜਿਹੇ ਮਸਲਿਆਂ ਦੇ ਹੱਲ ਲੱਭ ਸਕਦੇ ਹਨ ਅਤੇ ਆਪਣੀ ਮਾਨਸਿਕ ਅਤੇ ਆਰਥਿਕ ਲੁੱਟ ਤੋਂ ਬਚ ਸਕਦੇ ਹਨ ।

ਕੇਸ ਰਿਪੋਰਟ :

ਜਦੋਂ ਕੋਟਲੇ ਵਾਲਾ ਪੀਰ ਸਿਰ ਚੜ੍ਹ ਬੋਲਿਆ......

ਰਾਮ ਸਵਰਨ

ਪੰਜਾਬੀ ਸੱਭਿਆਚਾਰ ਵਿੱਚ ਤਰਕਸ਼ੀਲ ਮੈਂਬਰਾਂ ਦੀ ਸਿਦਕਦਿਲੀ, ਮਿਹਨਤ ਤੇ ਲਗਨ ਨਾਲ ਇੱਕ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਪਿੰਡਾਂ, ਸ਼ਹਿਰਾਂ ਵਿੱਚ ਅਕਸਰ ਹੀ ਭੂਤਾਂ-ਪ੍ਰੇਤਾਂ ਨਾਲ ਸੰਬੰਧਤ ਰਹੱਸਮਈ ਗੈਰ ਵਿਗਿਆਨਕ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਪੜੇ ਲਿਖੇ ਲੋਕ ਅਕਸਰ ਹੀ ਅਜਿਹੇ ਕੇਸ ਤਰਕਸ਼ੀਲ ਸੁਸਾਇਟੀ ਪਾਸ ਭੇਜਦੇ ਹਨ, ਜਦਕਿ ਪਿੰਡਾਂ ਵਿੱਚ ਅੰਧਵਿਸਵਾਸ਼ ਦੀਆਂ ਪ੍ਰਚਾਰਕ ਔਰਤਾਂ ਵੀ ਸੁਸਾਇਟੀ ਦੇ ਕਾਰਜ ਨੂੰ ਪਰਖ ਕੇ ਮਾਨਸਿਕ ਰੋਗੀਆਂ ਨੂੰ ਸਾਧਾਂ-ਸੰਤਾਂ ਕੋਲ ਭੇਜਣ ਦੀ ਬਜਾਇ ਤਰਕਸ਼ੀਲਾਂ ਕੋਲ ਭੇਜਦੀਆਂ ਹਨ। ਚੰਗਾ ਸਮਾਜ ਵੇਖਣ ਦੇ ਸੁਸਾਇਟੀ ਦੇ ਹਮਦਰਦ ਵੀ ਇਸ ਕੰਮ ਵਿੱਚ ਹੱਥ ਵਟਾ ਰਹੇ ਹਨ।

ਅਬੋਹਰ ਲਾਗਲੇ ਪਿੰਡ ਦੇ ਇੱਕ ਸੱਜਣ ਨੇ ਸਾਡੇ ਕੋਲ ਕਈ ਕੇਸ ਭੇਜੇ ਜੋ ਲੱਗਭੱਗ ਸਾਰੇ ਹੀ ਠੀਕ ਹੋ ਗਏ। ਜਦ ਉਸਦਾ ਸਾਡੇ ਕੰਮ ਉਪਰ ਵਿਸ਼ਵਾਸ਼ ਹੋ ਗਿਆ ਤਾਂ ਇੱਕ ਦਿਨ ਉਹ ਆਪਣੇ ਮਿੱਤਰ ਨਾਲ ਮੈਨੂੰ ਮਿਲਣ ਆਇਆ। ਉਸਨੇ ਆਖਿਆ, " ਵੀਰ ਜੀ! ਅੱਜ ਮੈਂ ਤੁਹਾਡੇ ਕੋਲ ਇੱਕ ਬਹੁਤ ਵੱਡਾ ਕੇਸ ਲੈ ਕੇ ਆਇਆ ਹਾਂ। ਮੈਨੂੰ ਪੂਰੀ ਉਮੀਦ ਹੈ ਕਿ ਤੁਸੀਂ ਮਸਲਾ ਜਰੂਰ ਹੀ ਹੱਲ ਕਰ ਦਿਉਂਗੇ। ਮੇਰੀ ਵੱਡੀ ਭੈਣ ਸਾਦਿਕ ਕੋਲ ਵਿਆਹੀ ਹੋਈ ਐ, ਪਿਛਲੇ 30 ਸਾਲ ਤੋਂ ਉਸ ਵਿੱਚ ਪੀਰ ਬੋਲਦਾ ਹੈ। ਅਸੀਂ ਉਸਦਾ ਬਹੁਤ ਇਲਾਜ ਕਰਵਾਇਆ ਹੈ ਪਰ ਕਿਤੋਂ ਅਰਾਮ ਨਹੀਂ ਆਇਆ। ਹਾਰ ਕੇ ਉਹਨਾਂ ਨੇ ਚੇਲਿਆਂ ਦੇ ਕਹਿਣ ਤੇ ਆਪਣੇ ਘਰ ਪੀਰ ਦੀ ਜਗ੍ਹਾ ਬਣਾ ਲਈ ਹੈ। ਜੇਕਰ ਔਰਤਾਂ ਆ ਜਾਣ ਤਾਂ ਮੇਰੀ ਭੈਣ ਜਗ੍ਹਾ ਤੇ ਪੁੱਛਾਂ ਵੀ ਕੱਢ ਦਿੰਦੀ ਹੈ। ਆਪਾਂ ਭੈਣ ਨੂੰ ਠੀਕ ਕਰਕੇ ਉਹਨਾਂ ਦੇ ਘਰ ਵਿੱਚੋਂ ਪੀਰ ਦਾ ਡੰਡਾਂ ਡੇਰਾ ਚਕਵਾਉਣਾ ਹੈ। " ਮੈਂ ਉਸਦੀ ਗੱਲ ਬਾਤ ਸੁਣਕੇ ਆਖਿਆ ਕੇ ਸਭ ਤੋਂ ਪਹਿਲਾਂ ਉਸ ਪਰਿਵਾਰ ਦੀ ਸਹਿਮਤੀ ਜਰੂਰੀ ਹੈ। ਜੇਕਰ ਉਹ ਤਿਆਰ ਹਨ ਤਾਂ ਆਪਾਂ ਕਿਸੇ ਦਿਨ ਚੱਲਕੇ ਉਹਨਾਂ ਦਾ ਮਸਲਾ ਹਲ ਕਰ ਆਵਾਂਗੇ। ਉਹ ਮੇਰੇ ਨਾਲ ਸਹਿਮਤੀ ਪ੍ਰਗਟਾ ਕੇ ਚਲਾ ਗਿਆ ਤਾਂ ਕੁੱਝ ਦਿਨਾਂ ਬਾਅਦ ਸੰਬੰਧਤ ਪਰਿਵਾਰ ਨਾਲ ਗੱਲ ਕਰਕੇ ਮੇਰੇ ਨਾਲ ਸਮਾਂ ਨਿਸਚਿਤ ਕਰ ਗਿਆ।

ਨਿਸਚਿਤ ਦਿਨ ਤੇ ਮੈਂ, ਗੁਰਤੇਜ ਸਿੰਘ ਤੇ ਜੱਗੀ ਕੁਮਾਰ (ਮੁਕਤਸਰ) ਸਾਦਿਕ ਨੇੜਲੇ ਪਿੰਡ ਪਹੁੰਚ ਗਏ। ਉਹ ਸੱਜਣ ਪਹਿਲਾਂ ਹੀ ਉਥੇ ਪਹੁੰਚਿਆ ਹੋਇਆ ਸੀ। ਉਸਨੇ ਮੈਨੂੰ ਪਾਸੇ ਲਿਜਾ ਕੇ ਆਖਿਆ, " ਮੈਂ ਭੈਣ ਨਾਲ ਸਾਰੀ ਗੱਲ ਕਰ ਲਈ ਹੈ। ਉਹ ਪੀਰ ਤੋਂ ਖਹਿੜਾ ਛੁਡਵਾਉਣਾ ਚਾਹੁੰਦੇ ਹਨ। ਮੇਰੇ ਜੀਜਾ ਜੀ ਵੀ ਆਪਣੇ ਨਾਲ ਸਹਿਮਤ ਹਨ। " ਉਹ ਇੱਕ ਛੋਟਾ ਕਿਸਾਨੀ ਪਰਿਵਾਰ ਸੀ। ਪਤੀ-ਪਤਨੀ ਤੇ ਦੋ ਛੋਟੇ ਬੱਚੇ। ਘਰ ਦੇ ਦੋ ਕਮਰਿਆਂ ਵਿੱਚੋਂ ਇੱਕ ਵਿੱਚ ਪੀਰ ਦੀ ਜਗ੍ਹਾ ਬਣਾਈ ਹੋਈ ਸੀ ਔਰਤ ਦੀ ਉਮਰ ਲੱਗਭੱਗ 40 ਸਾਲ ਸੀ। ਚਾਹ ਪਾਣੀ ਪੀਂਦਿਆਂ ਅਸੀਂ ਗੱਲਬਾਤ 'ਚ ਰੁੱਝ ਗਏ। ਉਹ ਔਰਤ ਚੁੱਲੇ ਕੋਲ ਬੈਠੀ ਸਬਜੀ ਬਣਾ ਰਹੀ ਸੀ। ਅਸੀਂ ਚਾਹ ਪੀਤੀ ਹੀ ਸੀ ਕਿ ਉਸਨੇ ਸਬਜੀ ਵਾਲੀ ਪਤੀਲੀ ਦਾ ਢੱਕਣ ਚੁੱਕ ਕੇ ਬਾਹਰ ਵਿਹੜੇ 'ਚ ਚਲਾ ਕੇ ਮਾਰਿਆ। ਜਦ ਉਸਦਾ ਭਰਾ ਉਠ ਕੇ ਬਾਹਰ ਆਇਆ ਤਾਂ ਉਸਨੇ ਬੋਲਣਾ ਸ਼ੁਰੂ ਕਰ ਦਿੱਤਾ," ਵੱਡੇ ਆ ਗੇ ਪੀਰ ਨੂੰ ਭਜਾਉਣ ਆਲੇ, ਜੇ ਆਪ ਸਮਾਨ ਛੱਡ ਕੇ ਨਾ ਭੱਜਗੇ ਤਾਂ ਮੈਨੂੰ ਕੌਣ ਮੰਨੂੰ। ਉਸਦੇ ਭਰਾ ਨੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਪੀਰ ਦੀ ' ਸ਼ਕਤੀ ' ਦਾ ਨਾਟਕ ਸ਼ੁਰੂ ਹੋ ਗਿਆ।ਉਹ ਔਰਤ ਛਾਲ ਮਾਰ ਕੇ ਚੁੱਲੇ ਕੋਲੋਂ ਉਠੀ ਤੇ ਵਿਹੜੇ ਵਿੱਚ ਜਾ ਖੜੀ ਹੋਈ। ਉਸਨੇ ਖੜ ਕੇ ਸਿਰ ਮਾਰਨਾਂ ਸ਼ੁਰੂ ਕਰ ਦਿੱਤਾ। ਜਿਵੇਂ ਹੀ ਸਿਰ ਘੁੰਮਣਾ ਤੇਜ ਹੋਇਆ ਇੱਕ ਬਾਂਹ ਵੀ ਘੁੰਮਣੀ ਸ਼ੁਰੂ ਹੋ ਗਈ। ਅਸੀਂ ਵੀ ਉਠ ਕੇ ਬਾਹਰ ਆ ਗਏ। ਸਿਰ ਘੁਮਾਉਂਦਿਆਂ ਪਹਿਲਾਂ ਉਸਦੀ ਡੋਰੀ ਤੇ ਫਿਰ ਗੁੱਤ ਆਪਣੇ ਆਪ ਖੁਲ ਗਈ। ਲੰਬੇ ਵਾਲ ਖੁਲ 'ਕੇ ਗਲ 'ਚ ਪੈ ਗਏ। ਉਸਨੇ ਆਪਣਾ ਸਿਰ ਤੇਜੀ ਨਾਲ ਘੁਮਾਉਣਾ ਸ਼ੁਰੂ ਕਰ ਦਿੱਤਾ। ਸਾਰਾ ਪਰਿਵਾਰ ਉਸਦੇ ਕੋਲ ਆ ਖੜਾ ਹੋਇਆ। ਘਰ ਦਾ ਮਾਹੌਲ ਰਹੱਸਮਈ ਬਣ ਗਿਆ। ਆਂਢ ਗੁਆਂਢ ਦੀਆਂ ਔਰਤਾਂ ਵੀ ਇਕੱਠੀਆਂ ਹੋ ਗਈਆਂ। ਸਿਰ ਘੁਮਾਉਂਦਿਆਂ ਉਸ ਔਰਤ ਨੇ ਉਚੀ ਅਵਾਜ ਵਿੱਚ ਬੋਲਣਾ ਸ਼ੁਰੂ ਕੀਤਾ," ਆ ਗੇ ਤੁਸੀਂ.....ਮੈਂ ਥੋਨੂੰ ਹੀ ਵਿਖਾਉਣਾ ਸੀ........ਆ ਜੋ..... ਪਾਵਾਂ ਥੋਨੂੰ ਫੁੱਲ। ਤੁਸੀਂ ਕਿੱਧਰੋਂ ਜੰਮ ਪੇ ਪੀਰਾਂ ਨਾਲ ਟੱਕਰ ਲੈਣ ਵਾਲੇ, ਸਾਨੂੰ ਕੋਈ ਨੀ ਭਜਾ ਸਕਦਾ। ਮੈਂ ਤਾਂ ਪੀਰਾਂ ਦਾ ਪੀਰ ਆਂ,'ਕੋਟਲੇ ਆਲਾ ਪੀਰ........ਇਸ ਕੰਨਿਆਂ ਨੂੰ ਮੈਂ ਰੋਕਿਆ ਹੋਇਆ, ਥੋਡੀ ਕੀ ਤਾਕਤ ਐ, ਮੈਨੂੰ ਇਹਦੇ 'ਚੋਂ ਕੱਢਣ ਦੀ....... ਮੈਂ ਬਹੁਤ ਸਿਆਣੇ ਪਰਖੇ ਐ, ਸਾਰੇ ਭਜਾਏ ਐ ਹੁਣ ਤੱਕ। ਅਖੇ....ਤਰਕਸ਼ੀਲ ਛੁਡਾਉਣਗੇ ਪੀਰ ਤੋਂ ਖਹਿੜਾ, ਅੱਜ ਪੀਰ ਥੋਨੂੰ ਵਿਖਾਉਗਾ ਹੱਥ। ਆਓ ਹੁਣ ਮੈਦਾਨ 'ਚ, ਕੋਈ ਹੈ ਮੈਨੂੰ ਖਤਮ ਕਰਨ ਵਾਲਾ! ਕਰੋ ਬਚਨ ਵਿਲਾਸ ਪੀਰ ਨਾਲ, ਬੋਲੋ ਤਾਂ ਸਹੀ ਬੋਲਦੇ ਕਿਓਂ ਨਹੀਂ, ਗੂੰਗੇ ਹੋ ਗੇ ਸਾਰੇ। " ਅਸੀਂ ਉਸ ਕੋਲ ਖੜੇ ਚੁੱਪ ਚਾਪ ਸਾਰਾ ਕੁੱਝ ਵੇਖਦੇ ਸੁਣਦੇ ਰਹੇ। ਉਸਨੇ ਇੱਕ ਪਲ ਸਿਰ ਘੁੰਮਾਉਣਾ ਬੰਦ ਕੀਤਾ ਤੇ ਆਪਣੇ ਪਤੀ ਵੱਲ ਇਸਾਰਾ ਕਰ ਕੇ ਬੋਲੀ," ਲਿਆ ਸੇਵੇਦਾਰਾ ਪਾਣੀ ਦਾ ਗਿਲਾਸ।" ਮੈਂ ਪਹਿਲੀ ਵਾਰ ਦਖਲ ਦਿੱਤਾ ਤੇ ਉਸਦੇ ਪਤੀ ਨੂੰ ਆਖਿਆ ਇਸ ਨੂੰ ਕੁੱਝ ਨਹੀਂ ਦੇਣਾ। ਆਸ ਪਾਸ ਖੜੀਆਂ ਗੁਆਂਢਣਾ ਤੇ ਪਰਿਵਾਰ ਦੇ ਮੈਂਬਰ ਡਰ ਨਾਲ ਮੂੰਹ 'ਚ ਉਂਗਲਾਂ ਪਾਈ ਖੜੇ ਸਨ। ਉਹ ਫਿਰ ਬੋਲੀ, " ਤੂੰ ਇਹਨਾਂ ਦੇ ਆਖੇ ਲੱਗ ਗਿਐਂ, ਤੇਰੇ ਨਾਲ ਵੀ ਨਿਬੜੂੰ ਬਾਅਦ 'ਚ। " ਇਹ ਸੁਣਕੇ ਉਸਦਾ ਪਤੀ ਘਰੋਂ ਜਾਂਦਾ ਸਾਨੂੰ ਆਖ ਗਿਆ," ਤੁਸੀਂ ਆਪਣੀ ਬਣੀ ਨਿਬੇੜੋ ਮੈਂ ਤਾਂ ਸੰਤੇ ਕੇ ਘਰ ਜਾ ਕੇ ਬੈਠਦਾਂ। "

ਕੁੱਝ ਪਲ ਰੁਕਣ ਤੋਂ ਬਾਅਦ ਉਸਨੇ ਫਿਰ ਸਿਰ ਘੁੰਮਾਉਣਾ ਸ਼ੁਰੂ ਕਰ ਦਿੱਤਾ। ਉਸਨੇ ਆਪਣੇ ਭਰਾ ਵੱਲ ਇਸ਼ਾਰਾ ਕਰ ਕੇ ਆਖਿਆ, "ਲਿਆ ਵੇ ਵਿਚੋਲਿਆ! ਕਿੱਥੇ ਐ ਤੇਰੇ ਤਰਕਸ਼ੀਲ, ਲਵਾ ਮੇਰੇ ਨਾਲ ਮੱਥਾ।" ਅੱਗੋਂ ਉਹ ਕੁੱਝ ਨਾ ਬੋਲਿਆ। ਉਹ ਸਿਰ ਘੁੰਮਾਉਣ ਦੇ ਨਾਲ ਨਾਲ ਲਗਾਤਾਰ ਬੋਲਣ ਲੱਗੀ," ਤੁਸੀਂ ਕੀ ਸਮਝਦੇ ਓ, ਕੰਨਿਆਂ ਪਖੰਡ ਕਰਦੀ ਐ, ਮੈਂ ਤਾਂ ਤੀਹ ਸਾਲ ਤੋਂ ਇਹਦੇ ਅੰਗ ਸੰਗ ਰਹਿਨਾਂ। ਅਸੀਂ ਤਾਂ ਰੋਹੀ

ਬੀਆਂ ਬਾਨਾਂ 'ਚ ਰਹਿਣ ਵਾਲੇ ਪੀਰ ਆਂ, ਸਾਡਾ ਮੁਕਾਬਲਾ ਕੌਣ ਕਰ ਸਕਦਾ! ਬੱਸ! ਮੇਰਾ ਤਾਂ ਮਨਤਾ ਦਾ ਸੁਆਲ ਐ, ਮਨਤਾ ਕਰਦੇ ਰਹਿਣ ਤਾਂ ਸੁਖੀ ਰਹਿਣਗੇ ਨਹੀਂ ਤਾਂ ਨੁਕਸਾਨ ਸਹਿਣਾ ਪਊ........
...ਤੁਸੀਂ ਕੀ ਲੈਣਾ ਸਾਡੇ ਕੰਮ ਤੋਂ, ਭਲੀ ਚਾਹੁੰਦੇ ਹੋਂ ਤਾਂ ਚਲੇ ਜਾਓ......।" ਇਹ ਆਖ ਕੇ ਉਹ ਰੁਕ ਗਈ ਤੇ ਬੇਹੋਸ਼ੀ ਦੀ ਹਾਲਤ ਵਿੱਚ ਥੱਲੇ ਡਿੱਗਣ ਲੱਗੀ ਸੀ, ਅਸੀਂ ਉਸਨੂੰ ਸਹਾਰਾ ਦਿੱਤਾ ਤੇ ਉਸਦੇ ਭਰਾ ਨੂੰ ਉਸਨੂੰ ਅੰਦਰ ਕਮਰੇ 'ਚ ਲਿਟਾਉਣ ਲਈ ਆਖਿਆ। ਉਥੇ ਖੜੀਆਂ ਔਰਤਾਂ ਨੂੰ ਅਸੀਂ ਘਰੋ ਘਰੀ ਤੋਰ ਦਿੱਤਾ ਤੇ ਆਪਸ ਵਿੱਚ ਕੇਸ ਦੀ ਗੰਭੀਰਤਾ ਬਾਰੇ ਵਿਚਾਰ ਕਰਨ ਲੱਗੇ। ਅੱਧੇ ਕੁ ਘੰਟੇ ਬਾਅਦ ਜਦੋਂ ਅਸੀਂ ਕੇਸ ਦੀ ਪੜਤਾਲ ਕਰਨ ਲਈ ਅੰਦਰ ਗਏ ਤਾਂ ਉਹ ਔਰਤ ਹੋਸ਼ 'ਚ ਆ ਚੁੱਕੀ ਸੀ। ਸਾਨੂੰ ਦੇਖ ਕੇ ਮੰਜੇ ਤੋਂ ਉਠੀ ਤੇ ਸਿਰ ਮਾਰਨ ਲੱਗ ਪਈ," ਤੁਸੀਂ ਮੇਰਾ ਕੁੱਝ ਨਹੀਂ ਵਿਗਾੜ ਸਕਦੇ, ਇਸ ਕੰਨਿਆਂ ਵਿੱਚੋਂ ਨਹੀਂ ਕੱਢ ਸਕਦੇ, ਮੈਂ ਇਸਨੂੰ ਨਾਲ ਲੈ ਕੇ ਹੀ ਜਾਵਾਂਗਾ.......ਲੈ ਕੇ ਹੀ ਜਾਵਾਂਗਾ।" ਇਹ ਬੋਲ ਕੇ ਉਹ ਰੁਕ ਗਈ ਤੇ ਚੁੱਪ ਕਰ ਗਈ ।

ਔਰਤ ਦੀ ਅਜਿਹੀ ਹਾਲਤ ਦੇਖ ਕੇ ਮਨ 'ਚ ਦੋ ਹੀ ਸੁਆਲ ਉਠਦੇ ਸਨ, ਪਹਿਲਾ ਪਖੰਡ ਕਰਦੀ ਹੈ ਤੇ ਦੂਸਰਾ ਮਾਨਸਿਕ ਰੋਗੀ ਹੈ। ਪਰ ਫੈਸਲਾ ਪੜਤਾਲ ਤੋਂ ਬਾਅਦ ਹੀ ਹੋਣਾ ਸੀ। ਤਰਕਸ਼ੀਲ ਲਹਿਰ ਲਈ ਕੰਮ ਕਰਦਿਆਂ ਮੇਰਾ ਪਹਿਲੀ ਵਾਰ ਅਜਿਹੇ ਗੰਭੀਰ ਕੇਸ ਨਾਲ ਵਾਹ ਪਿਆ ਸੀ। ਸੁਸਾਇਟੀ ਦਾ ਵਕਾਰ ਦਾਅ ਤੇ ਸੀ। ਕੇਸ ਸੁਸਾਇਟੀ ਲਈ ਇੱਕ ਚੈਲਿੰਜ ਸੀ। ਕੇਸ ਸੰਬੰਧੀ ਅਸੀਂ ਉਸ ਔਰਤ ਦੇ ਪਤੀ ਨੂੰ ਬੁਲਾ ਕੇ ਉਸਤੋਂ ਮੁਕੰਮਲ ਜਾਣਕਾਰੀ ਹਾਸਲ ਕੀਤੀ। ਪਤੀ-ਪਤਨੀ ਦੇ ਆਪਸੀ ਸੰਬੰਧਾਂ, ਘਰ ਦੀ ਆਰਥਿਕ ਹਾਲਤ ਅਤੇ ਹੋਰ ਘਰੇਲੂ ਮਸਲਿਆਂ ਬਾਰੇ ਮੁਖੀ ਤੋਂ ਮਿਲੀ ਜਾਣਕਾਰੀ ਦੇ ਅਧਾਰ ਉਹ ਮਾਨਸਿਕ ਰੋਗੀ ਵਧੇਰੇ ਜਾਪਦੀ ਸੀ। ਅਸੀਂ ਉਸ ਔਰਤ ਨਾਲ ਗੱਲਬਾਤ ਸ਼ੁਰੂ ਕਰਨ ਲੱਗੇ ਤਾਂ ਪਹਿਲਾਂ ਵਾਲੀ ਕਾਰਵਾਈ ਫਿਰ ਸ਼ੁਰੂ ਹੋ ਗਈ। ਸਾਨੂੰ ਮਜਬੂਰਨ ਉਸ ਪ੍ਰਤੀ ਸਖਤ ਵਤੀਰਾ ਅਪਨਾਉਣਾ ਪਿਆ। ਤਰਕਸ਼ੀਲ ਮੈਂਬਰਾਂ ਤੇ ਉਸਦੇ ਭਰਾ ਦੀ ਸਹਾਇਤਾ ਨਾਲ ਉਸਨੂੰ ਜਬਰਦਸਤੀ ਮੰਜੇ ਤੇ ਲਿਟਾ ਦਿੱਤਾ। ਉਸ ਵਿਚਲਾ ਪੀਰ ਅਜੇ ਵੀ ਬੋਲ ਰਿਹਾ ਸੀ," ਤੁਸੀਂ ਮੈਨੂੰ ਇਸ ਕੰਨਿਆਂ ਵਿੱਚੋਂ ਨਹੀਂ ਕੱਢ ਸਕਦੇ। " ਉਸ ਔਰਤ ਨੂੰ ਲੱਤਾਂ, ਬਾਹਾਂ ਤੇ ਵਾਲਾਂ ਤੋਂ ਚੰਗੀ ਕਾਬੂ ਕਰਕੇ ਮੈਂ ਆਖਿਆ," ਲੈ ਬਈ ਪੀਰਾ, ਹੁਣ ਤੈਨੂੰ ਤਰਕਸ਼ੀਲ ਆਪਣੀ ਸ਼ਕਤੀ ਦਿਖਉਣ ਲੱਗੇ, ਤੂੰ ਵੀ ਵਿਖਾ ਆਪਣਾ ਹੱਥ। ਅਸੀਂ ਤੇਰੀ ਕੰਨਿਆਂ ਨੂੰ ਕਾਬੂ 'ਚ ਕੀਤਾ ਹੋਇਆ ਹੈ, ਤੂੰ ਆਪਣੀ ਸ਼ਕਤੀ ਨਾਲ ਇਸ ਦਾ ਕੋਈ ਵੀ ਅੰਗ ਹਿਲਾ ਕੇ ਵਿਖਾ ਦੇ।" ਮੇਰੇ ਇਹ ਕਹਿਣ ਤੇ ਰਸੋਈ 'ਚ ਰੋਟੀਆਂ ਪਕਾ ਰਹੀ ਗੁਆਂਢਣ ਕੁੜੀ ਉਠ ਕੇ ਅੰਦਰ ਆਈ ਤੇ ਆਖਣ ਲੱਗੀ " ਹਾਂ! ਬਾਬਾ, ਜੇਕਰ ਤੇਰੇ 'ਚ ਕੁੱਝ ਸ਼ਕਤੀ ਹੈ ਤਾਂ ਵਿਖਾ, ਇਹਨਾਂ ਦਾ ਜੋਰ ਤੇਰੇ ਮੁਕਾਬਲੇ 'ਚ ਕੀ ਐ ?" ਚਾਰ-ਪੰਜ ਮਿੰਟ ਅਸੀਂ ਉਸ ਔਰਤ ਨੂੰ ਬਿਲਕੁੱਲ ਵੀ ਹਿੱਲਣ ਨਾ ਦਿੱਤਾ। ਉਸ ਵਿਚਲਾ 'ਪੀਰ ' ਕਿਧਰੇ ਉਡੰਤਰ ਹੋ ਗਿਆ। ਕੁੱਝ ਪਲਾਂ ਬਾਅਦ ਉਹ ਬੋਲੀ," ਬਾਈ ਜੀ, ਮੇਰੇ ਵਾਲ ਦਰਦ ਕਰਦੇ ਐ, ਮੈਨੂੰ ਛੱਡ ਦਿਓ।" ਸਾਡੇ ਛੱਡਣ ਤੇ ਉਹ ਮੰਜੇ ਤੇ ਬੈਠ ਗਈ ਤੇ ਫਿਰ ਰੋਣ ਲੱਗ ਪਈ। ਰੋਂਦਿਆਂ ਹੋਇਆਂ ਉਸਨੇ ਆਖਿਆ," ਵੀਰ ਜੀ, ਮੇਰਾ ਪੀਰ ਤੋਂ ਖਹਿੜਾ ਛੁਡਵਾ ਦਿਓ, ਮੈਂ ਬਹੁਤ ਦੁਖੀ ਹਾਂ।" ਮੈਂ ਉਸ ਔਰਤ ਨਾਲ ਚਾਰ ਘੰਟੇ ਲੰਬੀ ਗੱਲਬਾਤ ਕੀਤੀ। ਲੱਗਭੱਗ ਸਾਰਾ ਕੇਸ ਸਾਹਮਣੇ ਆ ਗਿਆ। ਬਚਪਨ ਦੇ ਅੰਧਵਿਸ਼ਵਾਸ਼ਾਂ, ਸਹੁਰੇ ਘਰ ਦਾ ਅੰਧਵਿਸ਼ਵਾਸ਼ ਤੇ ਆਂਢ-ਗੁਆਂਢ ਦੇ ਪਿਛਾਂਹ ਖਿੱਚੂ ਪ੍ਰਭਾਵ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ। ਸਾਧਾਂ ਸਿਆਣਿਆ ਨੇ ਉਹਨਾਂ ਦੇ ਘਰ ਪੀਰ ਦੀ ਜਗਾ ਬਣਾ ਕੇ ਉਸ ਵਿਚਲੇ ਪੀਰ ਦੇ ਕਲਪਿਤ ਅੰਧਵਿਸ਼ਵਾਸ਼ ਨੂੰ ਪੱਕੇ ਪੈਰੀਂ ਕਰ ਦਿੱਤਾ। ਉਹ ਬਹੁਤ ਜਲਦੀ ਸੰਮੋਹਕ ਨੀਂਦ ਵਿੱਚ ਚਲੀ ਗਈ ਪਰ ਅਚੇਤ ਮਨ ਵਿਚਲੇ ਪੀਰ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਕਾਫੀ ਕੋਸ਼ਿਸ਼ ਕਰਨੀ ਪਈ । ਸੰਮੋਹਕ ਨੀਂਦ ਤੋਂ ਬਾਅਦ ਉਹ ਬਹੁਤ ਖੁਸ਼ ਨਜਰ ਆ ਰਹੀ ਸੀ।

ਪੀਰ ਦੇ ਪ੍ਰਗਟ ਹੋਣ ਤੇ ਉਸਦੇ ਬੋਲਣ ਦੀ ਘਟਨਾ ਉਸਦੇ ਮਨ ਵਿਚਲੇ ਡਰ ਵਿੱਚੋਂ ਵਾਪਰੀ। ਉਂਝ ਉਸਦੇ ਭਰਾ ਨੇ ਉਸਨੂੰ ਪੀਰ ਤੋਂ ਖਹਿੜਾ ਛੁਡਵਾਉਣ ਲਈ ਜਬਰਦਸਤੀ ਮਨਾਇਆ ਸੀ। ਸ਼ਾਮੀਂ ਵਾਪਸ ਮੁੜਨ ਵੇਲੇ ਅਸੀਂ ਪੀਰ ਦੀ ਜਗ੍ਹਾ ਪੁੱਟਣ ਦਾ ਪ੍ਰੋਗਰਾਮ ਇਹ ਸੋਚ ਕੇ ਕੈਂਸਲ ਕਰ ਦਿੱਤਾ ਕਿ 30 ਸਾਲਾਂ ਪੁਰਾਣਾ ਕੇਸ ਹੈ, ਇਹ ਕੰਮ ਅਗਲੇ ਵਾਰ ਕਰ ਦਿਆਂਗੇ। ਪਰ ਉਹ ਔਰਤ ਸਾਨੂੰ ਕਹਿਣ ਲੱਗੀ, " ਸਾਡੇ ਘਰੋਂ ਪੀਰ ਦਾ ਡੰਡਾ ਡੇਰਾ ਚੁੱਕ ਕੇ ਲੈ ਜਾਓ, ਅਸੀਂ ਇਸਤੋਂ ਕੀ ਕਰਵਾਉਣਾ ਹੈ।" ਅਸੀਂ ਪੀਰ ਦਾ ਸਮਾਨ ਚੁੱਕਿਆ ਤੇ ਆਉਣ ਵੇਲੇ ਫਰੀਦਕੋਟ ਦੀਆਂ ਨਹਿਰਾਂ ਵਿੱਚ ਸੁੱਟ ਦਿੱਤਾ। ਆਉਣ ਵੇਲੇ ਅਸੀਂ ਉਹਨਾਂ ਨਾਲ ਔਰਤ ਦੇ ਪੇਕੇ ਪਿੰਡ ਮਹੀਨੇ ਦੇ ਨਿਚੰਦੇ ਵੀਰਵਾਰ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ ਤਾਂ ਜੋ ਦੁਬਾਰਾ ਚੈਕ ਕੀਤਾ ਜਾ ਸਕੇ।

ਕੇਸ ਦੀ ਗੰਭੀਰਤਾ ਨੂੰ ਧਿਆਨ 'ਚ ਰਖਦਿਆਂ ਮੈਂ ਰਜਿੰਦਰ ਭਦੌੜ ਨਾਲ ਵਿਚਾਰ ਕੀਤੀ । ਉਹਨਾਂ ਸਾਡੀ ਕਾਰਵਾਈ ਤੇ ਸਹੀ ਪਾਉਂਦਿਆਂ ਇੱਕ ਵਾਰ ਹੋਰ ਹਿਪਨੋਟਾਈਜ ਕਰਨ ਦਾ ਸੁਝਾਅ ਦਿੱਤਾ ਤਾਂ ਜੋ ਪੁਰਾਣੇ ਪ੍ਰਭਾਵ ਨੂੰ ਜਲਦੀ ਖਤਮ ਕੀਤਾ ਜਾ ਸਕੇ। ਅਗਲੇ ਮਹੀਨੇ ਦੇ ਨਿਚੰਦੇ ਵੀਰਵਾਰ ਨੂੰ ਜਦ ਅਸੀਂ ਮੁੜ ਕੇਸ ਵੇਖਣ ਗਏ ਤਾਂ ਉਹ ਔਰਤ ਬਿਲਕੁੱਲ ਠੀਕ-ਠਾਕ ਸੀ ਜਦ ਉਸਨੂੰ ਦੁਬਾਰਾ ਸੰਮੋਹਿਕ ਨੀਂਦ 'ਚ ਲਿਆਂਦਾ ਗਿਆ ਤਾਂ ਉਸਨੇ ਕੁੱਝ ਹੋਰ ਹਰਕਤਾਂ ਕੀਤੀਆਂ ਉਹ ਲੰਬਾਂ ਸਮਾਂ ਇਸੇ ਅਵਸਥਾ 'ਚ ਰਹੀ। ਅਸੀਂ ਉਸਦੇ ਭਰਾ ਨੂੰ ਸੁਝਾਅ ਦੇ ਕੇ ਵਾਪਸ ਆ ਗਏ। ਲੱਗਭੱਗ ਦੋ ਸਾਲ ਗੁਜਰ ਗਏ ਨੇ ਕਿਸੇ ਵੀਰਵਾਰ ਨੂੰ ਉਸ ਔਰਤ 'ਚ ਕੋਈ ਪੀਰ ਨਹੀਂ ਆਇਆ। ਘਰ ਵਿੱਚ ਪੀਰ ਦੀ ਜਗ੍ਹਾ ਬੰਦ ਹੈ। ਪੂਜਾ ਥਾਪਨਾ ਵੀ ਕੋਈ ਨਹੀਂ ਕਰਦਾ। ਸਾਲ ਬਾਅਦ ਪੀਰ ਦੀ ਮਜਾਰ ਤੇ ਜਾਣ ਤੇ ਸੁੱਖ-ਸੀਰਨੀ ਦੇਣ ਦਾ ਕੰਮ ਉਹਨਾਂ ਛੱਡ ਦਿੱਤਾ ਹੈ। ਉਹ ਔਰਤ ਆਪਣੇ ਪਰਿਵਾਰ ਸਮੇਤ ਰਾਜੀ-ਖੁਸ਼ੀ ਰਹਿ ਰਹੀ ਹੈ।

ਤਰਕਸ਼ੀਲ ਗੀਤਾਂ ਦੀ ਆਡੀਓ ਕੈਸਟ ਲਈ ਗੀਤ

ਲੇਖਕਾਂ ਨੂੰ ਬੇਨਤੀ ਹੈ ਕਿ ਵਹਿਮਾਂ ਭਰਮਾਂ ਦੇ ਖਿਲਾਫ ਅਗਾਂਹਵਧੂ ਗੀਤ ਭੇਜੇ ਜਾਣ। ਜਿਹੜੇ ਲੇਖਕਾਂ ਨੇ ਪਹਿਲਾਂ ਗੀਤ ਭੇਜੇ ਸਨ ਉਹਨਾਂ ਨੂੰ ਵੀ ਬੇਨਤੀ ਹੈ ਕਿ ਦੁਬਾਰਾ ਤੋਂ ਗੀਤ ਭੇਜਣ ।

ਤਾਂਤਰਿਕ ਦੀ ਲਾਸ਼ ਜ਼ਿੰਦਾ ਨਾ ਹੋ ਸਕੀ

ਅਨਪੜਤਾ ਤੇ ਅਗਿਆਨਤਾ ਦਾ ਸ਼ਿਕਾਰ ਹੋ ਕੇ ਲੋਕਾਈ ਦਾ ਵੱਡਾ ਹਿੱਸਾ ਵਹਿਮਾਂ ਭਰਮਾਂ, ਅੰਧਵਿਸ਼ਵਾਸ਼ਾਂ ਦੀ ਦਲਦਲ 'ਚ ਫਸਿਆ ਹੋਇਆ ਹੈ। ਪਛੜੇ ਪਿੰਡਾਂ ਤੇ ਸਰਹੱਦੀ ਇਲਾਕਿਆਂ ਵਿੱਚ ਜਿੱਥੇ ਲੋਕ ਜੀਵਨ ਦੀਆਂ ਮੁਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ ਉਥੇ ਅੰਧਵਿਸ਼ਵਾਸ਼ਾਂ ਦਾ ਹਨੇਰਾ ਪੂਰੀ ਤਰ੍ਹਾਂ ਛਾਇਆ ਹੋਇਆ ਹੈ। ਪਿਛਲੇ ਦਿਨਾਂ 'ਚ ਅੰਮ੍ਰਿਤਸਰ ਜਿਲ੍ਹੇ ਦੇ ਸਰਾਏ ਅਮਾਨਤ ਖਾਂ ਪਿੰਡ ਵਿਖੇ ਭੋਰੇ 'ਚ ਲਟਕਦੀ ਲਾਸ਼ ਚਰਚਾ ਦਾ ਵਿਸ਼ਾ ਰਹੀ ਹੈ। ਇਸ ਪਿੰਡ ਦੇ ਕਥਿਤ ਤਾਂਤਰਿਕ ਬਾਬਾ ਗੁਰਦੇਵ ਸ਼ਾਹ ਦੀ ਲਾਸ਼ ਲੱਗਭੱਗ ਇੱਕ ਮਹੀਨਾ ਛੇ ਫੁੱਟ ਡੂੰਘੇ ਜਮੀਨੀ ਟੋਏ 'ਚ ਰੁਲਦੀ ਰਹੀ । ਅਜਿਹਾਂ ਤਾਂਤਰਿਕ ਦੇ ਅਖੌਤੀ ਚੇਲੇ ਵੱਲੋਂ ਲਾਸ਼ ਨੂੰ ਮੁੜ ਜਿੰਦਾ ਕਰਨ ਦੇ ਯਤਨਾਂ ਵਜੋਂ ਕੀਤਾ ਗਿਆ।

ਤਰਕਸ਼ੀਲ ਸੁਸਾਇਟੀ ਦੇ ਸੂਬਾ ਪ੍ਰਧਾਨ ਸ਼੍ਰੀ ਕ੍ਰਿਸ਼ਨ ਬਰਗਾੜੀ ਦੀ ਅਗਵਾਈ ਵਿੱਚ ਗਈ ਪੜਤਾਲੀਆ ਟੀਮ ਅਨੁਸਾਰ 22 ਸਾਲਾ ਨੌਜਵਾਨ ਗੁਰਦੇਵ ਸ਼ਾਹ ਉਰਫ ਤਾਂਤਰਿਕ ਬਾਬਾ ਜਾਹਰਾ ਪੀਰ ਦਾ ਦਰਵੇਸ਼ ਬਨਣ ਤੋਂ ਪਹਿਲਾਂ ਟਰੱਕ ਤੇ ਕਲੀਨਰ ਵਜੋਂ ਕੰਮ ਕਰਦਾ ਸੀ । ਫਿਰ ਉਹ ਆਪਣੇ ਪਿੰਡ ਦੇ ਹਿਜੜੇ ਰੇਸ਼ਮ ਨਾਲ ਢੋਲਕੀ ਵਜਾਉਣ ਲੱਗ ਪਿਆ। ਜਦ ਉਸਨੇ ਆਪਣੇ ਘਰਦਿਆਂ ਕੋਲ ਸਿਰ ਭਾਰਾ ਰਹਿਣ ਦੀ ਸ਼ਿਕਾਇਤ ਕੀਤੀ ਤਾਂ ਡਾਕਟਰੀ ਇਲਾਜ ਕਰਾਉਣ ਦੀ ਬਜਾਇ ਮਾਪਿਆਂ ਨੇ ਉਸਨੂੰ ਜਾਹਰਾ ਪੀਰ ਦੀ ਜਗ੍ਹਾ ਤੇ ਚਰਾਗ ਜਗਾਉਣ ਲਈ ਭੇਜ ਦਿੱਤਾ।ਮੁਜਾਰ ਤੇ ਚਰਾਗ ਜਗਾਉਂਦਾ ਜਗਾਉਂਦਾ ਉਹ ਗੁਰਦੇਵ ਸਿੰਘ ਤੋਂ ਬਾਬਾ ਗੁਰਦੇਵ ਸ਼ਾਹ ਬਣ ਗਿਆ। ਉਸਨੇ ਮਜਾਰ ਦੇ ਆਸਪਾਸ ਸਫਾਈ ਕਰਵਾ ਕੇ ਆਪਣੇ ਆਪ ਨੂੰ ਪੀਰ ਦਾ ਅਨੰਨ ਸੇਵਕ ਐਲਾਨਿਆ। ਲੋਕਾਂ ਦੀ ਅੰਧਵਿਸ਼ਵਾਸ਼ੀ ਬਿਰਤੀ ਦਾ ਲਾਹਾ ਲੈ ਕੇ ਉਸਨੇ ਹਰ ਵੀਰਵਾਰ ਪੁੱਛਾਂ ਦੇਣ ਦਾ ਪ੍ਰਪੰਚ ਵੀ ਰਚ ਲਿਆ। ਉਹ ਪੀਰ ਦੀ ਜਗ੍ਹਾ ਤੇ ਲੋਕਾਂ ਦੇ ਦੁੱਖ ਦੂਰ ਕਰਨ ਦੇ ਦਾਅਵੇ ਕਰਨ ਲੱਗਾ। ਉਹ ਆਪਣੇ ਸ਼ਰਧਾਲੂਆਂ ਨੂੰ ਪੁੱਤਰਾਂ ਦੀਆਂ ਦਾਤਾਂ ਵੀ ਬਖਸ਼ਦਾ ਸੀ ਪਰ ਉਸਦੇ ਆਪਣੇ ਦੋ ਲੜਕੀਆਂ ਹਨ। ਉਸਦਾ ਚੰਗਾ ਤੋਰੀ ਫੁਲਕਾ ਚੱਲਦਾ ਸੀ ।

ਮੌਤ ਤੋਂ ਕੁੱਝ ਦਿਨ ਪਹਿਲਾਂ ਜਦ ਉਹ ਤਾਂਤਰਿਕ ਆਪਣੇ ਸਾਂਢੂ ਕੋਲ ਢਪੱਈ ਗਿਆ ਤਾਂ ਵਾਪਸ ਆਉਂਦਾ ਹੀ ਬਿਮਾਰ ਹੋ ਗਿਆ। ਲੋਕਾਂ ਦੇ ਦੁੱਖ ਦੂਰ ਕਰਨ ਤੇ ਮਜਾਰ ਉਪਰ ਬਿਮਾਰੀਆਂ ਦੇ ਇਲਾਜ ਕਰਨ ਵਾਲਾ ਆਪ ਆਪਣੇ ਇਲਾਜ ਲਈ ਹਸਪਤਾਲਾਂ ਦੇ ਗੇੜੇ ਕੱਢਦਾ ਰਿਹਾ। ਪਰਿਵਾਰਕ ਸੂਤਰਾਂ ਅਨੁਸਾਰ ਉਸਦੀ ਮੌਤ ਲਗਾਤਾਰ 8 ਦਿਨ ਤੜਫ ਤੜਫ ਕੇ ਸ਼ੁਦਾਈ ਹੋਣ ਨਾਲ ਹੋਈ । ਉਸਦੀ ਮੌਤ ਉਪਰੰਤ ਨਵਾਂ ਨਾਟਕ ਅਰੰਭ ਹੋਇਆ। ਪੜਤਾਲੀਆ ਟੀਮ ਅਨੁਸਾਰ ਉਸਦੀ ਮੌਤ ਦੀ ਪੁਸ਼ਟੀ ਡਾਕਟਰ, ਅਧਿਕਾਰੀ ਜਾਂ ਪਿੰਡ ਦੀ ਪੰਚਾਇਤ ਨੇ ਨਹੀਂ ਕੀਤੀ । ਮੌਤ ਤੋਂ ਬਾਅਦ ਬੁਤੇਵਾਲ ਦੇ ਕਸ਼ਮੀਰੇ ਸਾਧ, ਗੁਰਦੇਵ ਸ਼ਾਹ ਦੀ ਮੂੰਹ ਬੋਲੀ ਭੈਣ ਹਿਜੜਾ ਰੇਸ਼ਮਾ ਤੇ ਅਤੇ ਉਸਦੇ ਅਖੌਤੀ ਅਧਿਆਤਮਕ ਗੁਰੂ ਪੱਪੂ ਸਾਈਂ ਬਰਾੜ ਵਾਲੇ ਦੀ ਹਦਾਇਤ ਤੇ ਇਹ ਕੂੜ ਪ੍ਰਚਾਰ ਅਰੰਭ ਕਰ ਦਿੱਤਾ ਕਿ ਬਾਬਾ ਗੁਰਦੇਵ ਸ਼ਾਹ ਪਹੁੰਚਿਆ ਹੋਇਆ ਪੀਰ ਹੈ। ਕੋਈ ਆਮ ਮਨੁੱਖ ਨਾ ਹੋਣ ਕਰਕੇ ਇਹ ਚਾਲੀ ਦਿਨਾਂ ਬਾਅਦ ਜਿੰਦਾ ਹੋ ਜਾਵੇਗਾ। ਅਖੌਤੀ ਗੁਰੂ ਦੀ ਅਗਵਾਈ 'ਚ ਤਾਂਤਰਿਕ ਬਾਬਾ ਦੀ ਲਾਸ਼ ਨੂੰ ਸੰਦੂਕ ਵਿੱਚ ਪਾ ਕੇ ਜਮੀਨੀ ਭੋਰੇ 'ਚ ਲਟਕਾਇਆ ਗਿਆ। ਪੱਪੂ ਸਾਈਂ ਨੇ ਉਸਨੂੰ ਮੁੜ ਜਿੰਦਾ ਕਰਨ ਲਈ ਤੇ ਜਾਹਰਾ ਪੀਰ ਨੂੰ ਖੁਸ਼ ਕਰਨ ਲਈ ਰੋਜੇ ਰੱਖੇ ਹੋਏ ਸਨ। ਉਸ ਅਨੁਸਾਰ 41 ਵੇਂ ਰੋਜੇ ਵਾਲੇ ਦਿਨ ਪੀਰ ਦੀ ਮਿਹਰ ਨਾਲ ਗੁਰਦੇਵ ਸ਼ਾਹ ਮੁੜ ਜਿੰਦਾ ਹੋ ਜਾਵੇਗਾ। ਪਰ ਲਾਸ਼ ਨੂੰ ਜਿੰਦਾ ਕਰਨ ਦਾ ਪ੍ਰਪੰਚ ਪੱਪੂ ਸਾਈਂ ਦਾ ਮਹਿਜ ਇੱਕ ਪਖੰਡ ਸੀ। ਜਰ ਤਾਂਤਰਿਕ ਦੀ ਭੋਰੇ 'ਚ ਲਟਕਦੀ ਲਾਸ਼ ਦੀ ਘਟਨਾ ਅਖਬਾਰਾਂ 'ਚ ਚਰਚਾ ਦਾ ਵਿਸ਼ਾ ਬਣੀ ਤੇ ਤਰਕਸ਼ੀਲਾਂ ਨੇ ਘਟਨਾਂ ਦੀ ਉਚ ਪੱਧਰੀ ਜਾਂਚ ਕਰਕੇ ਪਿੱਛੇ ਕੰਮ ਕਰਦੇ ਕਾਰਨਾਂ ਨੂੰ ਘੋਖਣ ਦੀ ਮੰਗ ਕੀਤੀ ਤਾਂ ਅਖੌਤੀ ਸਾਧੂਆਂ ਤੇ ਵਾਰਸਾਂ ਨੇ ਲਾਸ਼ ਨੂੰ ਭੋਰੇ ਵਿੱਚੋਂ ਕੱਢ ਕੇ ਉਸਦਾ ਅੰਤਮ ਸੰਸਕਾਰ ਕਰਨ ਵਿੱਚ ਬਹੁਤੀ ਦੇਰ ਨਹੀਂ ਲਾਈ ।

ਇਸ ਘਟਨਾ ਤੋਂ ਸਿੱਧ ਹੁੰਦਾ ਹੈ ਕਿ ਲੋਕਾਂ ਦੇ ਦੁਖ ਦਰਦ ਦੂਰ ਕਰਨ ਤੇ ਕਰਾਮਾਤੀ ਘਟਨਾਵਾਂ ਕਰਨ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੇ ਅਖੌਤੀ ਗੁਰੂ, ਬਾਬੇ, ਤਾਂਤਰਿਕ ਪਰਖ ਦੀ ਘੜੀ 'ਚ ਰਫੂ ਚੱਕਰ ਹੋ ਜਾਂਦੇ ਹਨ। ਮਤਲਬ ਸਾਫ ਹੈ ਕਿ ਇਹਨਾਂ ਕੋਲ ਲੋਕਾਂ ਦਾ ਕੁੱਝ ਸੁਆਰਨ ਜਾਂ ਵਿਗਾੜਨ ਲਈ ਕੋਈ ਗੈਬੀ ਸ਼ਕਤੀ ਨਹੀਂ ਹੈ। ਇਹ ਤਾਂ ਲੋਕਾਂ ਦੀ ਅਗਿਆਨਤਾ ਤੇ ਅੰਧਵਿਸ਼ਵਾਸ਼ ਸਹਾਰੇ ਆਪਣਾ ਗੁਮਰਾਹ ਕੁੰਨ ਧੰਦਾ ਚਲਾਉਂਦੇ ਹਨ। ਇਹ ਧੰਦਾ ਪੰਜਾਬ ਦੇ ਪਿੰਡ ਪਿੰਡ ਚੱਲ ਰਿਹਾ ਹੈ। ਜਿੱਥੇ ਲੋਕਾਂ ਨੂੰ ਦੋਹਾਂ ਹੱਥਾਂ ਨਾਲ ਲੁਟਿਆ ਜਾਂਦਾ ਹੈ। ਵੱਡੇ ਡੇਰਿਆਂ ਤੇ ਮਜਾਰਾਂ ਉਪਰ ਅਖੌਤੀ ਗੁਰੂ ਸਿਆਸੀ ਛਤਰ ਛਾਇਆ ਵੀ ਹਾਸਲ ਕਰਦੇ ਹਨ।

ਸਮੇਂ ਦੀ ਮੰਗ ਹੈ ਕਿ ਅਜਿਹੇ ਸੰਚਾਲਕਾਂ ਦਾ ਪਰਦਾਫਾਸ਼ ਕਰਨ ਲਈ ਤਰਕਸ਼ੀਲ ਲਹਿਰ ਨੂੰ ਤੇਜ ਕੀਤਾ ਜਾਵੇ, ਹਰ ਪਿੰਡ ਤੱਕ ਪਹੁੰਚ ਕੀਤੀ ਜਾਵੇ ਤਾਂ ਜੋ ਅੰਧਵਿਸ਼ਵਾਸ਼ਾਂ ਦੇ ਘੇਰੇ 'ਚ ਭਟਕਦੇ ਲੋਕ ਚਾਨਣ ਵਿੱਚ ਆ ਕੇ ਆਪਣਾ ਜੀਵਨ ਸਫਲ ਕਰ ਸਕਣ। ਪਿੰਡ ਸਰਾਏ ਅਮਾਨਤ ਖਾਂ ਦੀ ਘਟਨਾ ਸਾਡੇ ਲਈ ਇੱਕ ਚਣੌਤੀ ਹੈ। ਇਸ ਚਣੌਤੀ ਨੂੰ ਕਬੂਲ ਕਰਕੇ ਆਪਣੇ ਮਕਸਦ ਦੀ ਪੂਰਤੀ ਲਈ ਅੱਗੇ ਵਧਣਾ ਸਾਡਾ ਅਹਿਮ ਕਾਰਜ ਹੈ।

(ਤਰਕਸ਼ੀਲ ਫੀਚਰਜ਼ ਸਰਵਿਸ)

ਸ਼ੋਕ ਸਮਾਚਾਰ

ਸਾਥੀ ਹੇਮ ਰਾਜ ਮੀਤ ਪ੍ਰਧਾਨ ਇਕਾਈ ਮੌੜ ਮੰਡੀ (ਬਠਿੰਡਾ) ਦੀ ਮਾਤਾ ਜੀ ਦੀ ਬੇਵਕਤ ਮੌਤ ਤੇ ਆਦਾਰਾ ਤਰਕਸ਼ੀਲ ਉਹਨਾਂ ਦੇ ਪ੍ਰਵਾਰ ਨਾਲ ਡੂੰਘੇ ਦੁੱਖ ਦਾ ਇਜਹਾਰ ਕਰਦਾ ਹੈ ।

ਸ਼ੰਕਾ - ਨਵਿਰਤੀ

ਸ਼ੰਕਾ : ਕੀ,ਰੰਗ, ਸ਼ਕਲ, ਨੈਣ ਨਕਸ਼, ਮੂੰਹ-ਮੁਹਾਂਦਰਾ ਜਾਤਾਂ ਦੇ ਅਧਾਰ ਤੇ ਹੁੰਦੇ ਹਨ। ਕ੍ਰਿਪਾ ਕਰਕੇ ਸ਼ੰਕਾ ਦੂਰ ਕੀਤੀ ਜਾਵੇ ਕਿ ਸਵਰਨ ਜਾਤੀ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਦੇ ਨੈਣ ਨਕਸ਼ ਅਤੇ ਮੁਹਾਂਦਰਾ ਸੋਹਣਾ ਹੁੰਦਾ ਹੈ ਅਤੇ ਛੋਟੀ ਜਾਤ ਵਲਿਆਂ ਦੇ ਭੱਦੇ ਹੁੰਦੇ ਹਨ, ਇਸ ਬਾਰੇ ਚਾਨਣਾ ਪਾਓ ।

ਕਰਮਜੀਤ ਮਲਕਪੁਰੀ ,
ਰੋਪੜ

ਨਵਿਰਤੀ : ਮਨੁੱਖ ਦਾ ਰੰਗ-ਰੂਪ ਬੁਨਿਆਦੀ ਤੌਰ ਤੇ ਮਿਲਣ ਵਾਲੇ ਗੁਣਵਾਹਕ ਸੂਤਰਾਂ ਤੇ ਨਿਰਭਰ ਕਰਦਾ ਹੈ। ਪ੍ਰੰਤੂ ਵੰਸ਼ ਦੇ ਨਾਲੋ ਨਾਲ ਵਾਤਾਵਰਣ ਵੀ ਆਪਣਾ ਪ੍ਰਭਾਵ ਪਾਉਂਦਾ ਹੈ। ਭਾਰਤ ਵਿੱਚ ਜਾਤ ਪ੍ਰਣਾਲੀ ਬਹੁਤ ਸਖਤ ਸੀ ਤੇ ਅੰਤਰ ਜਾਤੀ ਵਿਆਹ ਮੁਮਕਿਨ ਨਹੀਂ ਸਨ। ਇਸ ਕਾਰਨ ਰੰਗ-ਰੂਪ ਕੁੱਝ ਹੱਦ ਤੱਕ ਜਾਤ ਅਧਾਰਤ ਹੈ। ਪਰ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸਾਰੇ ਬੰਧਨਾਂ ਦੇ ਬਾਵਜੂਦ ਅੰਤਰ ਜਾਤੀ ਵਿਆਹ ਜਾਂ ਮਿਲਾਪ ਵੀ ਹੁੰਦਾ ਰਹਿੰਦਾ ਹੈ ਅਤੇ ਵਾਤਾਵਰਨ ਵੀ ਆਪਣਾ ਅਸਰ ਪਾਉਂਦਾ ਹੈ ਇਸ ਕਰਕੇ ਰੰਗ ਰੂਪ ਨੂੰ ਸਿੱਧੇ ਰੂਪ ਵਿੱਚ ਜਾਤ ਨਾਲ ਨਹੀਂ ਜੋੜਿਆ ਜਾ ਸਕਦਾ। ਜਿਥੋਂ ਤੱਕ ਸਵਰਨ ਜਾਤੀਆਂ ਦੇ ਸੋਹਣੇ ਹੋਣ ਦੀ ਹੈ, ਇਸ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਸੁਹੱਪਣ ਦਾ ਸੰਕਲਪ ਹਰ ਭਾਈਚਾਰੇ ਦਾ ਆਪੋ ਆਪਣਾ ਹੁੰਦਾ ਹੈ। ਜੇ ਭਾਰਤ ਦੀਆਂ ਜਾਤੀਆਂ ਆਪਣੇ ਕਣਕ ਵੰਨੇ ਰੰਗ ਕਾਰਨ ਆਪਣੇ ਸੋਹਣੇ ਹੋਣ ਦਾ ਅਭਿਮਾਨ ਕਰਦੀਆਂ ਹਨ ਤਾਂ ਫਿਰ ਉਹਨਾਂ ਦਾ ਗੋਰਾ ਰੰਗ ਅੰਗਰੇਜਾਂ ਮੁਕਾਬਲੇ ਤਾਂ ਕੁੱਝ ਵੀ ਨਹੀਂ ਹੁੰਦਾ। ਕਿਸੇ ਨੂੰ ਛੋਟੀ ਜਾਤੀ ਜਾਂ ਭੱਦੇ ਕਹਿਣਾ ਅਸਲ ਵਿੱਚ ਜਾਤੀ ਹੰਕਾਰ ਤੋਂ ਪੈਦਾ ਹੁੰਦਾ ਹੈ। ਤਰਕਸ਼ੀਲ ਸੋਚ ਵਿੱਚ ਅਜਿਹੀ ਸੋਚ ਲਈ ਕੋਈ ਥਾਂ ਨਹੀਂ ਹੈ।

ਸ਼ੰਕਾਂ : ਸੁਣਨ ਵਿੱਚ ਆਇਆ ਹੈ ਕਿ ਡੇਹਰਾਦੂਨ ਵਿਖੇ ਜੋ ਬਾਬਾ ਸ਼੍ਰੀ ਚੰਦ ਜੀ ਦਾ ਗੁਰਦੁਆਰਾ ਹੈ, ਉਥੇ ਨਿਸ਼ਾਨ ਸਾਹਿਬ ਆਪਣੇ ਆਪ ਚੜਦਾ ਹੈ ਇਸਦੀ ਅਸਲੀਅਤ ਕੀ ਹੈ ।

ਜਗਪਾਲ, ਨੂਰਪੁਰ ਬੇਦੀ ।

ਨਵਿਰਤੀ : ਵਿਗਿਆਨ ਦੇ ਨਿਯਮਾਂ ਅਨੁਸਾਰ ਧਰਤੀ ਉਪਰ ਕੋਈ ਵੀ ਵਸਤੂ ਬਾਹਰੀ ਬਲ ਤੋਂ ਬਿਨਾਂ ਕੰਮ ਨਹੀਂ ਕਰ ਸਕਦੀ। ਸੋ ਡੇਹਰਾਦੂਨ ਤਾਂ ਕੀ ਕਿਸੇ ਵੀ ਸਥਾਨ ਤੇ ਨਿਸ਼ਾਨ ਸਾਹਿਬ ਆਪਣੇ ਆਪ ਨਹੀਂ ਚੜਦਾ। ਸੁਣੀਆਂ ਸੁਣਾਈਆਂ ਗੱਲਾਂ ਦੀ ਥਾਂ ਤੇ ਖੁਦ ਪਰਖਿਆ ਕਰੋ ਜੀ।

ਸ਼ੰਕਾਂ : ਜਦ ਕਿਸੇ ਵਿਅਕਤੀ ਦੇ ਚੁੱਕ ਪੈ ਜਾਵੇ ਤਾਂ ਆਮ ਚਰਚਾ ਹੈ ਕਿ ਦੋ ਸਕੀਆਂ ਭੈਣਾ ਜੋ ਦੋ ਸਕੇ ਭਰਾਵਾਂ ਨੂੰ ਵਿਆਹੀਆਂ ਹੋਣ ਤਾਂ ਉਹ ਚੁੱਕ ਪਏ ਵਿਅਕਤੀ ਦੇ ਉਪਰ ਦੀ ਤਿੰਨ ਵਾਰ ਤਿੰਨ ਦਿਨ ਲਗਾਤਾਰ ਟੱਪ ਜਾਣ ਤਾਂ ਚੁੱਕ ਠੀਕ ਹੋ ਜਾਂਦੀ ਹੈ।

- ਵਿਜੇ ਕੁਮਾਰ, ਬਠਿੰਡਾ।

ਨਵਿਰਤੀ : ਹੋਰ ਬਹੁਤ ਸਾਰੇ ਟੂਣਿਆਂ ਵਾਂਗ ਇਹ ਵੀ ਫਜ਼ੂਲ ਵਹਿਮ ਹੈ। ਅਸਲ ਵਿੱਚ ਬਹੁਤ ਸਾਰੇ ਸਰੀਰਕ ਵਿਗਾੜ ਸਮੇਂ ਨਾਲ ਠੀਕ ਹੋਣ ਵਾਲੇ ਹੁੰਦੇ ਹਨ। ਰੀੜ ਦੀ ਹੱਡੀ ਦਾ ਸਧਾਰਨ ਦਰਦ ਆਪਣੇ ਆਪ ਤਿੰਨ ਚਾਰ ਦਿਨ ਵਿੱਚ ਠੀਕ ਹੋ ਜਾਂਦਾ ਹੈ। ਟੂਣਾ ਕਰਵਾਉਣ ਨਾਲ ਮਨ ਨੂੰ ਹੌਂਸਲਾਂ ਬਣਿਆ ਰਹਿੰਦਾ ਹੈ।

ਸ਼ੰਕਾ : ਜਦੋਂ ਸੂਰਜ ਜਾਂ ਚੰਨ ਗ੍ਰਹਿਣ ਲੱਗਦਾ ਹੈ ਤਾਂ ਗਰਭਵਤੀ ਔਰਤਾਂ ਜਾਂ ਪਸ਼ੂਆਂ ਨੂੰ ਬੈਠਣ ਤੋਂ ਕਿਉਂ ਰੋਕਿਆ ਜਾਂਦਾ ਹੈ,ਕੀ ਇਸਦਾ ਕੋਈ ਬੁਰਾ ਪ੍ਰਭਾਵ ਪੈਂਦਾ ਹੈ ।

ਮਲਕੀਤ ਸਿੰਘ,ਪਰਮਜੀਤ ਸਿੰਘ
ਅਰਾਈਆਂ ਵਾਲਾ ਕਲਾਂ।

ਨਵਿਰਤੀ :ਅੱਜ ਅਸੀਂ ਸੂਰਜ ਗ੍ਰਹਿਣ ਅਤੇ ਚੰਨ ਗ੍ਰਹਿਣ ਦੇ ਵਿਗਿਆਨਕ ਕਾਰਨ ਜਾਣਦੇ ਹਾਂ। ਜਦੋਂ ਮਨੁੱਖ ਇਸਦੇ ਵਿਗਿਆਨਕ ਕਾਰਨਾਂ ਤੋਂ ਅਣਜਾਣ ਸੀ, ਉਸ ਸਮੇਂ ਇਸ ਕਦੇ ਕਦਾਈਂ ਅਚਾਨਕ ਵਾਪਰਨ ਵਾਲੀ ਘਟਨਾਂ ਉਸ ਨੂੰ ਹੈਰਾਨ ਪ੍ਰੇਸ਼ਾਨ ਕਰ ਦਿੰਦੀ ਸੀ ਹਰ ਸਮੇਂ ਕੁੱਝ ਬੱਚੇ ਸਰੀਰਕ ਪੱਖ ਤੋਂ ਅਸਧਾਰਣ ਹੁੰਦੇ ਹਨ, ਗ੍ਰਹਿਣ ਤੋਂ ਬਾਅਦ ਜੰਮੇ ਅਜਿਹੇ ਅਸਾਧਾਰਣ ਬੱਚਿਆ ਨੂੰ ਗ੍ਰਹਿਣ ਨਾਲ ਜੋੜ ਲਿਆ ਗਿਆ। ਗ੍ਰਹਿਣ ਸਮੇਂ ਅਜਿਹੀ ਕੋਈ ਵੀ ਭੌਤਿਕ ਕਿਰਿਆ ਨਹੀਂ ਹੁੰਦੀ, ਜਿਸਦਾ ਗਰਭਵਤੀ ਔਰਤਾਂ ਤੇ ਮਾਰੂ ਪ੍ਰਭਾਵ ਹੋਵੇ। ਸੋ ਅਜਿਹਾ ਕੋਈ ਵਹਿਮ ਨਹੀਂ ਕਰਨਾ ਚਾਹੀਦਾ।

ਸ਼ੰਕਾ : ਕੁੱਝ ਜਾਦੂਗਰ ਕੱਚ ਖਾ ਜਾਂਦੇ ਹਨ, ਕੀ ਇਸ ਨਾਲ ਸਰੀਰ ਦਾ ਨੁਕਸਾਨ ਨਹੀਂ ਹੁੰਦਾ ?

ਸਤਨਾਮ ਸਿੰਘ ਦਾਊਂ ।

ਨਵਿਰਤੀ : ਦੰਦਾਂ ਨਾਲ ਚਿੱਥ ਕੇ ਬਰੀਕ ਕੀਤਾ ਕੱਚ ਕਈ ਜਾਦੂਗਰ ਖਾ ਜਾਂਦੇ ਹਨ। ਕੱਚ ਉਪਰ ਪਾਚਣ ਰਸ ਅਸਰ ਨਹੀਂ ਕਰਦੇ ਅਤੇ ਇਹ ਕੱਚ ਦੀ ਗੋਲੀ ਜਾਂ ਪਲਾਸਟਿਕ ਦੀ ਸੀਟੀ ਵਾਂਗ ਅਣਪਚਿਆ ਹੀ ਮਲ ਦੁਆਰਾ ਬਾਹਰ ਆ ਜਾਂਦਾ ਹੈ। ਪਰ ਤਿੱਖੇ ਸਿਰੇ ਮੂੰਹ, ਮਿਹਦੇ ਜਾਂ ਅੰਤੜੀਆਂ ਵਿੱਚ ਜਖਮ ਵੀ ਕਰ ਸਕਦੇ ਹਨ। ਅਜਿਹੇ ਸਰੀਰ ਦੀ ਹਾਨੀ ਦਾ ਨੁਕਸਾਨ ਲੈ ਕੇ ਹੀ ਕੀਤੇ ਜਾਂਦੇ ਹਨ। ਚਾਹੇ ਅਜਿਹੀ ਹਾਨੀ ਆਮ ਨਹੀਂ ਹੈ।

ਵਿਆਹ ਸੰਬੰਧੀ ਇਸ਼ਤਿਹਾਰ

ਉਮਰ : 22 ਸਾਲ, ਕੱਦ :5 ' 3 "
ਯੋਗਤਾ : ਜੇ.ਬੀ.ਟੀ., ਬੇ.ਏ. ਮੁੰਡਾ ਸਰਕਾਰੀ ਨੌਕਰੀ ਕਰਦਾ ਹੈ।

ਬਿਨਾਂ ਦਾਜ ਅਤੇ ਬਿਨਾਂ ਧਾਰਮਿਕ ਅਡੰਬਰ ਤੇ ਪੜੀ ਲਿਖੀ ਯੋਗ ਲੜਕੀ ਦੀ ਜਰੂਰਤ ਹੈ। ਘਰੇਲੂ ਕੰਮ ਵਿੱਚ ਨਿਪੁੰਨ, ਸੁੰਦਰ ਤੇ ਸੁਸ਼ੀਲ ਹੋਵੇ। ਜਾਤ ਪਾਤ ਦਾ ਕੋਈ ਬੰਧਨ ਨਹੀਂ।

ਸੰਪਰਕ ਲਈ ਪਤਾ : ਜਗਦੀਸ਼ ਕੁਮਾਰ, ਮਾਰਫਤ
ਐਸ. ਜੀ. ਕੇ. ਪੈਸਟੀਸਾਈਡਜ,
ਮੰਡੀ ਨੰ: 1, ਅਬੋਹਰ - 152116
ਫੋਨ ਨੰ: 01634 - 20018

ਹੱਡ-ਬੀਤੀਆਂ ਜੱਗ-ਬੀਤੀਆਂ

ਮੱਝ ਨੇ ਦੁੱਧ ਦੇ ਦਿੱਤਾ

ਇੱਕ ਦਿਨ ਸਵੇਰੇ-ਸਵੇਰੇ ਅਸੀਂ ਗੁਆਂਢੀਆਂ ਦੇ ਘਰੋਂ ਦੁੱਧ ਨਾ ਮਿਲਣ ਤੇ ਬਿਨਾ ਚਾਹ ਪੀਤੇ ਬੈਠੇ ਸੀ। ਗੁਆਂਢੀਆਂ ਦੇ ਲੜਕੇ ਦੀ ਜੋ ਕਿ ਰੋਜ ਦੁੱਧ ਦੇ ਕੇ ਜਾਂਦਾ ਸੀ, ਦੁੱਧ ਲੈ ਕੇ ਆਉਣ ਦੀ ਇੰਤਜਾਰ ਵਿੱਚ ਸੀ। ਲੜਕੇ ਤੋਂ ਅਸੀਂ ਦੁੱਧ ਨਾ ਲਿਆਉਣ ਬਾਰੇ ਪੁਛਿਆਂ ਤਾਂ ਉਸਨੇ ਕਿਹਾ ਕਿ ਅੱਜ ਮੱਝ ਨਹੀ ਮਿਲੀ। ਮੇਰੇ ਦੋਸਤ ਨੇ ਮੈਨੂੰ ਮਜਾਕ ਕਰਦਿਆਂ ਕਿਹਾ ਕਿ, ਤੂੰ ਪਾਣੀ ਮੰਤਰ ਦੇ ਦਿੰਦਾਂ ਏਂ,ਦੇ-ਦੇ ਤਾਂ ਜੋ ਮੱਝ ਮਿਲ ਜਾਵੇ, ਆਪਾਂ ਵੀ ਤਾਂ ਚਾਹ ਬਿਨਾਂ ਬੈਠੇ ਹਾਂ। ਲੜਕੇ ਨੇ ਇਹ ਘਰ ਜਾ ਕੇ ਦੱਸਿਆ ਤਾਂ ਉਹਨਾਂ ਦੇ ਘਰਦਿਆਂ ਨੇ ਲੜਕੇ ਨੂੰ ਪਾਣੀ ਮੰਤਰ ਦੇ ਦੇਣ ਲਈ ਘੱਲ ਦਿੱਤਾ। ਮੱਝ ਥੋੜੇ ਦਿਨਾਂ ਦੀ ਹੀ ਸੂਈ ਹੋਈ ਸੀ ਇਸ ਕਰਕੇ ਮੈਂ ਪਾਣੀ ਦੀ ਗੜਵੀ ਵਿੱਚ ਪੰਜ ਸੱਤ ਫੂਕਾਂ ਮਾਰ ਕੇ ਗੜਵੀ ਤੇ ਧਾਗਾ ਬੰਨ ਕੇ ਦੇ ਦਿੱਤੀ ਅਤੇ ਕਿਹਾ ਕਿ ਇੱਕ ਬਾਲਟੀ ਪਾਣੀ ਵਿੱਚ ਅੱਧਾ ਪਾਣੀ ਪਾ ਕੇ ਪਿਆ ਦੇਣਾ ਅਤੇ ਅੱਧਾ ਪਾਣੀ ਇੱਕ ਟੋਕਰਾ ਵੰਡ ਵਾਲੇ ਪੱਠੇ ਲੈ ਕੇ ਉਸ ਉਤੇ ਛਿੜਕ ਕੇ ਖੁਆ ਦੇਣਾ। ਮੱਝ ਦੁੱਧ ਦੇ ਦੇਵੇਗੀ। ਇਸ ਤਰਾਂ ਕਰਨ ਨਾਲ ਮੱਝ ਨੇ ਦੁੱਧ ਦੇ ਦਿੱਤਾ। ਇਸ ਦੀ ਚਰਚਾ ਸਾਰੀ ਗਲੀ ਵਿੱਚ ਹੋ ਗਈ। ਕਈ ਦਿਨਾਂ ਬਾਅਦ ਇੱਕ ਹੋਰ ਗੁਆਂਢੀਆਂ ਦਾ ਲੜਕਾ ਪਾਣੀ ਦੀ ਗੜਵੀ ਲੈ ਕੇ ਆ ਗਿਆ ਅਤੇ ਮੈਨੂੰ ਪਾਣੀ ਮੰਤਰ ਦੇ ਦੇਣ ਲਈ ਕਿਹਾ ਕਿ ਸਾਡੀ ਵੀ ਮੱਝ ਨੇ ਅੱਜ ਦੁੱਧ ਨਹੀਂ ਦਿੱਤਾ। ਮੈਂ ਸਮਝਾਇਆ ਕਿ ਅਸਲ ਵਿੱਚ ਮੇਰੇ ਕੋਲ ਕੋਈ ਮੰਤਰ ਨਹੀਂ ਹੈ, ਕਿਸੇ ਮੰਤਰ ਨਾਲ ਕੋਈ ਮੱਝ ਦੁੱਧ ਨਹੀਂ ਦਿੰਦੀ। ਇਹ ਤਾਂ ਵਹਿਮ ਹੈ। ਦੁੱਧ ਨਾ ਦੇਣ ਦਾ ਕਾਰਨ ਮੱਝ ਦਾ ਭੁੱਖੇ ਰਹਿਣਾ,ਪਿਆਸੀ ਰਹਿਣਾ ਜਾਂ ਕੋਈ ਹੋਰ ਕਾਰਨ ਹੋ ਸਕਦਾ ਹੈ। ਪਾਣੀ ਮੰਤਰ ਦੇ ਦੇਣ ਦੇ ਬਹਾਨੇ ਮੱਝ ਨੂੰ ਜਦੋਂ ਪਾਣੀ ਪਿਆਇਆ ਗਿਆ ਤਾਂ ਅਤੇ ਪੱਠੇ ਹੋਰ ਪਾਏ ਗਏ ਤਾਂ ਮੱਝ ਨੇ ਦੁੱਧ ਤਾਂ ਦੇਣਾ ਹੀ ਸੀ ।

ਘੰਟੀ ਵਜਾਉਣ ਵਾਲੀ ਓਪਰੀ ਭੱਜ ਗਈ

ਇੱਕ ਵਾਰੀ ਰਾਤ ਨੂੰ ਜਦੋਂ ਥੋੜੀਆਂ ਜਿਹੀਆਂ ਕਣੀਆਂ ਪੈ ਗਈਆਂ ਤਾਂ ਕੁੱਝ ਦੇਰ ਬਾਅਦ ਸਾਡੇ ਘਰ ਦੀ ਘੰਟੀ ਲਗਾਤਾਰ ਵੱਜਣ ਲੱਗ ਪਈ। ਜਦੋਂ ਘਰਦਿਆਂ ਨੇ ਬਾਹਰ ਜਾ ਕੇ ਦੇਖਿਆ ਤਾਂ ਬਾਹਰ ਕੋਈ ਵੀ ਨਹੀਂ ਸੀ ਅਤੇ ਘੰਟੀ ਲਗਾਤਾਰ ਵੱਜ ਰਹੀ ਸੀ। ਇਹ ਦੇਖ ਕੇ ਉਹ ਹੈਰਾਨ ਹੋ ਗਏ ਅਤੇ ਮੈਨੂੰ ਸਹਿਮ ਨਾਲ ਦੱਸਿਆ ਕਿ ਬਾਹਰ ਕੋਈ ਵੀ ਨਹੀਂ ਹੈ ਅਤੇ ਘੰਟੀ ਆਪਣੇ ਆਪ ਵੱਜ ਰਹੀ ਹੈ, ਕੋਈ ਓਪਰੀ ਚੀਜ ਤਾਂ ਨਹੀਂ ਆ ਗਈ ? ਕਿਉਂਕਿ ਮੈਂ ਇਹਨਾਂ ਵਿੱਚ ਵਿਸ਼ਵਾਸ਼ ਨਹੀਂ ਰੱਖਦਾ, ਸੋ ਮੈਂ ਹੱਸ ਕੇ ਕਿਹਾ ਕਿ ਓਪਰੀ ਤਾਂ ਮੈਂ ਹੁਣੇ ਹੀ ਭਜਾ ਦਿੰਦਾ ਹਾਂ। ਕਿਸੇ ਘਟਨਾ ਵਿੱਚ ਕੋਈ ਕਾਰਨ ਹੀ ਹੁੰਦਾ ਹੈ ,ਸੋ ਇੱਕ ਦਮ ਮੇਰੇ ਧਿਆਨ ਵਿੱਚ ਆਇਆ ਕਿ ਪਾਣੀ ਦੀਆਂ ਬੂੰਦਾਂ ਬਾਹਰ ਸਵਿਚ ਤੇ ਪੈ ਜਾਣ ਕਾਰਨ,ਸਰਕਟ ਚਾਲੂ ਹੋਣ ਤੇ ਵਾਰਵਾਰ ਘੰਟੀ ਵੱਜ ਰਹੀ ਹੈ। ਮੈਂ ਅੰਦਰੋਂ ਘੰਟੀ ਵਾਲਾ ਸਵਿਚ ਬੰਦ ਕਰ ਦਿੱਤਾ ਤਾਂ ਘੰਟੀ ਵਜਣੀ ਬੰਦ ਹੋ ਗਈ ਅਤੇ ਘੰਟੀ ਵਜਾਉਣ ਵਾਲੀ ਓਪਰੀ ਭੱਜ ਗਈ।

– ਭਗਵਾਨ ਸਿੰਘ ਜੇ.ਈ.

ਰਸੌਲੀਆਂ ਵਾਲੀ ਬੀਬੀ

ਮਨਜਿੰਦਰ ਕੌਰ ਰਸੌਲੀਆ ਦੀ ਮਰੀਜ ਸੀ। ਡਾਕਟਰਾਂ ਨੇ ਚੈਕ ਕਰਕੇ ਦੱਸਿਆ ਕਿ ਉਸਦੇ ਪੇਟ ਵਿੱਚ ਦੋ ਰਸੋਲੀਆਂ ਹਨ। ਆਲੇ ਦੁਆਲੇ ਦੇ ਲੋਕਾਂ ਅਤੇ ਖੁਦ ਮਨਜਿੰਦਰ ਕੌਰ ਨੇ ਦਬਾਅ ਪਾਇਆ ਕਿ ਮੈਂ ਉਸ ਨੂੰ ਗੰਗਾ ਨਗਰ ਵਾਲੀ ਹਰੇ ਝੰਡੇ ਵਾਲੀ ਮਾਈ ਪ੍ਰਮੇਸ਼ਰੀ ਦੇਵੀ ਕੋਲ ਲੈ ਕੇ ਜਾਂਵਾ ਜਿਹੜੀ ਕਿ ਮੰਤਰ ਨਾਲ ਰਸੌਲੀਆਂ ਕੱਢਦੀ ਹੈ। ਤਰਕਸ਼ੀਲ ਵਿਚਾਰਾਂ ਦਾ ਧਾਰਨੀ ਹਾਂ ਇਸ ਕਰਕੇ ਅਜਿਹੀਆਂ ਗੈਬੀ ਸ਼ਕਤੀਆਂ ਵਿੱਚ ਵਿਸ਼ਵਾਸ਼ ਨਹੀਂ ਰਖਦਾ। ਪਰ ਪਤਨੀ ਅਤੇ ਲੋਕਾਂ ਦੇ ਜੋਰ ਦੇਣ ਤੇ ਮੈਨੂੰ ਮਰੀਜ ਨੂੰ ਹਰੇ ਝੰਡੇ ਵਾਲੀ ਮਾਈ ਕੋਲ ਲੈ ਕੇ ਜਾਣਾ ਪਿਆ। ਉਸ ਨੇ ਸਾਨੂੰ ਘਰੋਂ ਦੁੱਧ ਲਿਆਉਣ ਲਈ ਕਿਹਾ। ਅਸੀਂ 14-5-97 ਨੂੰ ਘਰੋਂ ਦੁੱਧ ਲੈ ਕੇ ਚਲੇ ਗਏ। ਉਸ ਨੇ ਦੁੱਧ ਦੋ ਗਲਾਸਾਂ ਵਿੱਚ ਪਾਇਆ ਅਤੇ ਕੱਪੜੇ ਨਾਲ ਢੱਕ ਦਿੱਤਾ (ਜਿੰਨੀਆਂ ਪੱਥਰੀਆਂ ਕੱਢਣੀਆਂ ਓਨੇ ਗਲਾਸਾਂ ਵਿੱਚ ਦੁੱਧ ਪਾ ਲਿਆ ਜਾਂਦਾ ਹੈ। ਗਲਾਸ ਢੱਕਣ ਲਈ ਕੱਪੜੇ ਰੁਮਾਲ ਵਗੈਰਾ ਮਰੀਜ ਆਪਣੇ ਨਾਲ ਵੀ ਲਿਜਾ ਸਕਦਾ ਹੈ ਅਤੇ ਉਹ ਆਪਣੇ ਕੋਲੋਂ ਵੀ ਲੈ ਢੱਕ ਸਕਦੇ ਹਨ) ਜਿਸ ਜਗਾ ਤੇ ਰਸੌਲੀਆਂ ਹੋਣ ਉਸ ਉਪਰ ਦੀ ਹੱਥ ਘੁਮਾ ਕੇ ਮੰਤਰ ਪੜ ਕੇ ਹੱਥ ਗਿਲਾਸਾਂ ਵਿੱਚ ਝਾੜਦੀ ਰਹੀ। ਜਦੋਂ ਉਸਨੇ ਆਪਣਾ ਕੰਮ ਪੂਰਾ ਕਰਕੇ ਗਿਲਾਸਾਂ ਉਪਰੋ ਹੱਥ ਹਟਾਇਆ ਤਾਂ ਦੁੱਧ ਦਾ ਰੰਗ ਖੂਨ ਵਰਗਾ ਲਾਲ ਸੀ ਅਤੇ ਗਿਲਾਸਾਂ ਵਿੱਚ ਇੱਕ-ਇੱਕ ਢੇਲਾ ਜਿਹਾ ਬਣਿਆ ਹੋਇਆ ਸੀ। ਮਾਈ ਨੇ ਸਾਨੂੰ ਕਿਹਾ ਕਿ ਰਸੌਲੀਆਂ ਕੱਢ ਦਿੱਤੀਆਂ ਗਈਆਂ ਹਨ। ਹੁਣ ਮਰੀਜ ਨੇ 40 ਦਿਨ ਕੋਈ ਲਾਲ ਰੰਗ ਦੀ ਚੀਜ,ਲਾਲ ਮਿਰਚ, ਲਾਲ ਟਮਾਟਰ ਆਦਿ ਨਹੀਂ ਖਾਣਾ। ਅਸੀਂ ਚਾਲੀਦਿਨ ਪੂਰਾ ਪ੍ਰਹੇਜ ਰੱਖਿਆ ਅਤੇ ਕੋਈ ਵੀ ਵਰਜਤ ਚੀਜ ਨਹੀਂ ਖਾਧੀ। ਪਰ ਮਰੀਜ ਦੀ ਹਾਲਤ ਵਿਗੜਦੀ ਗਈ। ਜਦ ਅਸੀਂ ਡਾਕਟਰ ਜਸਕਰਨ ਕੌਰ ਪਾਹਵਾ ਹਸਪਤਾਲ ਤੋਂ ਇਹ ਚੈਕ ਅਪ ਕਰਵਾਇਆ ਤਾਂ ਰਸੌਲੀਆਂ ਉਸ ਤੋਂ ਵੀ ਬੁਰੀ ਹਾਲਤ ਵਿੱਚ ਮੌਜੂਦ ਸਨ। ਮੈਂ 5-7-97 ਨੂੰ ਫਿਰ ਡਾਕਟਰ ਦੀ ਰਿਪੋਰਟ ਲੈ ਕੇ ਮਾਈ ਕੋਲ ਜਾ ਕੇ ਉਸਨੂੰ ਉਸ ਦੁਆਰਾ ਰਚੇ ਪਖੰਡ ਬਾਰੇ ਚੈਲਿੰਜ ਕੀਤਾ ਤਾਂ ਉਸਨੇ ਮੌਜੂਦ ਲੋਕ ਦੇ ਸਾਹਮਣੇ ਮਾਫੀ ਮੰਗੀ ਅਤੇ ਫੀਸ ਵਜੋਂ ਲਏ 1250 ਰੁਪਏ ਵਾਪਸ ਕੀਤੇ। ਮੈਂ ਕਿਹਾ ਕਿ ਮੇਰੇ 50 ਰੁਪਏ ਜੋ ਕੜਾਹੀ ਲਈ ਅਲੱਗ ਲਏ ਸਨ ਉਹ ਵੀ ਵਾਪਸ ਕਰੋ ਤਾਂ ਉਸਨੇ ਉਹ 50 ਰੁਪਏ ਵੀ ਵਾਪਸ ਕਰ ਦਿੱਤੇ । ਅਤੇ ਅੱਗੇ ਤੋਂ ਲੋਕਾਂ ਨੂੰ ਲੁੱਟਣ ਤੋਂ ਤੋਬਾ ਕੀਤੀ।

– ਮੋਹਨ ਸਿੰਘ , ਡੇਅਰੀ ਵਾਲਾ

ਕਾਵਿ-ਵਿਅੰਗ

ਸਬਕ ਤੇ ਸੰਤ

ਕੰਨੀ ਭਗਤਾਂ ਦੇ ਪਏ ਬੱਸ ਸਬਕ ਦਿੰਦੇ,
ਦੱਸਣ ਦਿੰਦੇ ਨਾ ਫਿਰ ਜਾ ਕੇ ਬਾਹਰ ਸੰਤ।
ਹਫਤੇ ਪਿਛੋਂ ਜਾ ਮੀਨ੍ਹੇ ਤੋਂ ਆਵੀਂ,
ਕਰਾਣ ਸੰਗਤ ਬਹਾਨੇ ਕੰਮ ਕਾਰ ਸੰਤ।
ਪੰਜ ਸ਼ਬਦ ਪੜ੍ਹੇ ਤੋਂ ਜੇ ਹੋਏ ਮੁਕਤੀ,
ਕਿਉਂ ਨੀ ਜੱਗ ਨੂੰ ਦਿੰਦੇ ਤਾਰ ਸੰਤ।
ਐਨੀ ਮੁਕਤੀ ਦੀ ਚੀਜ ਕਿਉਂ ਗੁਪਤ ਰੱਖਣ,
ਕਿਉਂ ਨੀ ਦੱਸਦੇ ਭਰੇ ਬਜਾਰ ਸੰਤ।

-ਸੇਵਕ ਸਿੰਘ ਸਮੀਰੀਆ

ਪੁਸਤਕ ਰੀਵਿਊ

RATIONALISM IN PUNJAB

ਲੇਖਕ : ਰਾਜਪਾਲ ਸਿੰਘ
ਪਬਲਿਸ਼ਰ : ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਮੁੱਖ ਦਫਤਰ : ਨੇੜੇ ਬੱਸ ਸਟੈਂਡ, ਲੁਧਿਆਣਾ (ਪੰਜਾਬ)

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਅਗਵਾਈ ਹੇਠ ਪੰਜਾਬ ਵਿੱਚ ਤਰਕਸ਼ੀਲ ਲਹਿਰ ਬੜੀ ਤੇਜੀ ਨਾਲ ਵਧੀ ਫੁੱਲੀ ਅਤੇ ਆਮ ਲੋਕਾਂ ਵਿੱਚ ਇਸ ਨੇ ਆਪਣਾ ਅਧਾਰ ਕਾਇਮ ਕੀਤਾ ਹੈ। ਤਰਕਸ਼ੀਲ ਸੁਸਾਇਟੀ ਨੇ ਬਹੁਤ ਸਾਰਾ ਤਰਕਸ਼ੀਲ ਸਾਹਿਤ ਪੰਜਾਬੀ ਵਿੱਚ ਲਿਖਿਆ ਅਨੁਵਾਦਿਆ, ਛਾਪਿਆ ਅਤੇ ਵੰਡਿਆ ਵੇਚਿਆ ਹੈ, ਪ੍ਰੰਤੂ ਅੰਗਰੇਜੀ ਵਿੱਚ ਪੰਜਾਬ ਦੀ ਤਰਕਸ਼ੀਲ ਲਹਿਰ ਅਤੇ ਅਤੇ ਤਰਕਸ਼ੀਲ ਸੁਸਾਇਟੀ ਬਾਰੇ ਪੁਸਤਕ ਦੀ ਅਣਹੋਂਦ ਸੀ ਜਦੋਂ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਕੰਮ ਕਰਦੀਆਂ ਹੋਰ ਤਰਕਸ਼ੀਲ, ਵਿਗਿਆਨਕ, ਮਾਨਵਵਾਦੀ ਜੱਥੇਬੰਦੀਆਂ ਨਾਲ ਵਾਹ ਪੈਂਦਾ ਸੀ। ਉਹਨਾਂ ਨੂੰ ਪੰਜਾਬ ਦੀ ਲਹਿਰ ਅਤੇ ਤਰਕਸ਼ੀਲ ਸੁਸਾਇਟੀ ਬਾਰੇ ਅੰਗਰੇਜੀ ਵਿੱਚ ਜਾਣਕਾਰੀ ਦੀ ਲੋੜ ਹੁੰਦੀ ਸੀ। ਪੰਜਾਬੀਆਂ ਦੀ ਗਿਣਨਯੋਗ ਗਿਣਤੀ ਵਿਦੇਸ਼ਾਂ ਵਿੱਚ ਗਈ ਹੋਈ ਹੈ, ਇਹਨਾਂ ਵਿੱਚ ਭਾਵੇਂ ਪਰਵਾਸੀਆਂ ਦੇ ਬੱਚੇ ਪੰਜਾਬ ਬਾਰੇ ਜਾਨਣਾ ਚਾਹੁੰਦੇ ਹੋਣ ਪਰ ਪੰਜਾਬੀ ਭਾਸ਼ਾ ਤੋਂ ਪੜਨ ਤੋਂ ਅਸਮਰੱਥ ਹੁੰਦੇ ਹਨ। ਇਸ ਤੋਂ ਇਲਾਵਾ ਪੰਜਾਬ ਦੀ ਉਚ ਪੱਧਰੀ ਅਫਸ਼ਰ ਸ਼ਾਹੀ ਵੀ ਪੰਜਾਬੀ ਦੀ ਥਾਂ ਅੰਗਰੇਜੀ ਵਿੱਚ ਪੜਨਾ ਸੌਖਾ ਸਮਝਦੀ ਹੈ। ਉਹਨਾਂ ਨੂੰ ਤਰਕਸ਼ੀਲ ਲਹਿਰ ਬਾਰੇ ਜਾਣਕਾਰੀ ਦੇਣ ਲਈ ਹੀ ਅਜਿਹੀ ਪੁਸਤਕ ਦੀ ਜਰੂਰਤ ਸੀ ਜੋ ਅੰਗਰੇਜੀ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਅਤੇ ਇਸਦੀ ਉਤਪੰਨ ਕੀਤੀ ਤਰਕਸ਼ੀਲ ਲਹਿਰ ਬਾਰੇ ਦੱਸ ਸਕੇ। ਸੋ ਹਥਲੀ ਪੁਸਤਕ Rationalism in Punjab " ਯਾਨਿ ਕਿ ਪੰਜਾਬ ਵਿੱਚ ਤਰਕਸ਼ੀਲਤਾ "ਅੰਗਰੇਜੀ ਭਾਸ਼ਾ ਵਿੱਚ ਪੰਜਾਬ ਦੀ ਤਰਕਸ਼ੀਲ ਲਹਿਰ ਅਤੇ ਤਰਕਸ਼ੀਲ ਸੁਸਾਇਟੀ ਬਾਰੇ 60 ਪੰਨਿਆਂ ਵਿੱਚ ਸੰਖੇਪ ਪਰ ਠੋਸ ਅਤੇ ਬੁਨਿਆਦੀ ਜਾਣਕਾਰੀ ਦਿੰਦੀ ਪੁਸਤਕ ਹੈ। ਇਸ ਪੁਸਤਕ ਦੇ ਲੇਖਕ ਸ੍ਰੀ ਰਾਜਪਾਲ ਸਿੰਘ ਜੀ ਤਰਕਸ਼ੀਲ ਸੁਸਾਇਟੀ ਦੇ ਆਰੰਭ ਤੋਂ ਹੀ ਇਸ ਨਾਲ ਜੁੜੇ ਹੋਏ ਹਨ ਅਤੇ ਤਰਕਸ਼ੀਲ ਰਿਸਾਲੇ ਦੇ ਮੋਢੀ ਮੁੱਖ ਸੰਪਾਦਕ ਵਜੋਂ ਲੰਮਾ ਸਮਾਂ ਜਿਮੇਵਾਰੀ ਨਿਭਾਉਦੇ ਰਹੇ ਹਨ।

ਪੁਸਤਕ ਦੀ Introduction ਵਿੱਚ ਤਰਕਸ਼ੀਲ ਲਹਿਰ ਦੀ ਜਨਮਦਾਤੀ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੇ ਇਤਿਹਾਸ ਨੂੰ ਉਲੀਕਦਿਆਂ ਇਸਦੇ ਕੰਮਾਂ ਕਾਰਾਂ ਬਾਰੇ ਜਾਣਕਾਰੀ ਦਿੱਤੀ ਹੈ। ਲੇਖਕ ਨੇ ਦੱਸਿਆ ਹੈ ਕਿ ਕਿਵੇਂ ਇਬਰਾਹੀਮ ਟੀ. ਕਾਵੂਰ ਦੀ ਪੁਸਤਕ ' Begone Godmen' ਦਾ ਪੰਜਾਬੀ ਅਨੁਵਾਦ 'ਦੇਵ ਪੁਰਸ਼ ਹਾਰ ਗਏ ' ਉਹ ਚਿੰਗਾੜੀ ਬਣਿਆ ਜਿਸਨੇ ਪੰਜਾਬ ਵਿੱਚ ਗੈਰ ਤਰਕਸ਼ੀਲ ਵਿਚਾਰਾਂ ਨੂੰ ਭਸਮ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਸੁਸਾਇਟੀ ਦੀ ਵਿਚਾਰਧਾਰਾ ਅਤੇ ਕਾਰਜ ਖੇਤਰ ਬਾਰੇ ਇਸ ਢੰਗ ਨਾਲ ਦੱਸਿਆ ਹੈ ਕਿ ਜਿਸਨੂੰ ਪੜ ਕੇ ਅਣਜਾਣ ਵਿਅਕਤੀ ਵੀ ਸੁਸਾਇਟੀ ਅਤੇ ਤਰਕਸ਼ੀਲ ਲਹਿਰ ਬਾਰੇ ਜਾਣ ਸਕਦਾ ਹੈ।

Tradition and History of punjab ਦੇ ਅਧਿਆਇ ਵਿੱਚ ਪੰਜਾਬ ਦੇ ਇਤਿਹਾਸ ਅਤੇ ਪਰੰਪਰਾਂ ਨੂੰ ਇਸ ਢੰਗ ਨਾਲ ਬਿਆਨ ਕੀਤਾ ਗਿਆ ਹੈ ਕਿ ਜਿਸ ਨਾਲ ਸਮਕਾਲੀ ਤਰਕਸ਼ੀਲ ਲਹਿਰ ਦੀ ਇਤਿਹਾਸਕ ਪਿੱਠ ਭੂਮੀ ਸਪੱਸ਼ਟ ਹੋ ਜਾਂਦੀ ਹੈ। ਇਸ ਅਧਿਆਇ ਵਿੱਚ ਦੱਸਿਆ ਗਿਆ ਹੈ ਕਿ ਪੰਜਾਬ ਸਰਹੱਦੀ ਰਾਜ ਹੋਣ ਕਰਕੇ ਇੱਥੋਂ ਵੱਖ ਵੱਖ ਸਮੇਂ ਵੱਖ ਵੱਖ ਨਸਲਾਂ ਧਰਮਾਂ ਦੇ ਹਮਲਾਵਰ ਆਉਂਦੇ ਰਹੇ ਜਿਸ ਕਰਨ ਪੰਜਾਬ ਵੱਖ ਵੱਖ ਵਿਚਾਰਧਾਰਾਵਾਂ ਸੱਭਿਆਚਾਰਾਂ ਦਾ ਮਿਲਣ ਬਿੰਦੂ ਬਣਿਆ ਰਿਹਾ ਹੈ। ਸਿੱਟੇ ਵਜੋਂ ਇੱਥੇ ਸੰਸਕਾਰ ਪੱਧਰ ਦੀ ਧਾਰਮਿਕ ਕੱਟੜਤਾ ਬਾਕੀ ਭਾਰਤ ਨਾਲੋਂ ਘੱਟ ਰਹੀ ਹੈ ਸਿੱਖ ਧਰਮ ਨੇ ਵੀ ਆਰੰਭਿਕ ਸਮੇਂ ਜਾਤਪਾਤ, ਧਾਰਮਿਕ ਪਖੰਡ ਅਤੇ ਅੰਧਵਿਸ਼ਵਾਸ਼ਾਂ ਖਿਲਾਫ ਰਾਇ ਬਣਾਈ ਸੀ ਅੰਗਰੇਜਾਂ ਤੋਂ ਅਜਾਦੀ ਲਈ ਚੱਲੀ ਲਹਿਰ ਦੇ ਸਿਰਤਾਜ Why am I am Atheist ' ਲਿਖਕੇ ਤਾਂ ਪੰਜਾਬੀਆਂ ਦੀ ਤਰਕਸ਼ੀਲ ਵਿਚਾਰਧਾਰਾ ਨੂੰ ਗੌਰਵ ਪ੍ਰਦਾਨ ਕੀਤਾ ਹੈ। ਇਸ ਪ੍ਰਕਾਰ ਲੇਖਕ ਨੇ ਪੰਜਾਬ ਦੇ ਇਤਿਹਾਸ ਵਿੱਚ ਪਏ ਤਰਕਸ਼ੀਲ ਵਿਚਾਰਾਂ ਨੂੰ ਫਰੋਲਦਿਆਂ ਦਰਸਾਇਆ ਹੈ ਕਿ ਪੰਜਾਬ ਦੀ ਪ੍ਰੰਪਰਾ 'ਨਵੇਂ ਵਿਚਾਰਾਂ ' ਨੂੰ ' ਜੀ ਆਇਆਂ ਨੂੰ ' ਕਹਿਣ ਦੀ ਹੈ ।

ਅਗਲੇ ਅਧਿਆਇ ' Present Day Punjab ' ਵਿੱਚ ਲੇਖਕ ਨੇ ਮੌਜੂਦਾ ਪੰਜਾਬ ਦੇ 1947 ਤੋਂ ਬਾਅਦ ਦੀ ਇਤਿਹਾਸਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਦਰਜਾਬੰਦੀ ਨੂੰ ਸਰਲ ਕਰਕੇ ਸਮਝਾਇਆ ਹੈ। ਲੇਖਕ ਨੇ ਵਿਦਵਤਾ ਪੂਰਵਕ ਢੰਗ ਨਾਲ ਦਰਸਾਇਆ ਹੈ ਕਿ ਕੋਈ ਲਹਿਰ ਖਿਲਾਅ ਵਿੱਚੋਂ ਪੈਦਾ ਨਹੀਂ ਹੁੰਦੀ ਸਗੋਂ ਉਸ ਲਈ ਠੋਸ ਪਦਾਰਥਕ ਹਾਲਤਾਂ ਦਾ ਹੋਣਾ ਬਹੁਤ ਜਰੂਰੀ ਹੁੰਦਾ ਹੈ। ਪੰਜਾਬ ਵਿੱਚ ਤਰਕਸ਼ੀਲ ਲਹਿਰ ਦੇ ਲਈ ਪੰਜਾਬ ਦਾ ਆਧੁਨਿਕ ਵਿਗਿਆਨਕ-ਤਕਨੀਕੀ ਅਧਾਰਾਂ ਤੇ ਮਸ਼ੀਨੀਕਰਨ ਦੇ ਰਾਹ ਪੈਣਾ ਹੀ ਠੋਸ ਬਾਹਰਮੁੱਖੀ ਪਦਾਰਥਕ ਅਧਾਰ ਹੈ । ਇਸੇ ਪ੍ਰਕਾਰ ਉਹਨਾਂ ਨੇ ਸੁਚੱਜੇ ਢੰਗ ਨਾਲ ਦਰਸਾਇਆ ਹੈ ਕਿ ਕਿਸੇ ਖਿੱਤੇ ਦੀਆਂ ਸੱਭਿਅਚਾਰਕ ਰਵਾਇਤਾਂ ਅਤੇ ਚਿੰਨ੍ਹਾਂ ਨੂੰ ਧਰਮ ਨਾਲ ਨਹੀਂ ਜੋੜਨਾ ਚਾਹੀਦਾ। ਉਹਨਾਂ ਨੇ ਪੰਜਾਬੀਆਂ ਦੀ ਪੱਗ ਦੀ ਉਦਾਹਰਨ ਦੇ ਕੇ ਸਪੱਸਟ ਕੀਤਾ ਹੈ ਕਿ ਭਾਵੇਂ ਕੇਸ ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚ ਸਾਮਲ ਹੋਣ ਕਰਕੇ ਪੱਗ ਬੰਨਣ ਨੂੰ ਸਿੱਖ ਧਰਮ ਨਾਲ ਜੋੜਿਆਂ ਜਾਂਦਾ ਹੈ। ਪ੍ਰੰਤੂ ਅੱਜ ਬਹੁਤ ਸਾਰੇ ਨਾਸਤਿਕ ਜਾਂ ਤਰਕਸ਼ੀਲ ਪੰਜਾਬੀ ਪੱਗ ਨੂੰ ਕਿਸੇ ਧਾਰਮਿਕ ਕਾਰਨ ਕਰਕੇ ਨਹੀਂ ਸਗੋਂ ਸੱਭਿਆਚਾਰਕ ਤੌਰ ਤੇ ਪ੍ਰਵਾਨਤ ਪਹਿਰਾਵੇ ਵਜੋਂ ਬੰਨਦੇ ਹਨ। ਉਨ੍ਹਾਂ ਨੇ ਦਲੀਲਾਂ ਨਾਲ ਦਰਸਾਇਆ ਹੈ ਕਿ ਭਾਵੇਂ ਦੇਸ਼ ਵੰਡ ਸਮੇਂ ਇੱਥੇ ਖੂਨ ਖਰਾਬਾ ਹੋਇਆ ਅਤੇ ਪਿਛਲੇ ਦਹਾਕੇ ਵਿੱਚ ਵੀ ਸਿੱਖ ਮੂਲਵਾਦੀ ਲਹਿਰ ਅਧੀਨ ਕਤਲੋਗਾਰਦ ਮੱਚੀ ਪਰ ਇਨ੍ਹਾਂ ਸਾਰੇ ਨਾਂਹ ਪੱਖੀ ਤੱਥਾ ਦੇ ਬਾਵਜੂਦ ਇਹ

ਵੀ ਇੱਕ ਤੱਥ ਹੈ ਕਿ ਪੰਜਾਬ ਬੁਨਿਆਦੀ ਤੌਰ ਤੇ ਨਵੀਂ ਤਕਨੀਕ ਨੂੰ ਵਰਤਣ ਵਾਲਾ, ਨਵੇਂ ਵਿਚਾਰਾਂ ਨੂੰ ਅਪਨਾਉਣ ਵਾਲਾ ਖਿੱਤਾ ਹੈ, ਇਸੇ ਕਰਕੇ ਇੱਥੇ ਤਰਕਸ਼ੀਲ ਵਿਗਿਆਨਕ ਵਿਚਾਰਾਂ ਵਾਲੀ ਤਰਕਸ਼ੀਲ ਲਹਿਰ ਵਧੀ ਫੁੱਲੀ ਹੈ ਅਤੇ ਵਧ ਫੁੱਲ ਰਹੀ ਹੈ।

The Dark Patches ਦੇ ਨਾਂ ਥੱਲੇ ਪੰਜਾਬ ਦੇ ਬਾਬਿਆਂ, ਚੇਲਿਆਂ, ਰਸਮਾਂ-ਰਿਵਾਜਾਂ, ਵਹਿਮਾਂ-ਭਰਮਾਂ, ਜਾਤ-ਪਾਤ ਅਤੇ ਧਰਮਾਂ ਬਾਰੇ ਦਸਦਿਆਂ ਇਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਨ੍ਹਾਂ ਦੇ ਖਾਤਮੇ ਲਈ ਤਰਕਸ਼ੀਲ ਸੁਸਾਇਟੀ ਦੇ ਕੰਮ ਢੰਗ ਨੂੰ ਦਰਸਾਇਆ ਗਿਆ ਹੈ।

Amateur Psyobiatrists ਸਿਰਲੇਖ ਅਧੀਨ ਤਰਕਸ਼ੀਲ ਸੁਸਾਇਟੀ ਕੋਲ ਆਉਂਦੇ ਮਾਨਸਿਕ ਰੋਗਾਂ ਦੇ ਕੇਸਾਂ ਬਾਰੇ ਦਸਦਿਆਂ ਇਨ੍ਹਾਂ ਰੋਗਾਂ ਦੇ ਆਮ ਆਰਥਿਕ, ਸਮਾਜਿਕ, ਮਾਨਸਿਕ ਅਤੇ ਕਾਮੁਕ ਕਾਰਜ ਸਪੱਸ਼ਟ ਕੀਤੇ ਹਨ। ਲੇਖਕ ਨੇ ਦਰਸਾਇਆ ਹੈ ਕਿ ਅਜਿਹੇ ਕਾਰਨਾਂ ਕਰਕੇ ਜਦੋਂ ਵਿਅਕਤੀ ਮਨੋਰੋਗੀ ਬਣ ਜਾਂਦਾ ਹੈ ਤਾਂ ਅਗਿਆਨਤਾ ਵੱਸ ਲੋਕ ਉਸਨੂੰ 'ਭੂਤ ਪ੍ਰੇਤ ਦੀ ਕਸਰ ' ਜਾਂ 'ਓਪਰੀ ਸ਼ੈਅ ' ਸਮਝ ਲੈਂਦੇ ਹਨ ਅਤੇ ਅਜਿਹੇ ਵਿਅਕਤੀਆਂ ਦੀ ਅਖੌਤੀ ਬਾਬੇ ਛਿੱਲ ਲਾਹੁੰਦੇ ਹਨ। ਤਰਕਸ਼ੀਲ ਸੁਸਾਇਟੀ ਦੇ ਵਰਕਰ ਅਜਿਹੇ ਰੋਗੀਆਂ ਦੇ ਮੁਫਤ ਮਨੋ ਵਿਗਿਆਨਕ ਇਲਾਜ ਕਰਦੇ ਅਤੇ ਜਿਆਦਾ ਗੰਭੀਰ ਰੋਗੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਮਨੋਰੋਗ ਮਾਂਹਰ ਡਾਕਟਰਾਂ ਨੂੰ ਮਿਲਣ ਦੀ ਸਲਾਹ ਦਿੰਦੇ ਹਨ। ਅਸਲ ਵਿੱਚ ਤਰਕਸ਼ੀਲ ਸੁਸਾਇਟੀ ਦੇ ਵਰਕਰ ਲੋੜ ਦੀ ਮਜਬੂਰੀ ਕਾਰਨ ਅਣਸਿਖਿਅਤ ਪਰ ਅਨੁਭਵੀ ਮਨੋ-ਮਾਹਰਾਂ ਦਾ ਫਰਜ ਨਿਭਾ ਰਹੇ ਹਨ।

Relevance of Rationalism ਵਿੱਚ ਤਰਕਸ਼ੀਲ ਵਿਚਾਰਧਾਰਾ ਦੇ ਦਾਰਸ਼ਨਿਕ ਅਤੇ ਰੋਜਾਨਾ ਜਿੰਦਗੀ ਵਿਚਲੇ ਵਿਵਹਾਰਕ ਪੱਖ ਨੂੰ ਸਪੱਸ਼ਟ ਕੀਤਾ ਗਿਆ ਹੈ। ਲੇਖਕ ਨੇ ਦੱਸਿਆ ਹੈ ਕਿ ਦਾਰਸ਼ਨਿਕ ਪੱਖ ਤੋਂ ਤਰਕਸ਼ੀਲਤਾ ਸਿਰਫ ਤਰਕ ਨੂੰ ਪ੍ਰਮੁੱਖ ਮੰਨਦੀ ਹੈ ਪੱਛਮ ਵਿੱਚ ਇਹ ਇੰਦਰੀ ਵਾਦ ਦੇ ਉਲਟ ਲਹਿਰ ਸੀ। ਪਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦਾ ਤਰਕਸ਼ੀਲਤਾ ਤੋਂ ਭਾਵ ਗਿਆਨ ਗ੍ਰਹਿਣ ਕਰਨ ਦੀ ਵਿਗਿਆਨਕ ਵਿਧੀ ਤੋਂ ਹੈ। ਪੁਸਤਕ ਦੇ ਅੰਤ ਵਿੱਚ ਸੁਸਾਇਟੀ ਵੱਲੋਂ ਗੈਬੀ ਸ਼ਕਤੀ ਦੇ ਦਾਅਵੇਦਾਰਾਂ ਨੂੰ ਰੱਖਿਆ 22 ਸ਼ਰਤਾਂ ਵਾਲਾ ਚੈਲਿੰਜ ਦਿੱਤਾ ਹੈ ।

ਇਸ ਪ੍ਰਕਾਰ ਇਸ ਪੁਸਤਕ ਦੇ ਲੇਖਕ ਨੇ 60 ਪੰਨਿਆਂ ਦੀ ਗਾਗਰ ਵਿੱਚ ਤਰਕਸ਼ੀਲ ਲਹਿਰ ਦਾ ਵਿਸਾਲ ਸਾਗਰ ਭਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਦੀ ਤਰਕਸ਼ੀਲ ਲਹਿਰ ਬਾਰੇ ਅੰਗਰੇਜੀ ਵਿੱਚ ਜਾਣਕਾਰੀ ਦੇਣ ਵਾਲੀ ਇਹ ਪੁਸਤਕ ਤਰਕਸ਼ੀਲਤਾ ਜਾਂ ਪੰਜਾਬ ਵਿੱਚ ਦਿਲਚਸਪੀ ਰੱਖਣ ਵਾਲੇ ਅੰਗਰੇਜੀ ਪਾਠਕਾਂ ਤੱਕ ਪੁੱਜਣੀ ਚਾਹੀਦੀ ਹੈ।

ਤਰਕਸ਼ੀਲ ਪੜ੍ਹੋ ,

ਤਰਕਸ਼ੀਲ ਬਣੋ ।

ਮਿੰਨੀ ਕਹਾਣੀ :

ਤਿੜਕਦੇ ਰਿਸ਼ਤੇ

ਉਹ ਆਦਰਸ਼ਕ ਲੈਕਚਰਾਰ, ਕਾਲਜ ਦੇ ਅਨੁਸ਼ਾਸ਼ਨ ਅਤੇ ਪੜਾਈ ਪ੍ਰਤੀ ਬਹੁਤ ਸੁਚੇਤ ਸੀ ਪਰ ਆਪਣੇ ਵਿਦਿਆਰਥੀਆਂ ਨਾਲ ਉਸਦਾ ਵਤੀਰਾ ਬੜਾ ਦੋਸਤਾਨਾ ਸੀ, ਵਿਸ਼ੇਸ਼ ਕਰਕੇ ਉਦੋਂ ਤੋਂ ਜਦੋਂ ਦਾ ਘਰੇਲੂ ਝਗੜਿਆਂ ਕਾਰਨ ਉਸਦਾ ਆਪਣੇ ਪਤੀ ਨਾਲੋਂ ਤਲਾਕ ਹੋ ਚੁੱਕਿਆ ਸੀ ।

ਇੱਕ ਦੁਪਹਿਰ ਆਪਣੇ ਵਿਦਿਆਰਥੀਆਂ ਨਾਲ ਕੁੱਝ ਨੇੜਤਾ ਭਰੀਆਂ ਗੱਲਾਂ ਕਰਦਿਆਂ, ਉਹ ਹਰ ਇੱਕ ਤੋਂ , ਆਪਣੀ ਜਿੰਦਗੀ ਦੇ ਉਦੇਸ਼ ਬਾਰੇ ਪੁੱਛ ਰਹੀ ਸੀ। ਕੋਈ ਨੇਤਾ, ਕੋਈ ਡਾਕਟਰ, ਕੋਈ ਵਕੀਲ ਤੇ ਕੋਈ ਅਭਿਨੇਤਾ ਬਣਨ ਦੀ ਗੱਲ ਕਰ ਰਿਹਾ ਸੀ।

"ਕੀ ਗੱਲ ਸੁਖਲੀਨ ! ਤੂੰ ਬਿਲਕੁੱਲ ਚੁੱਪ ਬੈਠੀ ਏਂ ?" ਉਸ ਨੇ ਕਾਲਜ ਦੀ ਸਭ ਤੋਂ ਸੁੰਦਰ ਤੇ ਹਰ ਪੱਖੋਂ ਅੱਵਲ ਵਿਦਿਆਰਥਣ ਨੂੰ ਪੁੱਛਿਆ।

"ਮੈਡਮ ! ਮੈਂ ਤਾਂ ਵਿਆਹ ਕਰਵਾ ਕੇ, ਆਪਣਾ ਇੱਕ ਘਰ ਬਣਾਂਵਾਂਗੀ।" ਉਸ ਨੇ ਬੜੇ ਸਹਿਜ ਸੰਭਾਵੀ ਅੰਦਾਜ ਵਿੱਚ ਅਜਿਹਾ ਕਿਹਾ। ਪਰ ਉਸ ਦਾ ਇਹ ਦ੍ਰਿੜ, ਫੈਸਲਾ-ਕੁੰਨ ਵਾਕ ਸਾਰੇ ਵਿਦਿਆਰਥੀਆਂ ਲਈ, ਹਾਸੇ ਦਾ ਝਰਨਾਂ ਵਹਿ ਤੁਰਿਆ।

"ਸੁਖਲੀਨ ! ਕੀ ਗੱਲ ? ਤੇਰੀ ਵਰਗੀ ਹੋਣਹਾਰ ਵਿਦਿਆਰਥਣ ਦਾ ਆਸ਼ਾ ਇਤਨਾ ਛੋਟਾ ?" ਮੈਡਮ ਨੇ ਘੂਰਦੀਆਂ ਨਜਰਾਂ ਉਸਦੇ ਚਿਹਰੇ 'ਤੇ ਅੰਕਿਤ ਕਰਦਿਆਂ ਕਿਹਾ।

"ਕਮਾਲ ਏ ਮੈਡਮ ! ਤੁਸੀਂ ਇਸ ਨੂੰ ਛੋਟਾ ਆਸ਼ਾ ਕਹਿ ਰਹੇ ਹੋਂ ! ਮੈਡਮ ! ਪਲੀਜ ਮੈਨੂੰ ਜਰਾ ਸਮਝਾਓ ਤਾਂ ਸਹੀ ਕਿ ਅੱਜ ਪਿਆਰ, ਮੁਹੱਬਤ ਤੇ ਬੇਗਰਜੀ ਦੀਆਂ ਨੀਹਾਂ 'ਤੇ ਕਿਤਨੇ ਕੁ ਘਰ ਉਸਰੇ ਹੋਏ ਨੇ ?" ਸੁਖਲੀਨ ਫਿਲਾਸਫਰਾਂ ਵਾਂਗ ਬੋਲਦੇ ਬੋਲਦੇ ਇੱਕ ਦਮ ਉਦਾਸ ਹੋ ਗਈ ।

"ਸ਼ਾਇਦ ਤੂੰ ਠੀਕ ਕਹਿ ਰਹੀ ਏਂ।" ਮੈਡਮ ਦੇ ਅੰਦਰੋਂ ਨਿਕਲਿਆ ਇੱਕ ਠੰਡਾਂ ਹਉਂਕਾ, ਵਿਦਿਆਰਥਣ ਦੇ ਮੂੰਹੋਂ ਨਿਕਲੀ ਹਕੀਕਤ ਨਾਲ ਆਪਣੀ ਸਹਿਮਤੀ ਪ੍ਰਗਟਾ ਰਿਹਾ ਸੀ ।

- ਰਾਜਿੰਦਰ ਕੌਰ ਵੰਤਾਂ

ਬਾਬਾ

ਉਹ ਸਦਾ ਹੀ ਬਿਮਾਰ ਰਹਿੰਦਾ। ਬਿਮਾਰੀ ਦੀ ਕੋਈ ਸਮਝ ਨਾ ਆਉਂਦੀ। ਦਿਨੋ-ਦਿਨ ਸੁੱਕਦੇ ਨੂੰ ਵੇਖਕੇ ਘਰ ਵਾਲੇ ਕਿਸੇ ਸਿਆਣੇ ਦੇ ਕੋਲ ਲੈ ਕੇ ਆਏ। " ਦਿਨੋ ਦਿਨ ਸੁਕਦਾ ਜਾਂਦਾ ਬਿਮਾਰੀ ਦੀ ਕੋਈ ਸਮਝ ਨਹੀਂ ਤੁਸੀਂ ਕੋਈ ਉਪਾਅ ਕਰੋ ਬਾਬਾ ਜੀ " ਉਸਦੀ ਪਤਨੀ ਬਾਬਾ ਦੇ ਪੈਰਾਂ ਵਿੱਚ ਸਿਰ ਰੱਖਦੀ ਹੋਈ ਬੋਲੀ।

ਭਾਈ ਹਰੇਕ ਬੁੱਧਵਾਰ ਤੈਨੂੰ ਤਿੰਨ ਚੌਂਕੀਆਂ ਭਰਨੀਆਂ ਪੈਣੀਆਂ ਨੇ, ਨੌ ਬਰ ਹੋ ਜਾਵੇਗਾ, ਬਾਬਾ ਬੋਲਿਆ। ਤੀਸਰੀ ਚੌਂਕੀ ਵਾਰ ਜਦ ਉਹ ਆਏ, 'ਬਾਬਾ ਜੀ ਘਰ ਵਿੱਚ ਨਹੀਂ ਹਨ ' ਉਸਦੀ ਪਤਨੀ ਬੋਲੀ। ਤੁਸੀਂ ਇੱਥੇ ਬੈਠ ਜਾਓ, 'ਬਾਬਾ ਜੀ ਸ਼ਹਿਰ ਗਏ ਹੋਏ ਨੇ, ਆਪਣੇ ਸਰੀਰ ਦੇ ਟੈਸਟ ਕਰਵਾਉਣ ਬਿਮਾਰੀ ਦੀ ਕੁਛ ਸਮਝ ਨਹੀਂ ਆਉਂਦੀ ਸੀ, ਬੱਸ ਆਉਣ ਵਾਲੇ" ਬਾਬਾ ਜੀ ਦੀ ਪਤਨੀ ਬੋਲੀ ।

- ਵਿਜੇ ਬਰਗਾੜੀ

ਤਰਕਸ਼ੀਲ ਭਵਨ ਲਈ ਸਹਾਇਤਾ

ਇਕਾਈ ਜਲੰਧਰ ਰਾਹੀਂ :-

1. ਮਾਸਟਰ ਸੁਰਿੰਦਰ ਪਾਲ ਪਿੰਡ ਤੇ ਡਾਕਖਾਨਾ ਲੱਲੀਆਂ ਕਲਾਂ (ਜਲੰਧਰ) -100
2. ਰੂਪਾ, ਸੋਨੀਆ ਸਟਰੀਟ, ਕਰਤਾਰਪੁਰ ਜਿਲ੍ਹਾ ਜਲੰਧਰ -100
3. ਰਜੇਸ਼ ਕੁਮਾਰ, ਸੋਨੀਆ ਸਟਰੀਟ, ਕਰਤਾਰਪੁਰ, ਜਿਲ੍ਹਾ ਜਲੰਧਰ -100
4. ਅਰਜੁਨ, ਸਨੀਆ ਸਟਰੀਟ ਕਰਤਾਰਪੁਰ, ਜਿਲ੍ਹਾ ਜਲੰਧਰ -100
5. ਵਿਜੇ ਕੁਮਾਰ, ਸੋਨੀਆ ਸਟਰੀਟ, ਕਰਤਾਰਪੁਰ, ਜਿਲ੍ਹਾ ਜਲੰਧਰ -100

6 ਵਿਜੇ ਕੁਮਾਰ, ਸੋਨੀਆ ਸਟਰੀਟ, ਕਰਤਾਰਪੁਰ, ਜਿਲ੍ਹਾ ਜਲੰਧਰ -100

7. ਗੁਰਦੀਪ ਕੁਮਾਰ, ਸੋਨੀਆ ਸਟਰੀਟ, ਕਰਤਾਰਪੁਰ, ਜਿਲ੍ਹਾ ਜਲੰਧਰ -100
8. ਵਿਨੋਦ ਪਾਲ, ਸੋਨੀਆ ਸਟਰੀਟ, ਕਰਤਾਰਪੁਰ, ਜਿਲ੍ਹਾ ਜਲੰਧਰ -100
9. ਸੰਦੀਪ ਕੁਮਾਰ, ਸੋਨੀਆ ਸਟਰੀਟ, ਕਰਤਾਰਪੁਰ, ਜਿਲ੍ਹਾ ਜਲੰਧਰ -100
10. ਰਣਵੀਰ ਕੌਰ ਪੁੱਤਰੀ ਸ਼੍ਰੀ ਮਤੀ ਪਲਵਿੰਦਰ ਕੌਰ ਪਿੰਡ ਤੇ ਡਾਕ. ਲੱਲੀਆਂ ਕਲਾਂ ਜਲੰਧਰ -100
11. ਸ਼੍ਰੀ ਦੇਸ ਰਾਜ ਪੀ.ਐਨ.ਬੀ, ਪਿੰਡ ਤੇ ਡਾਕ. ਲੱਲੀਆਂ ਕਲਾਂ, ਜਲੰਧਰ -100

ਇਕਾਈ ਬਰਗਾੜੀ ਰਾਹੀਂ :

12. ਵਿਨੋਦ ਕੁਮਾਰ, ਸੋਨੀਆ ਸਟਰੀਟ ਕਰਤਾਰਪੁਰ ਜਲੰਧਰ, ਕਿਰਨ ਅਤੇ ਰਾਖੀ, ਸੋਨੀਆ ਸਟਰੀਟ ਕਰਤਾਰਪੁਰ, ਅਮਰਜੀਤ ਸਿੰਘ ਪੁੱਤਰ ਗੰਗਾ ਰਾਮ ਪਿੰਡ ਤੇ ਡਾਕ. ਲੱਲੀਆਂ ਕਲਾਂ,ਗੁਰਮੀਤ ਸਿੰਘ ਬਾਜਵ, ਪਿੰਡ ਤੇ ਡਾਕ. ਲੱਲੀਆਂ ਕਲਾਂ, ਅਮਰਜੀਤ ਸਿੰਘ ਪਿੰਡ ਤੇ ਡਾਕ. ਲੱਲੀਆਂ ਕਲਾਂ, ਕ੍ਰਿਸ਼ਨ ਲਾਲ ਪਿੰਡ ਤੇ ਡਾਕ. ਲੱਲੀਆਂ ਕਲਾਂ ਜਲੰਧਰ, ਜੋਗੇਸ਼ ਕੁਮਾਰ ਭਗਵਾਨ ਪੁਰ, ਲਾਂਬੜਾਂ, ਹਰੇਕ ਵੱਲੋ. 50 ਰੁਪਏ। ਕੁੱਲ 450 ਰੁ:

1. ਸੁਖਚੈਨ ਸਿੰਘ ਪਿੰਡ ਤੇ ਡਾਕ. ਜਵਾਹਰ ਸਿੰਘ ਵਾਲਾ (ਮੋਗਾ) -100
2. ਕੁਲਦੀਪ ਸਿੰਘ, ਵਾਇਰਲ ਉਪਰੇਟਰ, ਪਿੰਡ ਤੇ ਡਾਕ. ਪੰਡੋਰੀ, ਜਿਲ੍ਹਾ ਸੰਗਰੂਰ -150

ਦਫਤਰ ਵਿੱਚ ਆਈ ਸਹਾਇਤਾ :

1. ਅਮਿਤ ਅਰੋੜਾ, ਹੈਬੋਵਾਲ ਕਲਾਂ (ਲੁਧਿਆਣਾ) -200

1. ਪਰਮਜੀਤ ਸਿੰਘ ਪਿੰਡ ਤੇ ਡਾਕ. ਚੰਬਾ ਜਿਲ੍ਹਾ ਅਮ੍ਰਿਤਸਰ -100

3. ਸ਼੍ਰੀ ਜਗਦੇਵ ਸਿੰਘ, ਸਕੱਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਰਾਮਪੁਰਾ ਫੂਲ -200
4. ਸ਼੍ਰੀ ਸਤਪਾਲ ਪੁੱਤਰ ਸ਼੍ਰੀ ਕਰਤਾਰ ਚੰਦ, ਮਕਾਨ ਨੰ: 138, ਰਾਮਦਾਸਪੁਰਾ, ਬੂਟਾ ਮੰਡੀ ਜਲੰਧਰ -500

ਸ਼੍ਰੀ ਦਲਬੀਰ ਕਟਾਣੀ ਰਾਹੀਂ ਆਈ ਸਹਾਇਤਾ :

1. ਜਸਵੰਤ ਸਿੰਘ, 27-ਅਮਨ ਨਗਰ, ਲੁਧਿਆਣਾ -1000
2. ਹਰਪ੍ਰੀਤ ਸਿੰਘ ਲੁਧਿਆਣਾ -500
3. ਮਦਨ ਲਾਲ, ਲੁਧਿਆਣਾ -500
4. ਸੁਰਜੀਤ ਸਿੰਘ, ਲੁਧਿਆਣਾ -500
5. ਵਿਜੇ ਕੁਮਾਰ, ਲੁਧਿਆਣਾ -500
6. ਸਵਰਨ ਸਿੰਘ, ਲੁਧਿਆਣਾ -500
7. ਹਰਦੇਵ ਸਿੰਘ, ਲੁਧਿਆਣਾ -500
8. ਸੁਰਿੰਦਰ ਸਿੰਘ, ਲੁਧਿਆਣਾ -500
9. ਹਰਮਿੰਦਰ ਸਿੰਘ, ਲੁਧਿਆਣਾ -500

10. ਕੁਲਦੀਪ ਸਿੰਘ ਬੌਂਦਲੀ -200

ਮਾ. ਸੁਰਿੰਦਰ ਰਾਮਪੁਰਾ ਰਾਹੀਂ :

1. ਬਖਸ਼ੀਸ਼ ਸਿੰਘ ਪੁੱਤਰ ਸ਼੍ਰੀ ਗੁਰਚਰਨ ਸਿੰਘ ਪਿੰਡ ਤੇ ਡਾਕ. ਮਹਿਤਾ ਜਿਲ੍ਹਾ ਬਠਿੰਡਾ -200
2. ਨਰਜੀਤ ਸ਼ਿੰਘ ਪਿੰਡ ਤੇ ਡਾਕ. ਨੰਦਗੜ ਬਠਿੰਡਾ ਵੱਲੋਂ ਆਪਣੇ ਪੁੱਤਰ ਜਲਵਿੰਦਰ ਸਿੰਘ ਦੇ ਵਿਆਹ ਦੀ ਖੁਸ਼ੀ ਵਿੱਚ -200

ਇਸ ਅੰਕ ਵਿੱਚ ਛਪੀ ਸਹਾਇਤਾ 8400

ਪਿਛਲੇ ਅੰਕ ਵਿੱਚ ਛਪੀ ਸਹਾਇਤਾ -347406

ਕੁੱਲ ਜੋੜ -355806

ਸਹਾਇਤਾ

ਦਫਤਰ ਵਿੱਚ ਆਈ ਸਹਾਇਤਾ :-

1. ਸ਼੍ਰੀ ਮੇਜਰ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਖਾਨਪੁਰ (ਲੁਧਿਆਣਾ) ਨੇ ਰਿਟਾਇਰਮੈਂਟ ਸਮੇਂ..... -100
2. ਕਮਲਜੀਤ ਕੌਰ ਪਤਨੀ ਸ਼੍ਰੀ ਜਤਿੰਦਰ ਪਾਲ ਸਿੰਘ, ਪਿੰਡ ਦੁਲੈ (ਲੁਧਿਆਣਾ) ਨੇ ਆਪਣੇ ਵਿਆਹ ਦੀ ਖੁਸ਼ੀ ਵਿੱਚ.... -100
3. ਰਾਜ ਕੁਮਾਰ, ਪਿੰਡ ਨੰਗਲ ਖੁਰਦ (ਲੁਧਿਆਣਾ), ਸ਼੍ਰੀ ਬਲਰਾਮ, ਗੁਰਦਾਸ ਪੁਰ ਤੋਂ -30
4. ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਜੰਡਿਆਲੀ (ਲੁਧਿਆਣਾ) ਵੱਲੋਂ -200

ਵਿਦੇਸ਼ੀ ਸਹਾਇਤਾ :

1.ਸੁਖਦੇਵ ਵਿਰਦੀ ਰਾਹੀਂ ਤਰਕਸ਼ੀਲ ਸੁਸਾਇਟੀ ਇਕਾਈ ਬਰਮਿੰਘਮ (ਇੰਗਲੈਂਡ) ਤੋਂ -6400
2. ਸੁੱਚਾ ਸਿੰਘ ਨਰ, ਜਰਮਨੀ ਤੋਂ -1000

ਲਾਈਫ ਮੈਂਬਰਸ਼ਿੱਪ

505. ਸ਼੍ਰੀ ਕੁਲਵੰਤ ਸਿੰਘ, ਮਕਾਨ ਨੰ: 13512 ਗਲੀ ਨੰ: 15, ਵਿਸ਼ਕਰਮਾਂ ਕਲੋਨੀ ਢੋਲੇਵਾਲ, ਲੁਧਿਆਣਾ-3
506. ਸ਼੍ਰੀ ਬਘੇਲ ਸਿੰਘ ਪੁਰੀ, ਗਲੀ ਨੰ: 5 ਬਸੰਤ ਨਗਰ, ਦੇਵੀਵਾਲ ਰੋਡ, ਕੋਟਕਪੁਰਾ, ਜਿਲ੍ਹਾ ਫਰੀਦਕੋਟ
507. ਸ਼੍ਰੀ ਮਤੀ ਸੁਖਚੈਨ ਕੌਰ ਪਤਨੀ ਸ਼੍ਰੀ ਸਤਪਾਲ ਸਿੰਘ ਸੰਧੂ, ਪਿੰਡ ਤੇ ਡਾਕਖਾਨਾ ਖੇਮੋਆਣਾ, ਤਹਿ. ਤੇ ਜਿਲ੍ਹਾ ਬਠਿੰਡਾ
508. ਸ਼੍ਰੀ ਮੇਜਰ ਸਿੰਘ ਪੁੱਤਰ ਸ਼੍ਰੀ ਸਰੂਪ ਸਿੰਘ, ਪਿੰਡ ਤੇ ਡਾਕ. ਢਿਲਵਾਂ ਕਲਾਂ ਜਿਲ੍ਹਾ ਫਰੀਦਕੋਟ
509. ਸ਼੍ਰੀ ਲਖਵੀਰ ਸਿੰਘ ਏ.ਐਸ.ਆਈ, ਸ਼ਹੀਦ ਭਗਤ ਸਿੰਘ ਨਗਰ, ਗਲੀ ਨੰ: 3 ਕੋਟਕਪੂਰਾ, ਜਿਲ੍ਹਾ ਫਰੀਦਕੋਟ-151204
510. ਸ਼੍ਰੀ ਤੇਜਿੰਦਰ ਸਿੰਘ ਪੁੱਤਰ ਸ. ਬਲਦੇਵ ਸਿੰਘ ਪਿੰਡ ਤੇ ਡਾਕ. ਚੰਦ ਭਾਨ ਵਾਇਆ ਜੈਤੋਂ ਮੰਡੀ ਜਿਲ੍ਹਾ ਫਰੀਦਕੋਟ
511. ਕਮਲਜੀਤ ਕੌਰ ਪੁੱਤਰੀ ਸ਼੍ਰੀ ਹਰਭਜਨ ਸਿੰਘ ਪਿੰਡ ਤੇ ਡਾਕ. ਨਵਾ ਕਿਲਾ ਵਾਇਆ ਸ਼ਾਹਕੋਟ ਜਿਲ੍ਹਾ ਜਲੰਧਰ
512. ਸ਼੍ਰੀ ਹਰਜਿੰਦਰ ਸਿੰਘ ਪੁੱਤਰ ਸ਼੍ਰੀ ਨੰਦ ਸਿੰਘ ਪਿੰਡ ਬਾਗਪੁਰ, ਡਾਕ. ਕਾਂਗਣਾ ਵਾਇਆ ਮਲਸੀਆਂ ਜਿਲ੍ਹਾ ਜਲੰਧਰ
513. ਸ਼੍ਰੀ ਐਚ. ਐਸ. ਰੰਧਾਵਾ, ਆਰਟ ਥੀਏਟਰ ਲੁਧਿਆਣਾ, 39/2 ਈ.ਐਸ.ਆਈ. ਕਲੋਨੀ ਭਾਰਤ ਨਗਰ ਚੌਂਕ, ਲੁਧਿਆਣਾ
514. ਸ਼੍ਰੀ ਵਿਜੇ ਕੁਮਾਰ ਪੁੱਤਰ ਸ਼੍ਰੀ ਭਰਪੂਰ ਸਿੰਘ ਜਰਗਰ, ਮੰਡੀ ਕਲਾਂ ਵਾਲੇ, ਗਿੱਲ ਬਜਾਰ ਰਾਮਪੁਰਾ ਫੂਲ, ਬਠਿੰਡਾ
515. ਸ਼੍ਰੀ ਤਰਸੇਮ ਸਿੰਘ ਪੁੱਤਰ ਸ. ਗੁਰਦਿਆਲ ਸਿੰਘ, ਗਲੀ ਨੰ: 9, ਸ਼ਹੀਦ ਭਗਤ ਸਿੰਘ ਕਲੋਨੀ, ਨੇੜੇ ਬੱਸ ਸਟੈਂਡ ਰਾਮਪੁਰਾ ਫੂਲ,
516. ਸ਼੍ਰੀ ਸੱਤਪਾਲ ਪੁੱਤਰ ਸ਼੍ਰੀ ਕਰਤਾਰ ਚੰਦ, ਮਕਾਨ ਨੰ: 138 ਰਾਮਦਾਸ ਪੁਰਾ, ਬੂਟਾ ਮੰਡੀ, ਜਲੰਧਰ-144003
517. ਸ਼੍ਰੀ ਰਛਪਾਲ ਸਿੰਘ ਕੇ.ਪੀ ਮਾਰਬਲ ਝੱਜ ਕਲੋਨੀ, ਦੋਰਾਹਾ, ਜਿਲ੍ਹਾ ਲੁਧਿਆਣਾ
518. ਪ੍ਰੇਮ ਸਾਗਰ ਮਲਹੋਤਰਾ, ਏ-2/11, ਕ੍ਰਿਸ਼ਨ ਨਗਰ, ਦਿੱਲੀ-51
519. ਸ਼੍ਰੀ ਗੁਰਮੀਤ ਸਿੰਘ ਪੁੱਤਰ ਸ਼੍ਰੀ ਪ੍ਰੀਤਮ ਸਿੰਘ ਪਿੰਡ ਤਾ ਡਾਕ. ਬੂਹੀ, ਤਹਿ. ਨਾਭਾ ਜਿਲ੍ਹਾ ਪਟਿਆਲਾ
520. ਹਰਮਿੰਦਰ ਸਿੰਘ ਸਰਾਂ, ਗਲੀ ਨੰ: 6, ਬੀਬੀ ਵਾਲਾ ਰੋਡ, ਬਠਿੰਡਾ

ਨਵੀਆਂ ਇਕਾਈਆਂ ਦੀ ਚੋਣ

ਇਕਾਈ ਹੁਸ਼ਿਆਰਪੁਰ :

ਪ੍ਰਧਾਨ : ਪ੍ਰਿੰਸੀਪਲ ਜੋਗਿੰਦਰ ਸਿੰਘ,
ਬਸੰਤ ਵਿਹਾਰ, ਡੀ.ਸੀ.ਰੋਡ ਹੁਸ਼ਿਆਰਪੁਰ ।
ਸਕੱਤਰ : ਸ਼੍ਰੀ ਜਗਦੀਸ਼ ਸਿੰਘ, ਜਿਲ੍ਹਾ ਫਿਸ਼ਰੀ ਅਫਸਰ,ਹੁਸ਼ਿਆਰਪੁਰ।

ਇਕਾਈ ਟਾਂਡਾ :

ਪ੍ਰਧਾਨ : ਇੰਜ. ਹਰਦੀਪ ਸਿੰਘ ਖੁੱਡਾ
ਮਾਰਫਤ ਬੁਨਿਆਦ ਪ੍ਰਿਟਿੰਗ ਪ੍ਰੈਸ, ਟਾਂਡਾ, ਹੁਸ਼ਿਆਰਪੁਰ ।
ਸਕੱਤਰ : ਸ਼੍ਰੀ ਰਮੇਸ਼ ਕੁਮਾਰ ਡਿਪਟੀ,
ਪਿੰਡ ਓਹੜਪੁਰ, ਡਾਕ. ਟਾਂਡਾ, ਜਿਲ੍ਹਾ ਹੁਸ਼ਿਆਰਪੁਰ ।

ਇਕਾਈ ਬੰਗਾ :

ਪ੍ਰਧਾਨ : ਸ਼੍ਰੀ ਸੋਮਨਾਥ,
ਪਿੰਡ ਤੇ ਡਾਕ. ਚਾਹਲ ਖੁਰਦ (ਨਵਾਂ ਸ਼ਹਿਰ)
ਸਕੱਤਰ : ਮਾ. ਜਗਦੀਸ਼,
ਪਿੰਡ ਤੇ ਡਾਕ. ਰਾਏਪੁਰ ਡੱਬਾ (ਨਵਾਂ ਸ਼ਹਿਰ)

ਇਕਾਈ ਧੂਰੀ :

ਪ੍ਰਧਾਨ : ਮਾ. ਸੁਖਦੇਵ ,ਮਾਰਫਤ ਵਾਲੀਆ ਪ੍ਰਿਟਿੰਗ ਪ੍ਰੈਸ
ਸ਼ੇਰਪੁਰ ਰੋਡ, ਧੂਰੀ (ਸੰਗਰੂਰ)
ਸਕੱਤਰ : ਸ਼੍ਰੀ ਤਰਸੇਮ ਸਿੰਘ ,
ਨੇੜੇ ਟੈਲੀਫੋਨ ਐਕਸਚੇਂਜ, ਧੂਰੀ (ਸੰਗਰੂਰ)

ਸਫਾ 43 ਦੀ ਬਾਕੀ :-

ਇਸ ਪਿਛੋਂ ਮੈਂ ਕਿਹਾ ਕਿ ਜੇਕਰ ਕੋਈ ਲਾਲਚ ਨਹੀਂ ਤਾਂ ਇੰਨਾਂ ਪ੍ਰਚਾਰ ਕਿਉਂ ਕੀਤਾ ਗਿਆ ਤੇ ਲੋਕ ਖਾਸ ਕਰਕੇ ਜਨਾਨੀਆਂ ਆ ਰਹੀਆਂ ਹਨ। ਤਾਂ ਕਹਿਣ ਲੱਗੇ ਕਿ ਅਸੀਂ ਕਿਹੜਾ ਕਿਸੇ ਨੂੰ ਸੱਦਿਆ ਹੈ। ਤੈਨੂੰ ਵੀ? ਮੈਂ ਕਿਹਾ ਕਿ ਤਰਕਸ਼ੀਲ ਸੁਸਾਇਟੀ (ਰਜਿ.) ਇਕਾਈ ਕਾਲਿਆਂਵਾਲੀ ਵਾਲੀ ਵੱਲੋਂ ਇਸ ਚਮਤਕਾਰੀ ਤੇ ਅਣ ਵਿਗਿਆਨਕ ਘਟਨਾ ਦੀ ਪੜਤਾਲ ਕਰਨਾ ਫਰਜ ਹੈ। ਮੈਂ ਇਕੱਠ ਨੂੰ ਸੰਬੋਧਨ ਹੋ ਕੇ ਕਿਹਾ ਕਿ ਸਾਡੀ ਤਰਕਸ਼ੀਲ ਪਾਰਟੀ ਵੱਲੋਂ ਅਨੇਕਾਂ ਹੀ ਕੇਸਾਂ ਦਾ ਭਾਡਾਂ ਤੋੜ ਚੁੱਕੇ ਹਾਂ।

1. ਬੱਚੇ ਨੂੰ, ਜਦੋਂ ਬੋਲਣ ਲੱਗ ਜਾਂਦਾ ਹੈ ਤਾਂ ਕੁੱਝ ਗੱਲਾਂ ਸਿਖਾਈਆਂ ਜਾਂਦੀਆਂ ਹਨ।
2. ਦੋਨਾਂ ਪਰਿਵਾਰਾਂ ਵਿੱਚ ਜਾਣ ਪਹਿਚਾਣ ਹੁੰਦੀ ਹੈ। ਜੋ ਉਨ੍ਹਾਂ ਵੱਲੋਂ ਮੰਨਿਆਂ ਗਿਆ।
3. ਕੋਈ ਲਾਲਚ ਵੱਸ ਬੱਚੇ ਦੀ ਪੂਜਾ ਕਰਾਉਣਾ, ਜਾਇਦਾਦ ਤੇ ਕਬਜਾ ਆਦਿ ।
4. ਕੋਈ ਪੁਨਰ ਜਨਮ (ਇਹ ਰਾਮਾਂ ਮੰਡੀ ਜਾਂ ਇਸਦੇ 50-60 ਕਿਲੋਮੀਟਰ ਦੇ ਘੇਰੇ ਵਿੱਚ ਹੀ ਕਿਓਂ ਵਾਪਰਦਾ ਹੈ। ਕੋਈ ਜਰਮਨੀ, ਕੈਨੇਡਾ, ਅਮਰੀਕਾ ਦਾ ਬੱਚਾ ਕਿਓਂ ਨਹੀਂ ਜਾਂ ਦੱਖਣ ਵਿੱਚੋਂ ਕਿਉਂ ਨਹੀਂ ਜੰਮਦਾ ।
5. ਜਦੋਂ ਇਹ ਕਿਹਾ ਜਾਂਦਾ ਹੈ ਕਿ ਕਮੌਤ ਮਰਿਆ ਪ੍ਰੇਤ ਬਣਦਾ ਹੈ। ਹੋਰ ਇਹ ਵੀ ਕਿਹਾ ਜਾਂਦਾ ਹੈ ਕਿ ਭਾਈ ਚੁਰਾਸੀ ਲੱਖ ਜੂਨੀ ਭੋਗ ਕੇ ਹੀ ਮਾਨਸ ਦੇਹੀ ਮਿਲਦੀ ਹੈ। ਫੇਰ ਤਾਰੂ ਨੂੰ ਕਿਵੇਂ ਸਿੱਧਾ ਲਸੰਸ ਮਨੁੱਖ ਦੇਹੀ ਧਾਰਨ ਦਾ ਮਿਲ ਗਿਆ ।

ਸਫਾ '47 ਦੀ ਬਾਕੀ

ਹੈ ਪਰ ਜੇ ਉਹ ਉਸਦਾ ਅਭਿਆਸ ਛੱਡ ਦੇਵੇਗਾ ਤਾਂ ਕੁੱਝ ਸਮੇਂ ਪਿਛੋਂ ਹਰਮੋਨੀਅਮ ਭੁੱਲ ਜਾਵੇਗਾ। ਉਹ ਕਿੰਨਾ ਅਤੇ ਕਿਤਨੇ ਸਮੇਂ ਵਿੱਚ ਭੁਲਦਾ ਹੈ। ਇਸ ਗੱਲ ਤੇ ਨਿਰਭਰ ਹੈ ਕਿ ਉਹ ਉਸਦਾ ਅਭਿਆਸ ਕਿੰਨਾਂ ਘੱਟ ਕਰਦਾ ਹੈ।

ਸਾਡੇ ਬਹੁਤ ਦੁੱਖਾਂ ਦਾ ਕਾਰਨ ਬੀਤ ਗਏ ਦਿਨਾਂ ਦੀਆਂ ਡਰਾਉਣੀਆਂ ਯਾਦਾਂ ਤੇ ਅੱਗੋਂ ਆ ਰਹੇ ਦਿਨਾਂ ਦੇ ਖਿਆਲੀ ਡਰ ਤੇ ਫਿਕਰ ਹਨ। ਇਸ ਦਾ ਇਲਾਜ ਇਹ ਹੈ ਕਿ ਅਸੀਂ ਹਾਲ ਦੀ ਘੜੀ ਅਨੰਦ ਅਤੇ ਪ੍ਰਸੰਨਤਾਂ ਨਾਲ ਬਤੀਤ ਕਰੀਏ।

ਚੰਗੇ ਭਵਿਖ ਦਾ ਰਾਜ ਇਹ ਹੈ ਕਿ ਅਸੀਂ ਹਾਲ ਦੀ ਘੜੀ ਨੂੰ ਖੁਸ਼ੀ ਖੁਸ਼ੀ ਬਤੀਤ ਕਰੀਏ। ਅੱਜ ਦੇ ਦਿਨ ਨੂੰ ਮਜਬੂਤੀ ਨਾਲ ਪਕੜ ਲਓ ਤੇ ਇਸ ਵਿੱਚ ਵੱਧ ਤੋਂ ਵੱਧ ਖੁਸ਼ੀ ਤੇ ਖੇੜਾ ਪ੍ਰਾਪਤ ਕਰਨ ਦਾ ਯਤਨ ਕਰੋ ਕਿਉਂਕਿ ਅੱਜ ਦੇ ਦਿਨ ਨੇ ਮੁੜ ਕਦੇ ਨਹੀਂ ਆਉਣਾ।

" ਭੂਤ ਬੀਤ ਗਿਆ, ਭਵਿੱਖ ਪਤਾ ਨਹੀਂ ਤੁਹਾਡੇ ਹੱਥ ਆਵੇ ਹੀ ਨਾ। ਇਸ ਲਈ ਉਹਨਾਂ ਬਾਰੇ ਦੁਖੀ ਤੇ ਪ੍ਰੇਸ਼ਾਨ ਕਿਓਂ ਹੋਣਾ, ਵਰਤਮਾਨ ਤੁਹਾਡੇ ਹੱਥ ਵਿੱਚ ਹੈ ਇਸ ਨੂੰ ਵੱਧ ਤੋਂ ਵੱਧ ਸੁੰਦਰ ਬਣਾਓ "(ਐਵੇਬਰੀ)

ਤੁਹਾਡੇ ਸਾਹਮਣੇ ਜਿੰਦਗੀ ਦੇ ਦੋ ਰਾਹ ਹਨ :
1. ਸੁਖੀ ਪ੍ਰਸੰਨ ਤੇ ਭਰਪੂਰ ਜੀਵਨ ।
2. ਦੁਖੀ ਚਿੰਤਕ ਤੇ ਰੋਗੀ ਜੀਵਨ ।

ਚੋਣ ਤੁਹਾਡੇ ਆਪਣੇ ਹੱਥ ਵਿੱਚ ਹੈ ।

ਦੋਆਬਾ ਖੇਤਰ ਦੀਆਂ ਤਰਕਸ਼ੀਲ ਇਕਾਈਆਂ ਸਾਂਝੀ ਸਰਗਰਮੀ ਦੇ ਅਗਾਜ ਵਿੱਚ

ਦੀਵਾ ਬਲੇ ਸਾਰੀ ਰਾਤ

ਦੀ ਲੜੀ ਤਹਿਤ

11 ਜੁਲਾਈ (ਸ਼ਨੀਵਾਰ) 1998 ਦੀ ਸਾਰੀ ਰਾਤ

ਸ.ਸ. ਸਕੂਲ ਲੜਕੇ (ਘੰਟਾ ਘਰ) ਹੁਸਿਆਰਪੁਰ ਵਿਖੇ

ਤਰਕਸ਼ੀਲ ਕਾਡਰ ਕੈਂਪ ਅਤੇ ਸੈਮੀਨਾਰ

ਵਿਸ਼ਾ :	ਪੇਪਰ ਪੜਨਗੇ/ਸੰਬੋਧਿਤ ਕਰਨਗੇ
1.ਪੰਜਾਬ ਵਿੱਚ ਤਰਕਸ਼ੀਲ ਲਹਿਰ ਅਤੇ ਇਸਦਾ ਰੋਲ	ਡਾ. ਰਜਿੰਦਰ ਪਾਲ ਸਿੰਘ (ਮੁੱਖ ਸੰਪਾਦਕ ਤਰਕਸ਼ੀਲ)
2.ਲੋਕਾਂ ਵਿੱਚ ਕਿਵੇਂ ਜਾਣਾ ਔਕੜਾਂ ਅਤੇ ਤਜਰਬੇ	ਰਜਿੰਦਰ ਭਦੌੜ (ਮੀਤ ਪ੍ਰਧਾਨ) ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
3. ਸਰਿਸ਼ਟੀ ਅਤੇ ਰੱਬ ਦਾ ਸੰਕਲਪ	ਡਾ. ਐਸ.ਐਸ ਅਜਾਦ
4. ਸਵਾਲ ਜਵਾਬ ਅਤੇ ਹੋਰ ਜਾਣਕਾਰੀ	ਉਕਤ ਅਤੇ ਲੋਕਲ ਵਿਦਵਾਨ ਆਗੂ

ਸ਼ਮੂਲੀਅਤ ਕਰਨ ਦੇ ਸੱਦੇ ਨਾਲ - ਵਿਜੇ ਬੰਬੇਲੀ ਸਕੱਤਰ ਮਾਹਿਲਪੁਰ ਇਕਾਈ ।

ਸਰਗਰਮੀਆਂ

ਇਕਾਈ ਪਾਤੜਾਂ ਮੰਡੀ :-

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਵੱਲੋਂ ਇਸ ਸੰਸਥਾਂ ਵਿੱਚ ਮਿਤੀ 12 ਜਨਵਰੀ 1998 ਨੂੰ ਬੱਚਿਆਂ ਵਿੱਚ ਵਿਗਿਆਨਕ ਰੁਚੀ ਪੈਦਾ ਕਰਨ ਲਈ ਇੱਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਦੀ ਅਗਵਾਈ ਸ. ਕੁਲਵੰਤ ਸਿੰਘ ਜੀ ਕਰ ਰਹੇ ਸਨ। ਸ. ਬਿੱਕਰ ਸਿੰਘ ਅਤੇ ਸ. ਬਲਦੇਵ ਸਿੰਘ ਜੀ ਨੇ ਬੱਚਿਆਂ ਨੂੰ ਟ੍ਰਿਕ ਦਿਖਾਏ। ਉਹਨਾਂ ਦਾ ਸਾਥ ਸ. ਮਹਿੰਦਰ ਸਿੰਘ ਜੀ ਨੇ ਦਿੱਤਾ।

ਟ੍ਰਿਕਾਂ ਦੇ ਨਾਲ-ਨਾਲ ਸ. ਕੁਲਵੰਤ ਸਿੰਘ ਜੀ ਹੋਰਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸਮਾਜ ਵਿੱਚ ਚੱਲ ਰਹੇ ਵਹਿਮਾਂ ਭਰਮਾਂ ਅਤੇ ਹੋਰ ਕੁਰੀਤੀਆਂ ਬਾਰੇ ਜਾਣਕਾਰੀ ਦਿੱਤੀ । ਟ੍ਰਿਕਾਂ ਵਿੱਚ ਵਰਤੀ ਗਈ ਚਲਾਕੀ ਨੂੰ ਦੱਸ ਕੇ ਜਾਦੂ ਦੇ ਭੁਲੇਖੇ ਦੂਰ ਕੀਤੇ ਗਏ। ਕੁਲਵੰਤ ਸਿੰਘ ਜੀ ਦੇ ਲੈਕਚਰ ਤੋਂ ਬੱਚੇ ਇੰਨੇ ਪ੍ਰਭਾਵਤ ਹੋਏ ਕਿ ਦੋ-ਢਾਈ ਘੰਟੇ ਦਾ ਸਮਾਂ ਲੰਘਦਿਆਂ ਪਤਾ ਹੀ ਨਾ ਲੱਗਾ।

ਅਸੀਂ ਆਸ ਕਰਦੇ ਹਾਂ ਕਿ ਸੁਸਾਇਟੀ ਆਪਣੇ ਮਕਸਦ ਵਿੱਚ ਪੂਰੀ ਕਾਮਯਾਬ ਹੋਵੇਗੀ ਅਤੇ ਲੋਕਾਂ ਦੇ ਵਿੱਚ ਵਿਗਿਆਨਕ ਸੋਚ ਪੈਦਾ ਕਰੇਗੀ । ਸਕੂਲ ਵੱਲੋਂ ਸੁਸਾਇਟੀ ਨੂੰ 2000 ਰੁਪਏ ਫੰਡ ਦਿੱਤਾ ਗਿਆ।

ਪ੍ਰਿੰਸ਼ੀਪਲ,ਬਾਬਾ ਸਾਹਿਬ ਦਾਸ ਪਬਲਿਕ ਸਕੂਲ,
ਪਾਤੜਾਂ ਮੰਡੀ ।

ਇਕਾਈ ਗੜਸ਼ੰਕਰ :-

ਸਰਗਰਮੀਆਂ:-ਸਕੂਲਾਂ ਵਿੱਚ ਜਾਦੂ ਦੇ ਟ੍ਰਿਕ

ਸਕੂਲ:1.ਗੌ.ਹਾਈ ਸਕੂਲ ਪਨਾਮ, ਮਿਤੀ 2.1.98
2.ਸ.ਬ.ਸ. ਸੀਨੀਅਰ ਸੈ. ਸਕੂਲ ਗੜਸ਼ੰਕਰ, ਮਿਤੀ 6.1.98
3.ਜਵਾਹਰ ਨਵੋਦਿਆ ਵਿਦਿਆਲਿਆ ਪੋਜੇਵਾਲ;ਮਿਤੀ 14.1.98
4.ਬੀ.ਆਰ.ਡੀ.ਸੀਨੀਅਰ ਸੈ. ਸਕੂਲ ਪੋਜੇਵਾਲ, 15.1.98

ਪ੍ਰੋਗਰਾਮ : ਮੈਜਿਕ ਸ਼ੋਅ

ਪੇਸ਼ਕਾਰੀ : ਡਾ. ਕੁਲੇਵਾਲ, ਮਾਸਟਰ ਨਰੇਸ਼, ਓਂਕਾਰ

ਸਹਿਯੋਗ : ਗੁਰਵਿੰਦਰ ਚਾਹਲਪੁਰੀ, ਅਮਰੀਕ ਗੜਸ਼ੰਕਰੀ, ਗੁਰਪਾਲ ਡੁਗਰੀ ।

ਤਰਕਸ਼ੀਲ ਸਾਹਿਤ ਦੀ ਵਿਕਰੀ : ਬੱਚਿਆਂ ਅਤੇ ਅਧਿਆਪਕਾਂ ਵੱਲੋਂ ਭਰਵਾਂ ਹੁੰਗਾਰਾ । -ਮਾਸਟਰ ਨਰੇਸ਼, ਸਕੱਤਰ ਇਕਾਈ ਗੜਸ਼ੰਕਰ

ਇਕਾਈ ਅਬੋਹਰ :

ਪੱਥਰੀ ਕੱਢਣ ਵਾਲੀ ਮਾਈ ਤੋਂ 700 ਰੁਪਏ ਵਾਪਸ ਕਰਵਾਏ।

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਅਬੋਹਰ ਵੱਲੋਂ ਗੰਗਾਨਗਰ ਦੀ ਮਾਈ ਪ੍ਰਮੇਸ਼ਰੀ ਵੱਲੋਂ ਗਲਾਸ ਰਾਹੀਂ ਪੱਥਰੀ ਕੱਢਣ ਦੇ ਢੌਂਗ ਦਾ ਪਰਦਾਫਾਸ਼ ਕੀਤਾ ਅਤੇ ਮਾਈ ਤੋਂ ਪਰਮਜੀਤ ਸਿੰਘ ਸ਼ਾਹਪੁਰਾ ਨੂੰ 700 ਰੁਪਏ ਵਾਪਸ ਕਰਵਾਏ । ਪਰਮਜੀਤ ਮਾਈ ਤੋਂ ਇੱਕ ਹਫਤਾ ਪਹਿਲਾਂ ਪੱਥਰੀ ਕਢਵਾ ਕੇ ਗਿਆ ਸੀ । ਪ੍ਰੰਤੂ ਕੋਈ ਅਰਾਮ ਨਹੀਂ ਆਇਆ ਸੀ।

ਪ੍ਰਧਾਨ ਗਣਪਤ ਰਾਮ,ਰੇਸ਼ਮ ਸਿੰਘ ਚਿੰਰਾਗ ਢਾਣੀ, ਸੀਤਾ ਰਾਮ ਚੂਹੜੀਵਾਲਾ ਨੇ ਪੜਤਾਲ ਕਰਕੇ ਇਹ ਤੱਥ ਸਾਹਮਣੇ ਲਿਆਏ। ਪੱਥਰੀ ਰਸੌਲੀ ਜਾ ਅੱਧੇ ਸਿਰ ਦੇ ਮਰੀਜ ਇਸ ਮਾਈ ਕੋਲ ਆਉਂਦੇ ਸਨ। 40-50 ਸਾਲਾਂ ਇੰਦਰ ਨਾਮੀ ਚੇਲਾ ਲੋਕਾਂ ਨੂੰ ਬਿਠਾਉਂਦਾ ਹੈ ਤੇ ਜਾਣਕਾਰੀ ਲੈਂਦਾ ਹੈ। ਕਿ ਮਰੀਜ ਕਿਸ ਚੀਜ ਤੇ ਆਇਆ ਹੈ। 300 ਰੁਪਏ ਕੜਾਹੀ ਕਰਨ ਦੇ ਨਾਮ ਤੇ ਲਏ ਜਾਂਦੇ ਹਨ। ਮਰੀਜ ਤੋਂ ਸਟੀਲ ਦਾ ਗਲਾਸ ਮੰਗਾ ਕੇ ਦੁੱਧ ਤੇ ਫਲ ਲਈ 20-25 ਰੁਪਏ ਲਏ ਜਾਦੇ ਹਨ। ਫਿਰ ਮਰੀਜ ਨੂੰ ਬੁਲਾ ਕੇ ਪੈਕਟ ਵਾਲਾ ਦੁੱਧ ਗਲਾਸ ਵਿੱਚ ਪਾ ਕੇ ਦਰਦ ਵਾਲੇ ਸਥਾਨ ਤੇ ਰੱਖਣ ਲਈ ਕਿਹਾ ਜਾਂਦਾ ਹੈ। ਦੁੱਧ ਨੂੰ ਕੱਪੜੇ ਨਾਲ ਪੁਣ ਕੇ ਕੱਪੜੇ ਤੇ ਦੁੱਧ ਦੀਆਂ ਕੁੱਝ ਗੱਠਾਂ ਰਹਿ ਜਾਂਦੀਆਂ ਹਨ। ਮਰੀਜ ਨੂੰ ਹੱਥ ਲਾ ਕੇ ਦੇਖਣ ਦੀ ਆਗਿਆ ਨਹੀਂ ਹੈ । ਮਰੀਜ ਨੂੰ ਚਾਲੀ ਦਿਨਾਂ ਵਾਸਤੇ ਦਰਦ ਦੇ ਕੈਪਸੂਲ ਖਾਣ ਲਈ ਦਿੱਤੇ ਜਾਂਦੇ ਹਨ। ਮਾਈ ਦਾ ਲੜਕਾ ਮਦਨ ਲਾਲ ਅਨਪੜ ਹੈ ਤੇ ਪਹਿਲਾਂ ਤੋਂ ਤਿਆਰ ਕੀਤੇ ਤਵੀਤਾਂ ਵਿੱਚੋਂ ਇੱਕ ਤਵੀਤ ਦਿੰਦਾ ਹੈ ਜੋ 200 ਰੁਪਏ ਤੋਂ 500 ਰੁਪਏ ਤੱਕ ਹੁੰਦਾ ਹੈ। ਇਸ ਤਰਾਂ ਇਹ ਸਾਰਾ ਪਰਿਵਾਰ ਭੋਲੇ ਭਾਲੇ ਲੋਕਾਂ ਨੂੰ ਲੁੱਟ ਰਿਹਾ ਸੀ ।

ਚੇਲੇ ਨਾਲ ਗੱਲਬਾਤ ਕੀਤੀ। ਉਸਨੂੰ ਕਿਹਾ ਮਾਈ ਨੂੰ ਬੁਲਾ, ਅਸੀਂ ਮਰੀਜ ਲੈ ਕੇ ਅਏ ਹਾਂ। ਪ੍ਰੰਤੂ ਮਾਈ ਨਹੀਂ ਆਈ ਪਰ ਚੇਲਾ 700 ਰੁਪਏ ਲੈ ਕੇ ਆ ਗਿਆ ਤੇ ਪਰਮਜੀਤ ਨੂੰ ਵਾਪਸ ਕਰ ਦਿੱਤੇ। ਪਰਮਜੀਤ ਸੁਸਾਇਟੀ ਦਾ ਬੜਾ ਧੰਨਵਾਦੀ ਹੈ। ਇਕੱਠੀ ਹੋਈ ਭੀੜ ਨੂੰ ਸਮਝਾਇਆ ਕਿ ਇਸ ਠੱਗੀ ਤੋਂ ਬਚੋ ਤੇ ਆਪਣੇ ਇਲਾਜ ਲਈ ਡਾਕਟਰਾਂ ਦੀ ਮੱਦਦ ਲਓ ।

ਅਬੋਹਰ ਤੋਂ 10 ਕਿਲੋਮੀਟਰ ਦੂਰ ਸ਼ਹੀਦਾਂ ਵਾਲੀ ਵਿਖੇ ਨਾਗ ਦੇਵਤਾ ਪ੍ਰਗਟ ਹੋਇਆ। ਅਖਬਾਰਾਂ ਵਿੱਚ ਕਾਫੀ ਚਰਚਾ ਦਾ ਵਿਸ਼ਾ ਬਣਿਆ। ਸੱਪ ਉਸ ਸਮੇਂ ਦਿਖਾਈ ਦਿੱਤਾ ਜਦੋਂ ਉਹ ਝਾੜੀਆਂ ਦੀ ਸਫਾਈ ਕਰ ਰਹੇ ਸਨ।

ਪੜਤਾਲ ਲਈ ਪ੍ਰਧਾਨ ਗਣਪਤ ਰਾਮ, ਸੀਤਾ ਰਾਮ ਚੂਹੜੀਵਾਲਾ, ਜੱਗਾ ਰਾਮ ਆਦਿ ਗਏ। ਪੜਤਾਲ ਕਰਨ ਤੋਂ ਪਤਾ ਲੱਗਾ ਕਿ ਸੱਪ ਅੰਨ੍ਹਾ ਹੈ। ਰੀੜ ਦੀ ਹੱਡੀ ਟੁੱਟੀ ਹੋਈ ਸੀ। ਜਦੋਂ ਸੱਪ ਨਿਕਲਦਾ ਤਾਂ ਪਾਣੀ ਪਾ ਕੇ ਸੋਟੀ ਦਾ ਹੁੱਝਾ ਮਾਰ ਕੇ ਕੱਢਿਆ ਜਾਂਦਾ ਸੀ। ਹਰ ਰੋਜ ਚਾਰ ਪੰਜ ਹਜਾਰ ਦਾ ਚੜਾਵਾ ਆਉਣ ਲੱਗ ਪਿਆ ਸੀ । ਸੱਪ ਅੱਗੇ ਦੁੱਧ ਰੱਖਿਆ ਜਾਂਦਾ ਸੀ। ਸਰਪੰਚ ਮੂਲ ਚੰਦ ਨਾਲ ਗੱਲਬਾਤ ਕੀਤੀ। ਇਸ ਪਖੰਡ ਨੂੰ ਬੰਦ ਕਰਵਾਇਆ। ਦੋ ਦਿਨਾਂ ਬਾਅਦ ਸੱਪ ਮਰ ਗਿਆ। ਇਕੱਠੇ ਹੋਏ ਲੋਕਾਂ ਨੂੰ ਸਮਝਾਇਆ ਕਿ ਕੋਈ ਚਮਤਕਾਰ ਨਹੀਂ। ਇਹ ਇਹਨਾਂ ਚਲਾਕ ਲੋਕਾਂ ਦੀ ਕਾਢ ਨੇ ਅੰਨੇ ਸੱਪ ਦੀ ਰੀਡ ਦੀ ਹੱਡੀ ਤੋੜ ਕੇ ਚਮਤਕਾਰੀ ਸੱਪ ਬਣਾਇਆ ਹੈ।

- ਜਗਦੀਸ਼ ਕੁਮਾਰ ਕਿੱਕਰ ਖੇੜਾ
ਸਕੱਤਰ ਇਕਾਈ ਅਬੋਹਰ ।

ਇਕਾਈ ਰੋਪੜ : (ਤਰਕਸ਼ੀਲ ਚੇਤਨਾਂ ਕ਼ਾਫਲਾ)

ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢਕੇ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ ਲਈ 'ਤਰਕਸ਼ੀਲ ਲਹਿਰ ਦੇ ਬਾਨੀ ਡਾ. ਇਬਰਾਹੀਮ ਟੀ. ਕਾਵੂਰ ਦੇ 100 ਵੇਂ ਜਨਮ ਦਿਨ ਨੂੰ ਸਮਰਪਤ ਅਤੇ 23 ਮਾਰਚ ਦੇ ਸ਼ਹੀਦਾਂ ਦਾ ਸੁਨੇਹਾ ਘਰ ਘਰ ਪਹੁੰਚਾਉਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਰੋਪੜ ਇਕਾਈ ਵੱਲੋਂ 22 ਮਾਰਚ ਨੂੰ ਇੱਕ ਤਰਕਸ਼ੀਲ ਚੇਤਨਾਂ ਕਾਫਲਾ ਨੂਰਪੁਰ ਬੇਦੀ ਦੇ ਬਲਾਕ ਦੇ ਪਿੰਡ ਮਾਧੋਪੁਰ ਤੋਂ ਤੋਰਿਆ। ਬੈਨਰਾਂ ਅਤੇ ਚਾਰਟਾਂ ਨਾਲ ਸਜਾਈ ਟਰੈਕਟਰ ਟਰਾਲੀ ਬਹਿਜਾ ਬਹਿਜਾ ਕਰਦੀ ਸੀ ਜਿਸ ਤੇ ਸਾਊਂਡ ਵੀ ਫਿੱਟ ਕੀਤੀ ਹੋਈ ਸੀ ਅਤੇ ਸਟੇਜ ਵੀ ਟਰਾਲੀ ਦੀ ਹੀ ਸੀ ।

ਕਾਮਰੇਡ ਸ਼ਹੀਦ ਕਰਤਾਰ ਚੰਦ ਮਾਧੋਪੁਰ ਦੀ ਸ਼ਹੀਦੀ ਸਮਾਰਕ ਤੇ ਦੋ ਮਿੰਟ ਦਾ ਮੋਨ ਧਾਰਨ ਉਪਰੰਤ 'ਇਨਕਲਾਬ ਜਿੰਦਾਬਾਦ ', "23 ਮਾਰਚ ਦੇ ਸ਼ਹੀਦਾਂ ਨੂੰ ਲਾਲ ਸਲਾਮ ", ਤਰਕਸ਼ੀਲ ਸੁਸਾਇਟੀ ਪੰਜਾਬ ਜਿੰਦਾਬਾਦ, ਸ਼ਹੀਦੋ ਥੋੜੀ ਸੋਚ ਤੇ ਪਹਿਰਾਂ, ਦਿਆਂਗੇ ਠੋਕ ਕੇ, " ਸ਼ਹੀਦੋ ਥੋਨੂੰ ਲਾਲ ਸਲਾਮ ", "23 ਮਾਰਚ ਦੇ ਸ਼ਹੀਦਾਂ ਦਾ ਪੈਗਾਮ,ਜਾਰੀ ਰੱਖਣਾ ਹੈ ਸੰਗਰਾਮ, " ਅਤੇ "ਕਾਮਰੇਡ ਸ਼ਹੀਦ ਕਰਤਾਰ ਚੰਦ ਅਮਰ ਰਹੇ " ਆਦਿ ਇਨਕਲਾਬੀ ਨਾਅਰਿਆਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਸ੍ਰੀ ਭੋਲਾ ਨਾਥ ਸੋਨੀ,ਸਾਬਕਾ ਪ੍ਰਧਾਨ ਯੂਥ ਕਲੱਬ, ਮਾਧੋਪੁਰ ਨੇ ਜਾਦੂ ਦੀ ਮੋਮਬੱਤੀ ਜਲਾਕੇ ਪ੍ਰੋਗਰਾਮ ਦਾ ਉਦਘਾਟਨ ਕੀਤਾ ਅਤੇ ਰੋਪੜ ਇਕਾਈ ਦੇ ਮੀਤ ਪ੍ਰਧਾਨ ਸ੍ਰੀ ਮੋਹਨ ਡੱਲਾ ਨੇ ਮੋਮਬੱਤੀ ਦਾ ਗਲੁਦਸਤਾ ਬਣਾ ਕੇ ਸੋਨੀ ਜੀ ਨੂੰ ਭੇਟ ਕੀਤਾ। ਸ੍ਰੀ ਸੋਨੀ ਜੀ ਨੇ 150 ਰੁਪਏ ਦੀ ਆਰਥਿਕ ਮੱਦਦ ਕਰਕੇ ਕਾਫਲੇ ਦੀ ਹੌਂਸਲਾਂ ਅਫਜਾਈ ਵੀ ਕੀਤੀ।

25-30 ਮੈਂਬਰਾਂ ਦਾ ਇਹ ਕਾਫਲਾ ਸਕੂਟਰ ਮੋਟਰ ਸਾਈਕਲਾਂ ਉਤੇ ਅਗਲੇ ਪੜਾਅ ਪਿੰਡ ਭੱਟੋ ਲਈ ਰਵਾਨਾ ਹੋਇਆ ਜੋ ਕਿ ਪਿੰਡ ਆਬੂਆਵਣਾ-ਨੰਗਲ ਅਤੇ ਬਾਰੂੜ ਵਿੱਚੋਂ ਹੁੰਦਾ ਹੋਇਆ ਪੁੱਜਾ ਅਤੇਭੱਟੋ ਤੋਂ ਮਗਰੋਂ ਪਿੰਡ ਭੋਗੀਪੁਰ ਅਤੇ ਆਖਰੀ ਪੜਾਅ ਪਿੰਡ ਸਰਥਲੀ ਵਿਖੇ ਸੀ। ਲੱਗਭੱਗ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਕਾਫਲੇ ਨੇ ਚਾਰ ਪਿੰਡਾਂ ਵਿੱਚ ਪ੍ਰੋਗਰਾਮ ਦਿੱਤੇ। ਸ੍ਰੀ ਮੋਹਨ ਸਿੰਘ ਡੱਲਾ ਜਾਦੂ ਦੇ ਟ੍ਰਿਕਾ ਰਾਹੀ ਲੋਕਾਂ ਨੂੰ ਹੈਰਾਨ ਕਰਦਾ ਰਿਹਾ। ਲੋਕ ਮੋਰਚਾ ਪੰਜਾਬ ਇਕਾਈ ਅਨੰਦਪੁਰ ਦੇ ਜਨਰਲ ਸਕੱਤਰ ਸ੍ਰੀ ਜਸਵੰਤ ਸਿੰਘ ਅਤੇ ਸਰਬ ਭਾਰਤ ਨੌਜਵਾਨ ਸਭਾ ਬਲਾਕ ਬਲਾਕ ਨੂਰਪੁਰ ਬੇਦੀ ਦੇ ਸਕੱਤਰ ਸ੍ਰੀ ਦਵਿੰਦਰ ਸਰਥਲੀ ਨੇ 23 ਮਾਰਚ ਦੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕਰਦੇ ਹੋਏ ਇਸ ਲੋਕ ਦੋਖੀ ਪ੍ਰਬੰਧ ਨੂੰ ਬਦਲਣ ਲਈ ਸੰਘਰਸ਼ਾਂ ਦੇ ਰਾਹ ਪੈਣ ਦਾ ਸੱਦਾ ਦਿੱਤਾ। ਖਰੜ ਇਕਾਈ ਦੇ ਪ੍ਰਧਾਨ ਸ੍ਰੀ ਗੁਰਮੀਤ ਸਿੰਘ ਅਤੇ ਰੋਪੜ ਇਕਾਈ ਦੇ ਜਨਰਲ ਸਕੱਤਰ ਸ੍ਰੀ ਪਵਨ ਕੁਮਾਰ ਰੱਤੋਂ ਨੇ ਵਹਿਮਾਂ ਭਰਮਾਂ ਨੂੰ ਛੱਡਕੇ ਵਿਗਿਆਨਕ ਸੋਚ ਅਪਨਾਉਣ ਸੰਬੰਧੀ ਵਿਚਾਰ ਪੇਸ਼ ਕੀਤੇ। ਕਾਮਰੇਡ ਕਰਤਾਰ ਚੰਦ ਦੀ ਪਤਨੀ ਸ੍ਰੀ ਮਤੀ ਰੇਸ਼ਮ ਕੌਰ ਨੇ ਵੀ ਪ੍ਰਣ ਕੀਤਾ ਕਿ ਉਹ ਇਨਕਲਾਬੀ ਜੰਗ ਵਿੱਚ ਆਪਣਾ ਯੋਗਦਾਨ ਪਾਉਂਦੀ ਰਹੇਗੀ।

ਲੋਕਾਂ ਨੇ ਪ੍ਰੋਗਰਾਮ ਨੂੰ ਭਰਪੂਰ ਹੁੰਗਾਰਾ ਦਿੰਦੇ ਹੋਏ ਬਹੁਤ ਹੀ ਦਿਲਚਸਪੀ ਨਾਲ ਵੇਖੇ ਅਤੇ ਆਰਥਿਕ ਮੱਦਦ ਦੇ ਨਾਲ ਨਾਲ ਲੰਗਰ/ਚਾਹ ਪਾਣੀ ਦੀ ਸੇਵਾ ਵੀ ਤਨੋ ਮਨੋ ਕੀਤੀ ਅਤੇ ਤਰਕਸ਼ੀਲ ਸਾਹਿਤ ਵੀ ਲੋਕਾਂ ਨੇ ਖਰੀਦਿਆ ।

ਪਿੰਡ ਮਾਧੋਪੁਰ ਦੇ ਕਾਮਰੇਡ ਕਰਮਚੰਦ ਅਤੇ ਯੂਥ ਕਲੱਬ ਦੇ ਪ੍ਰਧਾਨ ਸਵਰਨ ਸਿੰਘ ਮੰਗੂ ਦਾ ਰੋਲ ਵੀ ਸਲਾਘਾਯੋਗ ਰਿਹਾ।

ਸਟੇਜ ਸੰਚਾਲਨ ਜੋਨ ਆਰਗੇਨਾਈਜਰ ਸ੍ਰੀ ਅਜੀਤ ਪ੍ਰਦੇਸੀ ਵੱਲੋਂ ਵਧੀਆ ਢੰਗ ਨਾਲ ਚਲਦਾ ਰਿਹਾ।

ਸਮੁੱਚੇ ਰੂਪ ਵਿੰਚ ਤਰਕਸ਼ੀਲ ਚੇਤਨਾ ਕਾਫਲਾ ਵਿਗਿਆਨਕ ਸੋਚ ਦੀ ਇਨਕਲਾਬੀ ਜਾਗ ਲਾਉਣ ਵਿੱਚ ਕਾਫੀ ਸਫਲ ਰਿਹਾ ।

ਅਜੀਤ ਪ੍ਰਦੇਸੀ, ਜੋਨ ਆਰਗੇਨਾਈਜਰ

ਇਕਾਈ ਰਾੜਾ ਸਾਹਿਬ : -

1. ਤਰਕਸ਼ੀਲ ਸੁਸਾਇਟੀ ਪੰਜਾਬ ਦੀ ਰਾੜਾ ਸਾਹਿਬ ਇਕਾਈ ਵੱਲੋਂ ਸੁਸਾਇਟੀ ਦੇ ਪ੍ਰਚਾਰ ਸੰਬੰਧੀ ਕਿਲਾ ਹਾਂਸ, ਘਲੋਟੀ, ਕਰਮਸਰ ਕਾਲਜ, ਬਿਲਾਸਪੁਰ,ਲਾਪਰਾਂ, ਕਟਾਹਰੀ, ਕੂਹਲੀ ਖੁਰਦ ਆਦਿ ਸਕੂਲਾਂ ਵਿੱਚ ਜਾਦੂ ਦੇ ਟ੍ਰਿਕ ਪੇਸ਼ ਕੀਤੇ ਗਏ। ਵਿਦਿਆਰਥੀਆਂ ਦੇ ਵਹਿਮਾਂ ਭਰਮਾਂ ਦੇ ਸੁਆਲ ਦਲੀਲਾਂ ਨਾਲ ਦਿੱਤੇ ਗਏ ਅਤੇ ਪਿੰਡਾ 'ਚ ਅਨਾਊਂਸਮੈਂਟ ਕਰਾਕੇ ਸੁਸਾਇਟੀ ਦੇ ਪ੍ਰਚਾਰ, ਚੈਲਿੰਜ ਅਤੇ ਤਰਕਸ਼ੀਲ ਸਾਹਿਤ ਦੀ ਜਾਣਕਾਰੀ ਦਿੱਤੀ ਗਈ ।

ਟੀਮ ਪ੍ਰਧਾਨ ਰਘਵੀਰ ਜੀਰਖ, ਖਜਾਨਚੀ ਰਾਜਵੀਰ ਘਲੋਟੀ ਤੇ ਹੋਰ ਸਾਥੀ ਮੈਂਬਰਾਂ ਨੇ ਜਾਦੂ ਦੇ ਟ੍ਰਿਕ ਪੇਸ਼ ਕੀਤੇ।

ਪ੍ਰਚਾਰ ਰਾਜਵੀਰ ਘਲੋਟੀ ਨੇ ਕੀਤਾ।

2. ਬੀਤੇ ਦਿਨ ਰਾੜਾ ਸਾਹਿਬ ਵਿੱਚ ਇੱਕ ਯੋਗੀ ਆਇਆ ਜੋ ਲੋਕਾਂ ਨੂੰ ਜਾਦੂ ਮੰਤਰ ਦੇ ਨਾਂ ਤੇ ਗੁੰਮਰਾਹ ਕਰਕੇ ਕਹਿ ਰਿਹਾ ਸੀ ਕਿ ਮੈਂ ਆਪਣੀ ਗੈਬੀ ਸ਼ਕਤੀ ਨਾਲ ਜੋ ਕੁੱਝ ਚਾਹਾਂ ਉਹੀ ਕਰ ਸਕਦਾ ਹਾਂ। ਲੋਕਾਂ ਨੇ ਉਸਨੂੰ ਫੜਕੇ ਰਘਵੀਰ ਜੀਰਖ ਜੋ ਕਿ ਰਾੜਾ ਸਾਹਿਬ ਇਕਾਈ ਦਾ ਪ੍ਰਧਾਨ ਹੈ ਦੀ ਦੁਕਾਨ ਤੇ ਲਿਆਂਦਾ। ਸੁਣਦਿਆਂ-ਸੁਣਦਿਆਂ ਹੀ ਇਸੇ ਮੌਕੇ ਖਜਾਨਚੀ ਰਾਜਵੀਰ ਘਲੋਟੀ ਪਹੁੰਚਿਆਂ,ਜਿਨ੍ਹਾਂ ਨੇ ਮਿਲਕੇ ਚੈਲਿੰਜ ਕੀਤਾ ਅਤੇ ਉਸਨੂੰ ਕਿਹਾ ਕਿ ਤੂੰ ਭਰੇ ਇਕੱਠ ਵਿੱਚ ਸਾਡਾ ਕੋਈ ਵੀ ਨੁਕਸਾਨ ਕਰਕੇ ਦਿਖਾ। ਜਦੋਂ ਲੋਕਾਂ ਦੇ ਇਕੱਠ ਸਮੇਤ ਤਰਕਸ਼ੀਲ ਤੇ ਬਾਬਾ, ਰਾੜਾ ਸਾਹਿਬ ਦੇ ਮੁੱਖ ਬੱਸ਼ ਅੱਡੇ ਤੇ ਪਹੁੰਚੇ ਤਾਂ ਉਥੇ ਲੋਕਾਂ ਦਾ ਭਰਵਾਂ ਇਕੱਠ ਹੋ ਗਿਆ। ਲੋਕਾਂ ਦੇ ਇਕੱਠ ਨੂੰ ਦੇਖ ਕੇ ਬਾਬਾ ਭੱਜਣ ਲੱਗਾ ਤਾਂ ਲੋਕਾਂ ਨੇ ਉਸਨੂੰ ਲਲਕਾਰ ਕੇ ਤਰਕਸ਼ੀਲਾ ਨਾਲ ਮੱਥਾ ਲਾਉਣ ਨੂੰ ਕਿਹਾ। ਪਰ ਬਾਬਾ ਮੌਕੇ ਤੇ ਮਾਫੀ ਮੰਗ ਗਿਆ ਜਿਸ ਦੀ ਰਾੜਾ ਸਾਹਿਬ ਇਲਾਕੇ ਵਿੱਚ ਕਾਫੀ ਚਰਚਾ ਹੈ ।

ਇਕਾਈ ਬਰੇਟਾ :-

ਪ੍ਰੋਗਰਾਮ : ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਯਾਦ ਵਿੱਚ ਵਿਸ਼ਾਲ ਤਰਕਸ਼ੀਲ ਮੇਲਾ।

ਮਿਤੀ : 14-3-97 ਸਥਾਨ : ਅਨਾਜ ਮੰਡੀ ਬਰੇਟਾ

ਸਹਿਯੋਗ : ਭਾਰਤੀ ਕਿਸਾਨ ਯੂਨੀਅਨ (ਏਕਤਾ) , ਇਨਕਲਾਬੀ ਕੇਂਦਰ ਪੰਜਾਬ ।

ਤਕਰੀਰ : ਮਾ. ਰਜਿੰਦਰ ਭਦੌੜ ।

ਨਾਟਕ ਅਤੇ ਕੋਰੀਓਗਰਾਫੀਆਂ : ਚੇਤਨਾਂ ਮੰਚ ਚਮਕੌਰ ਸਾਹਿਬ ।

ਗੀਤ ਸੰਗੀਤ ਅਤੇ ਤਰਕਸ਼ੀਲ ਬੋਲੀਆਂ ਤੇ ਅਧਾਰਤ ਗਿੱਧਾ : ਮਾਲਵਾ ਯੁਵਕ ਕਲਾ ਮੰਚ ਲਹਿਰਾਗਾਗਾ।

ਤਰਕਸ਼ੀਲ ਪ੍ਰਦਰਸ਼ਨੀ : ਰੇਸ਼ਮ ਸਿੰਘ ਬਰਗਾੜੀ ।

ਤਰਕਸ਼ੀਲ ਟ੍ਰਿਕ : ਦਰਸ਼ਨ ਕੁਮਾਰ, ਹਰਬੰਸ ਲਾਲ ਅਤੇ ਹੋਰ ਸਾਥੀ ।

ਮੰਚ ਸੰਚਾਲਨ : ਮਾ. ਅਸ਼ਵਨੀ ਖੁਡਾਲ ।

ਪ੍ਰੋਗਰਾਮਾਂ ਵਿੱਚ ਸ਼ਮੂਲੀਅਤ

ਮਿਤੀ : 9-3-98, ਪਿੰਡ ਮੰਡੇਰ

ਤਕਰੀਰ :ਵੈਦ ਬਲਬੀਰ ਸਿੰਘ ਅਤੇ ਮਾ. ਅਸ਼ਵਨੀ ਖੁਡਾਲ ।

ਟ੍ਰਿਕ : ਹਰਬੰਸ ਲਾਲ ਅਤੇ ਵੈਦ ਦਰਸ਼ਨ ਕੁਮਾਰ ।

ਮਿਤੀ : 15-3-98, ਪਿੰਡ ਗੋਰਖਨਾਥ ਪੁਰ ।

ਤਕਰੀਰ : ਮਾ. ਅਸ਼ਵਨੀ ਖੁਡਾਲ ।

ਟ੍ਰਿਕ : ਹਰਬੰਸ ਲਾਲ , ਵੈਦ ਦਰਸ਼ਨ ਕੁਮਾਰ ਅਤੇ ਸਾਥੀ ।

ਮਿਤੀ : 2-4-98, ਪਿੰਡ ਖੁਡਾਲ ਕਲਾਂ ।

ਤਕਰੀਰ : ਮਾ. ਅਸ਼ਵਨੀ ਖੁਡਾਲ ।

ਟ੍ਰਿਕ : ਹਰਬੰਸ ਲਾਲ, ਵੈਦ ਦਰਸ਼ਨ ਕੁਮਾਰ ਅਤੇ ਸਾਥੀ ।

ਰਿਪੋਟਰ : ਵੈਦ ਦਰਸ਼ਨ ਕੁਮਾਰ।

ਇਕਾਈ ਫਗਵਾੜਾ :

ਤਰਕਸ਼ੀਲਾਂ ਨੇ ਬਰਮੀ ਦਾ ਸਫਾਇਆ ਕੀਤਾ ।

1. ਇੱਕ ਅੰਮ੍ਰਿਤਧਾਰੀ ਪਰਿਵਾਰ ਸੁਸਾਇਟੀ ਦੇ ਸੰਪਰਕ ਵਿੱਚ ਆਇਆ । ਜੋ ਕਿ ਆਪ ਤਾਂ ਵਹਿਮਾਂ ਭਰਮਾਂ ਨੂੰ ਮੰਨਣ ਤੋਂ ਇਨਕਾਰੀ ਹੈ, ਪਰ ਸਿਉਂਕ ਦੀ ਬਣਾਈ ਹੋਈ ਬਰਮੀ ਪੁੱਟਣ ਤੋਂ ਡਰਦਾ ਹੈ। ਜਿਸ ਨੂੰ ਪੁੱਟਣ ਲਈ ਸੁਸਾਇਟੀ ਮੈਂਬਰਾਂ ਨੂੰ ਕਿਹਾ। ਸੁਸਾਇਟੀ ਦੀ ਫਗਵਾੜਾ ਇਕਾਈ ਦੇ ਕੁੱਝ ਮੈਂਬਰ ਸਾਥੀ ਸੁਰਿੰਦਰ ਪੱਦੀ, ਬਲਬੀਰ ਦੁਸਾਂਝ, ਗੁਰਦੀਪ ਸਿੰਘ ਅਤੇ ਸੁਖਰਾਮ ਨੇ ਇਕੱਠੇ ਹੋ ਕੇ ਸੰਬੰਧਤ ਪਰਿਵਾਰ ਦੀ ਜਮੀਨ 'ਚੋਂ ਜੋ ਕਿ ਬਿਲਗਾ ਦੇ ਨੇੜੇ ਪਿੰਡ ਰੂਪੋਵਾਲ ਹੈ,ਬਰਮੀ ਦਾ ਸਫਾਇਆ ਕਰਨ ਦਾ ਕੰਮ ਸ਼ੁਰੂ ਕੀਤਾ। ਪਰ ਬਰਮੀ ਇੰਨੀ ਵੱਡੀ ਸੀ ਕਿ ਇਸ ਨੂੰ ਇੱਕ ਵਾਰ 'ਚ ਪੁੱਟਿਆਂ ਨਹੀਂ ਸੀ ਜਾ ਸਕਦਾ। ਮਿਤੀ 28-5-98 ਨੂੰ ਫਿਰ ਹੋਰ ਸੁਸਾਇਟੀ ਮੈਂਬਰ ਸਾਥੀ ਜਸਵਿੰਦਰ ਸਿੰਘ, ਸ਼ਾਮ ਲਾਲ, ਬਲਬੀਰ ਸਰਹਾਲ, ਨੇ ਇਸ ਬਰਮੀ ਨੂੰ ਇਕੱਠੇ ਹੋ ਕੇ ਜੜ੍ਹੋਂ ਪੁੱਟ ਦਿੱਤਾ। ਤਾਂ ਸੰਬੰਧਤ ਪਰਿਵਾਰ ਦੇ ਮੈਂਬਰਾਂ ਜਿੱਥੇ ਸੁਸਾਇਟੀ ਮੈਂਬਰਾਂ ਦਾ ਧੰਨਵਾਦ ਕੀਤਾ ਉਥੇ ਅਸੀਂ ਹੈਰਾਨ ਸੀ ਕਿ ਗੁਰੂ ਗੋਬਿੰਦ ਸਿੰਘ ਅਤੇ ਬਾਬੇ ਨਾਨਕ ਦੀ ਫਿਲਾਸਫੀ ਦੇ ਪੈਰੋਕਾਰ ਐਨੇ ਵਹਿਮੀ ਅਤੇ ਡਰੂ ਕਿਉਂ ਹੋ ਗਏ ਹਨ ? ਸੁਸਾਇਟੀ ਦੀ ਇਸ ਸਰਗਰਮੀ ਦੀ ਫਿਲੌਰ ਇਲਾਕੇ ਵਿੱਚ ਬਹੁਤ ਚਰਚਾ ਹੋ ਰਹੀ ਹੈ। ਲੋਕ ਕਹਿ ਰਹੇ ਹਨ , ਜਿਨ੍ਹਾਂ ਬਰਮੀਆਂ ਤੇ ਲੋਕ ਕੱਚੀਆਂ ਲੱਸੀਆਂ ਪਾ ਕੇ ਅਤੇ ਧੂਫ ਬੱਤੀਆਂ ਕਰਕੇ ਨਾਗ ਦੇਵਤਿਆਂ ਦੀ ਪੂਜਾ ਕਰਦੇ ਸਨ। ਇਹ ਬਰਮੀਆਂ ਤਰਕਸ਼ੀਲਾਂ ਦੇ ਸਾਹਮਣੇ ਸ਼ਕਤੀਹੀਣ ਕਿਵੇਂ ਹੋ ਗਈਆਂ ਨੇ। ਸੰਬੰਧਤ ਪ੍ਰੀਵਾਰ ਨੇ ਇਸ ਖੁਸ਼ੀ ਵਿੱਚ ਸਥਾਨਕ ਇਕਾਈ ਨੂੰ 900/-ਰੁਪਏ ਸਹਾਇਤਾ ਵਜੋਂ ਦਿੱਤੇ।

2.ਫਗਵਾੜਾ ਇਕਾਈ ਵੱਲੋਂ ਸਥਾਨਕ ਹਮਖਿਆਲ ਜਨਤਕ ਜੱਥੇਬੰਦੀਆਂ ਨਾਲ ਪਹਿਲੀ ਮਈ ਨੂੰ ਮਜਦੂਰ ਦਿਵਸ ਮਨਾਇਆ ਗਿਆ। ਜਿਸ ਵਿੱਚ ਸਥਾਨਕ ਇਕਾਈ ਵੱਲੋਂ ਜਸਵਿੰਦਰ ਸਿੰਘ ਜਨਰਲ ਸਕੱਤਰ ਅਤੇ ਘਣਸ਼ਾਮ ਪ੍ਰਧਾਨ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਮਜਦੂਰਾਂ ਨੂੰ ਆਪਣੀ ਤਕਦੀਰ ਆਪ ਬਣਾਉਣ ਲਈ ਜਿੰਦਗੀ ਪ੍ਰਤੀ ਵਿਗਿਆਨਕ ਦ੍ਰਿਸਟੀਕੋਣ ਅਪਨਾਉਣ ਦੀ ਲੋੜ ਉਤੇ ਜੋਰ ਦਿੱਤਾ। ਜਿੰਦਗੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਬਾਬਿਆਂ ਸੰਤਾਂ ਦੇ ਚੁੰਗਲ 'ਚ ਫਸਣ ਦੀ ਬਜਾਇ ਸੰਘਰਸ਼ਾਂ ਤੇ ਟੇਕ ਰੱਕਣ ਦੀ ਅਪੀਲ ਕੀਤੀ।

-ਬਲਬੀਰ ਸਿੰਘ ਦੁਸਾਂਝ, ਇਕਾਈ ਫਗਵਾੜਾ ।

ਇਕਾਈ ਰਾਮਪੁਰਾ ਫੂਲ : (ਤਰਕਸ਼ੀਲ ਮੇਲਾ)

ਮਿਤੀ : 14-3-98, ਸਥਨ : ਜੇਠੂਕੇ (ਬਠਿੰਡਾ)

ਬੁਲਾਰਾ : ਮਾ. ਰਜਿੰਦਰ ਭਦੌੜ ।

ਨਾਟਕ ਟੀਮ : ਆਰਟ ਸੈਂਟਰ ਸਮਰਾਲਾ ।

ਮਲਵਈ ਗਿੱਧਾ : ਸਿੱਧੂ ਸਪੋਰਟਸ ਅਤੇ ਕਲਾ ਕੇਂਦਰ ਕਲਿਆਣ ਮੱਲਕਾ।

ਮੈਜਿਕ : ਜੰਟਾ ਸਿੰਘ, ਜਗਦੇਵ ਸਿੰਘ, ਭੀਮ ਸੈਣ ਅਤੇ ਭੋਲਾ ਸਿੰਘ ।

ਸਹਾਇਤਾ : ਅਜੈਬ ਸਿੰਘ ਭਾਈਕਾ ਵੱਲੋਂ ਆਪਣੇ ਪੁੱਤਰ ਜਸਬੀਰ ਸਿੰਘ ਦੇ ਵਿਆਹ ਦੀ ਖੁਸ਼ੀ ਵਿੱਚ ਇਕਾਈ ਨੂੰ 100 ਰੁਪਏ ਸਹਾਇਤਾ ।

- ਮਾ. ਸੁਰਿੰਦਰ ਰਾਮਪੁਰਾ।

ਇਕਾਈ ਮੋਗਾ :-

1. 27-4-98 ਨੂੰ ਦਸ਼ਮੇਸ਼ ਪਬਲਿਕ ਸਕੂਲ ਮੋਗਾ ਵਿਖੇ 300 ਬੱਚਿਆਂ ਤੇ ਮਾਪਿਆ ਦੀ ਹਾਜਰੀ ਵਿੱਚ ਮੈਜਿਕ ਟ੍ਰਿਕ,ਸ਼ੋਅ ਅਤੇ ਵਹਿਮਾਂ ਭਰਮਾਂ ਬਾਰੇ ਜਾਣਕਾਰੀ ਦਿੱਤੀ ਗਈ।

ਮੈਜਿਕ ਟ੍ਰਿਕ ਸ਼ੋਅ : ਸਾਇੰਸ ਮਾਸਟਰ ਇਕਬਾਲ ਸਿੰਘ ।

ਭਾਸ਼ਨ : ਇਕਬਾਲ ਸਿੰਘ ਤੇ ਸੰਤੋਖ ਸਿੰਘ ।

ਪੁਸਤਕ ਪ੍ਰਦਰਸ਼ਨੀ : ਦਲਜੀਤ ਸਿੰਘ,ਜਗਦੇਵ ਸਿੰਘ ਤੇ ਜਸਵੀਰ ਸਿੰਘ।

2. 28-4-98 ਨੂੰ ਮਾਤਾ ਹਰ ਕੌਰ ਮੈਮੋਰੀਅਲ ਸਕੂਲ ਮੋਗਾ ਵਿਖੇ 250 ਬੱਚੇ ਤੇ ਅਧਿਆਪਕ ।

ਮੈਜਿਕ ਟ੍ਰਿਕ ਸ਼ੋਅ : ਮਾ. ਇਕਬਾਲ ਸਿੰਘ ।

ਭਾਸ਼ਨ : ਮਾ. ਇਕਬਾਲ ਸਿੰਘ ਤੇ ਸੰਤੋਖ ਸਿੰਘ ।

ਪੁਸਤਕ ਪ੍ਰਦਰਸਨੀ : ਜਗਦੇਵ ਸਿੰਘ ।

3. 29-4-98 ਨੂੰ ਬਲਜਿੰਦਰ ਪਬਲਿਕ ਸਕੂਲ ਸ਼ਾਮ ਲਾਲ ਚੌਂਕ ਮੋਗਾ, 300 ਬੱਚੇ ਅਤੇ ਅਧਿਆਪਕ ।

ਜਾਦੂ ਟ੍ਰਿਕ ਸ਼ੋਅ : ਮਾ. ਇਕਬਾਲ ਸਿੰਘ ।

ਭਾਸ਼ਨ : ਸੰਤੋਖ ਸਿੰਘ ਤੇ ਮਾ. ਇਕਬਾਲ ਸਿੰਘ ।

ਪੁਸਤਕ ਪ੍ਰਦਰਸਨੀ : ਦਲਜੀਤ ਸਿੰਘ ਤੇ ਡਾ. ਕੇਵਲ ਕ੍ਰਿਸ਼ਨ ।

4. 1-5-98 ਨੂੰ ਨੈਸਲੇ ਇੰਪਲਾਈਜ ਯੂਨੀਅਨ ਵੱਲੋਂ ਕਰਵਾਏ ਗਏ ਸਮਾਗਮ ਵਿੱਚ ।

ਜਾਦੂ ਟ੍ਰਿਕ ਸ਼ੋਅ : ਸਾਇੰਸ ਮਾਸਟਰ ਇਕਬਾਲ ਸਿੰਘ ।

ਭਾਸ਼ਨ: ਮਾਸਟਰ ਇਕਬਾਲ ਸਿੰਘ ।

ਪੁਸਤਕ ਪ੍ਰਦਰਸ਼ਨੀ : ਮਨਪ੍ਰੀਤ ਸਿੰਘ, ਜਗਦੇਵ ਸਿੰਘ, ਜਸਵੀਰ ਸਿੰਘ, ਦਲਜੀਤ ਸਿੰਘ ।

5. 9-5-98 ਨੂੰ ਦੇਵ ਸਮਾਜ ਸੀ.ਸੈ. ਸਕੂਲ ਮੋਗਾ ਵਿਖੇ ।

ਜਾਦੂ ਟ੍ਰਿਕ ਸ਼ੋਅ : ਇਕਬਾਲ ਸਿੰਘ ।

ਭਾਸ਼ਨ : ਸੰਤੋਖ ਸਿੰਘ ਤੇ ਇਕਬਾਲ ਸਿੰਘ ।

ਪੁਸਤਕ ਪ੍ਰਦਰਸ਼ਨੀ : ਜਗਦੇਵ ਸਿੰਘ ਤੇ ਦਲਜੀਤ ਸਿੰਘ ।

- ਇਕਬਾਲ ਸਿੰਘ ਸਾਇੰਸ ਮਾਸਟਰ ।

ਇਕਾਈ ਧੂਰੀ :

1. ਸਥਾਨ : ਘਨੌੜ ਰਾਜਪੂਤਾਂ (ਸੰਗਰੂਰ)

ਵੱਲੋਂ : ਗੁਰੂ ਰਾਮਦਾਸ ਯੁਵਕ ਕਲੱਬ ਘਨੌੜ ਰਾਜਪੂਤਾਂ ।

ਪ੍ਰੋਗਰਾਮ : ਤਰਕਸ਼ੀਲ ਨਾਟਕ ਮੇਲਾ ।

ਨਾਟਕ: ਆਰਟ ਸੈਂਟਰ ਸਮਰਾਲਾ ਵੱਲੋਂ ਤਰਕਸ਼ੀਲ ਨਾਟਕ ਪੇਸ਼ ਕੀਤੇ ਗਏ ।

ਜਾਦੂ ਦੇ ਟ੍ਰਿੱਕ : ਸੁਖਦੇਵ ਧੂਰੀ, ਸੁਖਪਾਲ ਨੇ ਅੱਖਾਂ ਤੇ ਪੱਟੀ ਬੰਨ ਕੇ ਮੋਟਰ ਸਾਈਕਲ ਚਲਾਇਆ ।

2. ਸਥਾਨ : ਪਿੰਡ ਲਾਂਗੜੀਆਂ (ਸੰਗਰੂਰ)

ਵੱਲੋਂ : ਨਗਰ ਸੁਧਾਰ ਸਭਾ ਲਾਂਗੜੀਆਂ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਧੂਰੀ ।

ਪ੍ਰੋਗਰਾਮ : ਆਰਟ ਸੈਂਟਰ ਸਮਰਾਲਾ ਵੱਲੋਂ ਨਾਟਕ ਪੇਸ਼ ਕੀਤੇ ਗਏ ।

ਮੈਜਿਕ ਟ੍ਰਿਕ : ਸੁਖਦੇਵ ਧੂਰੀ , ਸਤਪਾਲ , ਮਨਜੀਤ ਸਿੰਘ ।

ਬੁਲਾਰੇ : ਰਤਨ ਭੰਡਾਰੀ, ਪਵਨ ਹਰਚੰਦਪੁਰੀ, ਤਰਸੇਮ ਧੂਰੀ ।

3. ਸਥਾਨ : ਪਿੰਡ ਈਸੀ (ਧੂਰੀ)

ਪ੍ਰੋਗਰਾਮ : ਪੇਂਡੂ ਖੇਡ ਮੇਲਾ ।

ਵੱਲੋਂ : ਬਾਬਾ ਮਾਲਾ ਜੀ ਸਪੋਰਟਸ ਕਲੱਬ ਈਸੀ ।

ਜਾਦੂ ਦੇ ਟ੍ਰਿੱਕ : ਸੁਖਦੇਵ ਧੂਰੀ, ਸਤਪਾਲ ।

ਬੁਲਾਰੇ : ਸੁਖਦੇਵ ਧੂਰੀ, ਤਰਸੇਮ ਸਿੰਘ ਧੂਰੀ ।

- ਲਖਵਿੰਦਰ ਪਾਲ, ਪ੍ਰੈਸ ਸਕੱਤਰ,
ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਧੂਰੀ

ਡਾਕਟਰ ਹਰੀਸ਼ ਮਲਹੋਤਰਾ ਨਾਲ ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਿਲਣੀ :-

ਵੈਨਕੂਵਰ : ਡਾਕਟਰ ਹਰੀਸ਼ ਮਲਹੋਤਰਾ ਬਰਮਿੰਘਮ, 6 ਅਪ੍ਰੈਲ ਤੋਂ 20 ਅਪ੍ਰੈਲ ਤੱਕ ਬੀਤੇ ਦਿਨੀ ਜਦ ਕਨੇਡਾ ਗਏ ਤਾਂ ਪੰਜਾਬੀ ਲੇਖਕ ਮੰਚ ਵੈਨਕੂਵਰ ਨਾਲ ਉਹਨਾਂ ਦੀਆਂ ਵੱਖ-ਵੱਖ ਦਿਨਾਂ ਨੂੰ ਤਿੰਨ ਮੀਟਿੰਗਾਂ ਹੋਈਆਂ। ਇਹਨਾਂ ਮੀਟਿੰਗਾਂ 'ਚ ਪੰਜਾਬੀ ਲੇਖਕ ਡਾਕਟਰ ਦਰਸ਼ਨ ਗਿੱਲ, ਸੁਖਵੰਤ ਹੁੰਦਲ, ਸੁਖਵੰਤ ਦੀਪਕ, ਅਮਰੀਕ ਸੱਲ, ਹਰਜੀਤ ਦੌਧਰੀਆ, ਸਾਧੂ ਬਿਨਿੰਗ, ਅਜਮੇਰ ਰੋਡੇ, ਗੁਰਚਰਨ ਰਾਮਪੁਰੀ, ਸਤਨਾਮ ਛੋਕਰ, ਸਰਬਜੀਤ ਹੁੰਦਲ,ਹਰੀਪਾਲ, ਜਗਜੀਤ ਸਿਬੀਆ, ਜਸਪਾਲ ਹੈਰੀ, ਬਲਦੇਵ ਚੂਹੜ, ਗੁਰਮੇਲ ਰਾਏ, ਮੰਗਾ ਬਾਸੀ,ਅਮਨਪਾਲ ਸਾਰਾ, ਜਰਨੈਲ ਸਿੰਘ ਸੇਖਾ,ਮਹਿੰਦਰ ਸੂਮਲ ਅਤੇ ਹਰਚੰਦ ਬਾਗੜੀ ਨੇ ਸ਼ਿਰਕਤ ਕੀਤੀ । ਹਰੀਸ਼ ਮਲਹੋਤਰਾ ਨੇ ਤਰਕਸ਼ੀਲ ਸੁਸਾਇਟੀ ਬਰਤਾਨੀਆਂ ਜਿਸਦੇ ਕਿ ਉਹ ਨੈਸ਼ਨਲ ਜਨਰਲ ਸਕੱਤਰ ਹਨ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਅਤੇ ਤਰਕਸ਼ੀਲ ਮੈਗਜੀਨ ਦੇ 22 ਪਾਠਕ ਬਣਾਏ ਅਤੇ ਤਰਕਸ਼ੀਲ ਸਾਹਿਤ ਵੀ ਵੇਚਿਆ। ਡਾਕਟਰ ਮਲਹੋਤਰਾ ਨੇ ਲੇਖਕ ਮੰਚ ਨੂੰ GURU BUSTERS ਗੁਰੂ ਬਸਟਰਜ ਫਿਲਮ 'ਗੋਰੀ ਧਰਤੀ ਮੇਰੇ ਲੋਕ ', 'ਨੈਤਿਕਤਾ ਅਤੇ ਤਰਕਸ਼ੀਲਤਾ ', ਅਤੇ RACISM IN BRITAIN ਦੀ ਇੱਕ ਇੱਕ ਕਾਪੀ ਭੇਂਟ ਕਰਨ ਤੋਂ ਇਲਾਵਾ ਆਪਣੇ ਡਾਕਟਰੇਟ ਦੇ ਥੀਸਿਜ਼ ਦੀ ਕਾਪੀ ਵੀ ਦਿੱਤੀ। ਪੰਜਾਬੀ ਲੇਖਕ ਮੰਚ ਵੈਨਕੂਵਰ ਨੇ ਆਪਣੀ ਕਿਤਾਬ ' ਮਨ ਪ੍ਰਦੇਸੀ ਜੇ ਥੀਐ ' ਭੇਂਟ ਕੀਤੀ। ਜਰਨੈਲ ਸਿੰਘ ਸੇਖਾਂ ਹੁਰਾਂ ਆਪਣਾ ਨਾਵਲ 'ਦੁਨੀਆਂ ਕੈਸੀ ਹੋਈ 'ਅਮਨਪਾਲ ਸਾਰਾ ਨੇ 'ਸਰਦ ਰਿਸ਼ਤੇ ' ਅਤੇ ਗੁਰਚਰਨ ਰਾਮਪੁਰੀ ਨੇ ਆਪਣੀ ਨਵੀਂ ਕੈਸਟ 'ਇਸ਼ਕ ਠੋਕਰ ਤੇ ਮੁਸਕਰਾਉਂਦਾ ਹੈ' ਭੇਂਟ ਕੀਤੀ।

ਬਰਤਾਨੀਆਂ ਦੀ ਤਰਕਸ਼ੀਲ ਸੁਸਾਇਟੀ ਦੀ ਮੀਟਿੰਗ ਲੈਸਟਰ ਵਿਖੇ ਹੋਈ

ਬਰਤਾਨੀਆਂ :- ਬੀਤੇ ਦਿਨ ਲੈਸਟਰ ਸ਼ਹਿਰ 'ਚ ਸਾਥੀ ਨਵਦੀਪ ਦੇ ਘਰ ਬਰਤਾਨੀਆਂ ਦੀ ਤਰਕਸ਼ੀਲ ਸੁਸਾਇਟੀ ਦੀ ਮੀਟਿੰਗ ਹੋਈ ਜੇਹਦੇ ਵਿੱਚ ਲੈਸਟਰ ਤੋਂ ਨਵਦੀਪ, ਸੀਤਲ ਗਿੱਲ, ਸੁੱਚਾ ਸਿੰਘ ਅਤੇ ਅਜੀਤ ਸੰਧੂ, ਕਵੈਂਟਰੀ ਤੋਂ ਹਰਭਜਨ ਸਿੰਘ ਵਿਰਕ, ਅੱਛਰ ਸਿੰਘ ਖਰਲਵੀਰ (ਪ੍ਰਧਾਨ), ਸੋਹਣ ਪਾਵਲਾ, ਮੋਹਨ ਮਾਨ ਅਤੇ ਬਰਮਿੰਘਮ ਤੋਂ ਅਵਤਾਰ ਤਾਰੀ, ਲਵਕੇਸ਼ ਪ੍ਰਾਸ਼ਰ, ਸਚਦੇਵ ਵਿਰਦੀ (ਖਜਾਨਚੀ) ਸੁਰਿੰਦਰ ਵਿਰਦੀ ਅਤੇ ਹਰੀਸ਼ ਮਲਹੋਤਰਾ (ਕੌਮੀ ਜਨਰਲ ਸਕੱਤਰ) ਨੇ ਹਿੱਸਾ ਲਿਆ। ਮੀਟਿੰਗ ਦੇ ਸ਼ੁਰੂ ਵਿੱਚ ਦੋ ਖੁਸ਼ੀ ਵਾਲੀਆਂ ਖਬਰਾਂ ਸਾਥੀਆਂ ਨਾਲ ਸਾਂਝੀਆਂ ਕੀਤੀਆਂ ਗਈਆਂ ਕਿ ਸ਼੍ਰੀ ਹਰੀਸ਼ ਮਲਹੋਤਰਾ ਨੇ ਬਰਮਿੰਗਮ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਪਾਸ ਕਰ ਲਈ ਹੈ ਅਤੇ ਸ਼੍ਰੀ ਸਚਦੇਵ ਵਿਰਦੀ ਹੁਰਾਂ ਆਪਣੇ ਲੜਕੇ ਮਨੋਜ ਦਾ ਵਿਆਹ ਹਿਦੋਸਤਾਨ ਜਾ ਕੇ ਬਿਨਾਂ ਕਿਸੇ ਧਾਰਮਿਕ ਰਸਮ ਅਤੇ ਲੈਣ ਦੇਣ ਦੇ ਤਰਕਸ਼ੀਲ ਵਿਧੀ ਨਾਲ ਕੀਤਾ ਹੈ। ਵਿਰਦੀ ਹੁਰਾਂ ਦਾ ਇਹ ਕਦਮ ਬਰਤਾਨੀਆਂ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਸਾਬਤ ਹੋਇਆ ਹੈ। ਇਸ ਸਾਰੇ ਕੰਮ ਪਿੱਛੇ ਬਲਵਿੰਦਰ ਬਰਨਾਲਾ ਜੀ ਦਾ ਵੱਡਾ ਹੱਥ ਸੀ। ਇਸ ਤੋਂ ਬਿਨਾਂ ਵਿਰਦੀ ਜੀ ਦੀ ਤਰਕਸ਼ੀਲ ਸੁਸਾਇਟੀ ਦੇ ਕੰਮਾਂ ਲਈ ਸ਼ਲਾਘਾਂ ਕਰਨੀ ਇਸ ਕਰਕੇ ਵੀ ਜਾਰੀ ਹੈ ਕਿ ਉਹਨਾਂ ਇੰਡੀਆਂ ਵਾਪਸੀ ਤੇ ਆਪਣਾ ਸਾਰਾ ਸਮਾਨ ਛੱਡ ਕੇ ਸਿਰਫ ਤਰਕਸ਼ੀਲ ਦੀਆਂ 20 ਕਿਲੋ ਕਿਤਾਬਾਂ ਹੀ ਲਿਆਂਦੀਆਂ।

ਸੁਸਾਇਟੀ ਦੀ ਮੀਟਿੰਗ ਵਿੱਚ ਆਈਆਂ ਕਿਤਾਬਾਂ ਨੂੰ ਬਰਾਂਚਾ ਵਿੱਚ ਵੰਡ ਕੇ ਡਿਊਟੀ ਲਾਈ ਗਈ ਕਿ ਮੈਂਬਰ ਵੱਧ ਤੋਂ ਵੱਧ ਲੋਕਾਂ ਨੂੰ ਸਸਤੀ ਕੀਮਤ ਤੇ ਪਹੁੰਚਾਣ । ਕਿਤਾਬਾਂ ਨੂੰ ਲਾਇਬ੍ਰੇਰੀਆਂ ਵਿੱਚ ਪਹੁੰਚਾਣ ਦੀ ਜਿੰਮੇਵਾਰੀ ਹਰੀਸ਼ ਮਲਹੋਤਰਾ ਹੁਰਾਂ ਲਈ। ਇਹ ਵੀ ਫੈਸਲਾ ਲਿਆ ਗਿਆ ਕਿ ਡਾ. ਕਾਵੂਰ ਦੀਆਂ ਅੰਗਰੇਜੀ ਦੀਆਂ

ਅੰਗਰੇਜੀ ਦੀਆਂ ਕਿਤਾਬਾਂ ਮੰਗਵਾ ਕੇ ਵੀ ਲਾਇਬ੍ਰੇਰੀਆਂ ਅਤੇ ਨੌਜਵਾਨਾ ਵਿੱਚ ਵੰਡੀਆਂ ਜਾਣ ਤਾਂ ਕਿ ਇੱਥੇ ਜੰਮੇ ਪਲੇ ਬੱਚੇ ਵੀ ਤਰਕਸ਼ੀਲ ਸਾਹਿਤ ਤੋਂ ਵਾਕਿਫ ਹੋ ਸਕਣ। ਬਰਤਾਨੀਆਂ ਦੀ ਗੋਰਿਆਂ ਦੀ ਰੈਸ਼ਨੇਲਿਸਟ ਸੁਸਾਇਟੀ ਨਾਲ ਸੰਪਰਕ ਕਰਕੇ ਸੰਵਿਧਾਨ ਅਤੇ ਸਾਹਿਤ, ਪਰਚੇ ਮੰਗਾਉਣ ਦੀ ਜਿੰਮੇਵਾਰੀ ਹਰੀਸ਼ ਹੁਰਾਂ ਲਈ। ਸੀਤਲ ਗਿੱਲ ਹੋਰਾਂ ਲੋਕਲ ਪੱਧਰ ਤੇ ਵੀ ਇਸ ਪੱਧਰ ਤੇ ਪਹੁੰਚ ਕਰਨ ਦੀ ਜਿੰਮੇਵਾਰੀ ਲਈ। ਨਵਦੀਪ ਨੇ ਟੈਲੀਵੀਜਨ ਤੇ ਦਿਖਾਈ ਗਈ ਫਿਲਮ ਨੂੰ ਹਾਸਲ ਕਰਨ ਦਾ ਜੁੰਮਾ ਲਿਆ। ਹਰਭਜਨ ਵਿਰਕ ਹੋਰਾਂ ਸੁਸਾਇਟੀ ਨੂੰ ਦੋ ਅਹਿਮ ਨੁਕਤਿਆ ਬਾਰੇ ਮੱਦਦ ਕਰਨ ਦਾ ਬਚਨ ਦਿੱਤਾ ਕਿ ਸੁਸਾਇਟੀ ਦੇ ਲੀਫਲੈਟ ਜਾਂ ਹੋਰ ਸਮੱਗਰੀ ਉਹਦੀ ਪ੍ਰੈਸ ਤੋਂ ਮੁਫਤ ਛਪਵਾਈ ਜਾਵੇ। ਦੂਜੇ ਕਿ ਉਹਨਾ ਦਾ ਕਮਰਾ ਮੀਟਿੰਗ ਲਈ ਹਰ ਵਾਰ ਵਰਤਿਆ ਜਾਵੇ। ਵਿਰਕ ਹੁਰਾਂ ਦੀ ਇਸ ਦਿਆਨਤਦਾਰੀ ਦੀ ਹਰ ਇੱਕ ਨੇ ਸਲਾਘਾ ਕੀਤੀ।

ਹਰੀਸ਼ ਨੇ ਸੁਸਾਇਟੀ ਦੇ ਮੈਂਬਰਾਂ ਨੂੰ ਦੱਸਿਆ ਕਿ ਜੇਕਰ ਉਹਨਾ ਨੂੰ ਕਿਸੇ ਮਾਨਸਿਕ ਰੋਗੀ ਦੀ ਖਬਰ ਮਿਲਦੀ ਹੈ ਤਾਂ ਉਸਨੂੰ ਸ਼ੋਸ਼ਲ ਸਰਵਿਸਜ਼ ਦੇ ਦਫਤਰ ਭੇਜਣਾ ਚਾਹੀਦਾ ਹੈ ਅਤੇ ਕੋਈ ਸਾਧ ਬਾਬਾ ਲੁੱਟ ਕਰਦਾ ਹੈ ਤਾਂ ਕੇਸ ਪੁਲਸ ਨੂੰ ਦੇਣਾ ਚਾਹੀਦਾ ਹੈ। ਮੋਹਨ ਮਾਨ ਹੁਰਾਂ ਕਿਹਾ ਕਿ ਇੰਡੀਅਨ ਵਰਕਰਜ ਐਸੋਸੀਏਸ਼ਨ ਜਾਂ ਕਿਸੇ ਹੋਰ ਫੰਕਸ਼ਨ ਤੇ ਤਰਕਸ਼ੀਲ ਸੁਸਾਇਟੀ ਦੇ ਬੁਲਾਰਿਆਂ ਨੂੰ ਬੋਲਣ ਦਾ ਪੂਰਾ ਸਮਾਂ ਦਿੱਤਾ ਜਾਵੇਗਾ। ਇਹ ਕੰਮ ਹਰੀਸ਼ ਦੇ ਜਿੰਮੇ ਲਾਇਆ ਗਿਆ। ਹਰੀਸ਼ ਨੇ ਸੁਸਾਇਟੀ ਮੈਂਬਰਾਂ ਨੂੰ ਦੱਸਿਆਂ ਕਿ ਉਹਨੇ ਬੀ.ਬੀ.ਸੀ. ਰੇਡੀਓ ਨਾਲ ਸੰਪਰਕ ਕਰਕੇ ਜਲਦੀ ਹੀ ਸਾਧਾਂ ਬਾਬਿਆ ਬਾਰੇ ਬਹਿਸ ਅਤੇ ਇੰਟਰਵਿਊ ਦਾ ਪ੍ਰਬੰਧ ਕੀਤਾ ਹੈ। ਸੁਸਾਇਟੀ ਨੇ ਇਹ ਵੀ ਫੈਸਲਾ ਲਿਆ ਕਿ ਬੀ.ਬੀ.ਸੀ. ਰੇਡੀਓ ਨੂੰ ਰਾਸ਼ੀਫਲ ਬਾਰੇ ਇੱਕ ਹੋਰ ਚਿੱਠੀ ਭੇਜੀ ਜਾਵੇ ਅਤੇ ਬਰਤਾਨੀਆਂ ਦੀ ਰੈਸਨੇਲਿਸਟ ਸੁਸਾਇਟੀ ਨਾਲ ਸੰਪਰਕ ਕੀਤਾ ਜਾਵੇ।

- ਹਰੀਸ਼ ਮਲਹੋਤਰਾ

ਇਕਾਈ : ਕੋਟਕਪੂਰਾ-ਬਰਗਾੜੀ

1. ਸਥਾਨ : ਛੈਪਈ (ਜੈਤੋਂ) ਮਿਤੀ : 14-3-98

ਨਾਟਕ : ਆਰਟ ਸੈਂਟਰ ਸਮਰਾਲਾ ਵੱਲੋਂ ਨਾਟਕ 'ਤੇ ਦੇਵ ਪੁਰਸ਼ ਹਾਰ ਗਏ, ਸਾੜਸਤੀ, ਅਤੇ ਕੁਰਸੀ ਮੋਰਚਾ ਅਤੇ ਹਵਾ 'ਚ ਲਟਕਦੇ ਲੋਕ ' ਪੇਸ਼ ਕੀਤੇ ਗਏ। ਕੋਰੀਓਗਰਾਫੀ ਮੈਂ ਧਰਤੀ ਪੰਜਾਬ ਦੀ ਨੇ ਦਰਸ਼ਕਾਂ ਤੇ ਕਾਫੀ ਪ੍ਰਭਾਵ ਛੱਡਿਆ। ਮੈਜਿਕ ਟ੍ਰਿਕਸ ਵੀ ਪੇਸ਼ ਕੀਤੇ ਗਏ। 2000 ਦੇ ਲੱਗਭੱਗ ਲੋਕਾਂ ਦੇ ਇਕੱਠ ਨੇ ਪ੍ਰੋਗਰਾਮ ਦਾ ਅਨੰਦ ਮਾਣਿਆ।

ਇਸ ਸਾਰੇ ਪ੍ਰੋਗਰਾਮ ਦਾ ਪ੍ਰਬੰਧ ਛੈਪਈ ਯੂਥ ਕਲੱਬ ਨੇ ਕੀਤਾ।

2. ਸਥਾਨ : ਸਾਦਿਕ ਮਿਤੀ : 15-3-98

ਨਾਟਕ : ਸਮਰਾਲਾ ਆਰਟ ਸੈਂਟਰ ਵੱਲੋਂ ਸਾੜਸਤੀ ਤੇ ਦੇਵ ਪੁਰਸ਼ ਹਾਰ ਗਏ ਅਤੇ ਇੱਕ ਕੁਰਸੀ ਇੱਕ ਮੋਰਚਾ ਤੇ ਹਵਾ 'ਚ ਲਟਕਦੇ ਲੋਕ ਨਾਟਕ ਪੇਸ਼ ਕੀਤੇ ਗਏ। 1500 ਦੇ ਲੱਗਭੱਗ ਦਰਸ਼ਕਾਂ ਨੇ ਪ੍ਰੋਗਰਾਮ ਨੂੰ ਪੂਰੀ ਦਿਲਚਸਪੀ ਨਾਲ ਵੇਖਿਆ। ਰਜਿੰਦਰਜੀਤ ਅਤੇ ਰੇਸ਼ਮ ਸਿੰਘ ਨੇ ਮੈਜਿਕ ਟ੍ਰਿਕ ਪੇਸ਼ ਕੀਤੇ।ਇਸ ਮੌਕੇ ਤੇ 800 ਰੁਪਏ ਦਾ ਤਰਕਸ਼ੀਲ ਸਾਹਿਤ ਵੀ ਵੇਚਿਆ ਗਿਆ।

ਇਸ ਤੋਂ ਇਲਾਵਾ ਖਿਪਾਂਵਾਲੀ (ਅਬੋਹਰ) ਵਿਖੇ ਵੀ ਪ੍ਰੋਗਰਾਮ ਪੇਸ਼ ਕੀਤਾ ਗਿਆ। ਨਿਰਮਲ ਹਰੀਏਵਾਲਾ, ਰਜਿੰਦਰ ਜੀਤ ਤੇ ਸੁਖਰਾਲ ਤੇ ਅਧਾਰਤ ਟੀਮ ਨੇ ਮੈਜਿਕ ਟ੍ਰਿਕ ਪੇਸ਼ ਕੀਤੇ ਅਤੇ ਪ੍ਰਦਰਸ਼ਨੀ ਲਾਈ। ਤਰਕਸ਼ੀਲ ਸਾਹਿਤ ਵੀ ਵੇਚਿਆ ਗਿਆ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਜੈਤੋਂ ਵਿੱਚ ਐਨ.ਐਸ.ਐਸ. ਦੇ ਕੈਂਪ ਦੌਰਾਨ ਮੈਜਿਕ ਟ੍ਰਿਕਸ ਪੇਸ਼ ਕੀਤੇ ਗਏ। 170 ਦੇ ਲੱਗਭੱਗ ਲੜਕੀਆਂ ਵਿੱਚ ਇਹ ਪ੍ਰੋਗਰਾਮ ਕਾਫੀ ਸਫਲ ਰਿਹਾ। ਲੜਕੀਆਂ ਵੱਲੋਂ ਕੀਤੇ ਗਏ ਪ੍ਰਸ਼ਨਾਂ ਦੇ ਜੁਆਬ ਵੀ ਦਿੱਤੇ ਗਏ। ਰਜਿੰਦਰ ਜੀਤ,ਖੁਸ਼ਵੰਤ ਬਰਗਾੜੀ ਨੇ ਸੰਬੋਧਨ ਕੀਤਾ। ਰੇਸ਼ਮ ਸਿੰਘ ਨੇ ਮੈਜਿਕ ਟ੍ਰਿਕਸ ਪੇਸ਼ ਕੀਤੇ।

-ਰੇਸ਼ਮ ਸਿੰਘ , ਪ੍ਰਧਾਨ
ਇਕਾਈ ਕੋਟਕਪੂਰਾ-ਬਰਗਾੜੀ।

ਇਕਾਈ ਮਾਹਿਲਪੁਰ :

1. ਸਥਾਨ : ਦਾਦੂਵਾਲ ਮਿਤੀ : 29-1-98

ਮੰਚ : ਸ਼ਮਸ਼ੇਰ ਸੀਭਆਚਾਰਕ ਮੇਲੇ ਉਤੇ

ਤਰਕਸ਼ੀਲ ਪ੍ਰਚਾਰ ਕਾਰਨਰ ਅਤੇ ਕਿਤਾਬਾ ਦਾ ਸਟਾਲ

ਅਗਵਾਈ : ਡਾ. ਨਿਰਮਲ, ਵਿਜੇ ਬੰਬੇਲੀ, ਜਗਤਾਰ ਪਾਗਲ

2. ਸਥਾਨ : ਮਾਹਿਲਪੁਰ, ਮਿਤੀ : 30-1-98

ਮੰਚ : ਸ਼ੌਂਕੀ ਯਾਦਗਾਰੀ ਸੱਭਿਆਚਾਰਕ ਮੇਲਾ

ਤਰਕਸ਼ੀਲ ਪ੍ਰਦਰਸ਼ਨੀ : ਪ੍ਰਚਾਰ ਕਾਰਨਰ ਅਤੇ ਕਿਤਾਬਾਂ ਦਾ ਸਟਾਲ

ਅਗਵਾਈ : ਡਾ. ਨਿਰਮਲ ,ਵਿਜੇ ਬੰਬੇਲੀ, ਅਮਰਜੀਤ ਬਿਹਾਲਾ, ਨਰਿੰਦਰ ਮਾਹਿਲਪੁਰ ਏਤੇ ਸੁਰਿੰਦਰ ਮੂਗੋਵਾਲ।

3. ਸਥਾਨ : ਸ.ਸ.ਸਕੂਲ (ਲੜਕੀਆਂ) ਮਾਹਿਲਪੁਰ

ਮਿਤੀ : 21-2-98

ਕੋਰੀਓਗ੍ਰਾਫੀ : 1. ਧੀ ਦੀ ਪੁਕਾਰ 2. ਮੈਂ ਧਰਤੀ ਪੰਜਾਬ ਦੀ 3. ਦਾਜ ਦੀ ਬਲੀ (ਨਿਰਦੇਸਨਾਂ ਜਗਤਾਰ ਪਾਗਲ)

ਜਾਦੂ ਦੇ ਸ਼ੋਅ : ਜਗਤਾਰ ਪਾਗਲ, ਸਤਪਾਲ ਸਲੋਹ

ਬੁਲਾਰੇ : ਵਿਜੇ ਬੰਬੇਲੀ, ਅਵਤਾਰ ਲੰਗੇਰੀ ਅਤੇ ਨਿਰਮਲ ਮੁਗੋਵਾਲ।

-ਵਿਜੇ ਬੰਬੇਲੀ।

ਇਕਾਈ : ਪਾਤੜਾਂ

ਪਿਛਲੇ ਦਿਨੀ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਪਾਤੜਾਂ ਵੱਲੋਂ ਚੇਤਨਾਂ ਕਲਾ ਮੰਚ ਦੇ ਕਲਾਕਾਰਾਂ ਨੂੰ ਲੈ ਕੇ ਸਰਬ ਭਾਰਤ ਨੌਜਵਾਨ ਸਭਾ ਮਨਿਆਣਾ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਇੱਕ ਨਾਟਕ ਮੇਲਾ ਪਿੰਡ ਨੜੇ (ਮੂਨਕ) ਵਿਖੇ ਕਰਵਾਇਆ ਗਿਆ।

ਜਿਸ ਵਿੱਚ ਸਭ ਤੋਂ ਪਹਿਲਾਂ ਇੱਕ ਕੋਰੀਓਗਰਾਫੀ " ਬਾਬਾ ਵੈਦ ਰੋਗੀਆਂ ਦਾ " ਪੇਸ਼ ਕੀਤੀ ਜਿਹੜੀ ਕਿ ਮਰਹੂਮ ਦਿਲਸਾਦ ਅਖਤਰ

ਦੇ ਗੀਤ ਤੇ ਅਧਾਰਤ ਸੀ।

ਇਸ ਤੋਂ ਬਾਅਦ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਸ਼੍ਰੀ ਬਿੱਕਰ ਸਿੰਘ ਅਤੇ ਬਲਦੇਵ ਸਿੰਘ ਨੇ ਜਾਦੂ ਦੇ ਟ੍ਰਿਕ ਪੇਸ਼ ਕੀਤੇ ਜੋ ਕਿ ਦਰਸ਼ਕਾਂ ਨੇ ਬਹੁਤ ਸਲਾਹੇ। ਫਿਰ ਬਾਰੀ ਆਈ ਉਸ ਨਾਟਕ ਦੀ ਜੋ ਵਹਿਮਾਂ ਭਰਮਾਂ ਦੇ ਪਰਦੇ ਫਾਸ਼ ਕਰਦਾ ਹੈ .....ਤੇ ਦੇਵ ਪੁਰਸ਼ ਹਾਰ ਗਏ।

ਵਰਣਨਯੋਗ ਗੱਲ ਇਹ ਹੈ ਕਿ ਇਹ ਪ੍ਰੋਗਰਾਮ ਚੇਤਨਾਂ ਕਲਾ ਮੰਚ ਦਾ ਪਹਿਲਾ ਪ੍ਰੋਗਰਾਮ ਸੀ।

ਪ੍ਰੋਗਰਾਮ ਦੇ ਮੁੱਖ ਬੁਲਾਰੇ "ਦਸਤਕ " ਪਰਚੇ ਦੇ ਸੰਪਾਦਕ ਸ਼੍ਰੀ ਹਰੀ ਸਿੰਘ ਤਰਕ। ਜਿਹਨਾਂ ਨੇ ਲੋਕਾਂ ਨੂੰ ਵਹਿਮਾਂ ਭਰਮਾਂ , ਧਾਰਮਿਕ ਅਡੰਬਰਾਂ ਤੋਂ ਬਚਣ ਦੀ ਸਲਾਹ ਦਿੱਤੀ ਤੇ ਮਾ. ਪਰਮਵੇਦ ਜੀ ਨੇ ਤਰਕਸ਼ੀਲ ਸੁਸਾਇਟੀ ਦੇ ਕੰਮਕਾਰ ਕਰਨ ਦੇ ਢੰਗ ਤੇ ਚਾਨਣਾ ਪਾਇਆ। ਅਤੇ ਉਸ ਘਟਨਾ ਦਾ ਖੁਲਾਸਾ ਕੀਤਾ ਜੋ ਕਿ ਜਨਵਰੀ 98 ਦੇ ਅਖੀਰ ਵਿੱਚ ਮਨਿਆਣੇ ਪਿੰਡ ਦੇ ਲਾਗਲੇ ਪਿੰਡ ਬਿਸ਼ਨਪੁਰਾ ਖੋਖਰ ਵਿੱਚ ਵਾਪਰੀ ਸੀ। ਜਿਸ ਵਿੱਚ ਅਖੌਤੀ ਬਾਬੇ ਬੰਤਾਂ ਸਿੰਘ ਨੇ ਆਪਣੇ ਹੀ ਘਰ ਦੇ ਦੋ ਜੀਆਂ ਦਾ ਕਤਲ ਕਰ ਦਿੱਤਾ ਸੀ। ਜੋ ਕਿ ਅੱਜ ਜੇਲ ਦੀ ਹਵਾ ਖਾ ਰਿਹਾ ਹੈ।

ਫਿਰ ਵਾਰੀ ਆਈ ਭਗਤ ਸਿੰਘ ਦੇ ਵਿਚਾਰਾਂ ਦੀ ਤਰਜਮਾਨੀ ਕਰਦਾ ਨਾਟਕ " ਇਨਕਲਾਬ ਜਿੰਦਾਬਾਦ," ਜਿਸਨੂੰ ਲੋਕਾ ਨੇ ਸਾਹ ਰੋਕ ਕੇ ਦੇਖਿਆ।

ਫਿਰ ਕੁੱਝ ਆਈਟਮਾਂ ਜਾਦੂ ਦੀਆਂ ਹੋਰ ਵੀ ਦਿਖਾਈਆਂ ਗਈਆਂ ਅਤੇ ਨਾਲ ਹੀ ਇਸ ਗੱਲ ਦਾ ਖੁਲਾਸਾ ਵੀ ਕੀਤਾ ਗਿਆ ਕਿ ਜਾਦੂ ਕੋਈ ਗੈਬੀ ਸ਼ਕਤੀ ਨਹੀਂ, ਮਹਿਜ ਇੱਕ ਕਲਾ ਹੈ ਅਤੇ ਅਖੀਰ ਵਿੱਚ ਹੰਸ ਰਾਜ ਹੰਸ ਦੇ ਗੀਤ 'ਇਹ ਪੰਜਾਬ ਵੀ ਮੇਰਾ ਹੈ ਉਹ ਪੰਜਾਬ ਵੀ ਮੇਰਾ ਹੈ " ਤੇ ਕੋਰੀਓਗਰਾਫੀ ਪੇਸ਼ ਕੀਤੀ ਗਈ।

ਅਖੀਰ ਵਿੱਚ ਨੌਜਵਾਨ ਭਾਰਤ ਸਭਾ ਫਤਿਆਬਾਦ ਦੇ ਸਕੱਤਰ ਕਾਮਰੇਡ ਕੁਲਵੰਤ ਸਿੰਘ ਨੇ ਨੇ ਸ਼ਹੀਦ ਭਗਤ ਸਿੰਘ ਬਾਰੇ ਆਪਣੇ ਵਿਚਾਰ ਰੱਖੇ। ਅਤੇ ਆਏ ਸੱਜਣਾ ਦਾ ਧੰਨਵਾਦ ਕੀਤਾ।

ਸਟੇਜ ਸਕੱਤਰ ਦੀ ਭੂਮਿਕਾ ਕੁਲਵੰਤ ਸਿੰਘ ਹਾਮਝੇੜੀ ਪ੍ਰਧਾਨ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਪਾਤੜਾਂ ਮੰਡੀ ਨੇ ਕੀਤੀ।

ਮਹਿੰਦਰ ਖੇਤਲਾ, ਸਕੱਤਰ
ਇਕਾਈ ਪਾਤੜਾਂ ਮੰਡੀ।

ਇਕਾਈ ਲੁਧਿਆਣਾ :-

1. ਮਿਤੀ 28 ਜਨਵਰੀ 1998 ਸਥਾਨ : ਸ.ਪ.ਸ. ਖਾਨਪੁਰ।

ਪ੍ਰੋਗਰਾਮ : ਜਾਦੂ ਦੇ ਟ੍ਰਿਕ ਅਤੇ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ।

ਬੁਲਾਰੇ : ਮਾ. ਭਜਨ ਸਿੰਘ ਅਤੇ ਜਸਵੰਤ ਜੀਰਖ ਸੂਬਾ ਸਕੱਤਰ ਪੰਜਾਬ।

2. ਮਿਤੀ : 21 ਫਰਵਰੀ 1998

ਸਥਾਨ : ਸਰਕਾਰੀ ਹਾਈ ਸਕੂਲ ਜਸਪਾਲ ਬਾਂਗਰ

ਪ੍ਰੋਗਰਾਮ : ਜਾਦੂ ਦੇ ਟ੍ਰਿਕ ਅਤੇ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ।

ਬੁਲਾਰੇ : ਰਜਿੰਦਰ ਕਿਦਵਈ; ਮਾ. ਜਰਨੈਲ ਸਿੰਘ ਅਤੇ ਜਸਵੰਤ ਜੀਰਖ ਸੂਬਾ ਜਨਰਲ ਸਕੱਤਰ।

3.ਮਿਤੀ : 7 ਫਰਵਰੀ 98 ਸਥਾਨ : ਧੌਲ ਕਲਾਂ

ਨਾਟਕ ਤੇ ਕੋਰੀਓਗਰਾਫੀ : ਲੋਕ ਕਲਾਂ ਮੰਚ ਮੁਲਾਂਪੁਰ।

ਨਾਟਕ : ਜਲ ਦੇਵ , ਝਨਾਂ ਦੇ ਪਾਣੀ।

ਮੁੱਖ ਬੁਲਾਰੇ : ਜਸਵੰਤ ਜੀਰਖ ਸੂਬਾ ਸਕੱਤਰ।

ਪ੍ਰਬੰਧਕ : ਰਘਵੀਰ ਜੀਰਖ, ਰਾਜਵੀਰ ਸਿੰਘ, ਮਾ. ਭਜਨ ਸਿੰਘ।

4. ਸਰਗਰਮੀ : ਤਰਕਸ਼ੀਲ ਨਾਟਕ ਮੇਲਾ।

ਸਥਾਨ : ਗੁਰਮ ਮਿਤੀ : 25 ਫਰਵਰੀ 98

ਨਾਟਕ ਟੀਮ : ਚੇਤਨਾ ਕਲਾ ਮੰਚ ਚਮਕੌਰ ਸਾਹਿਬ ਅਤੇ ਰੌਸ਼ਨੀ ਕਲਾ ਮੰਚ ਰਾੜਾ ਸਾਹਿਬ।

ਕੋਰੀਓਗਰਾਫੀ : ਧੀ ਦੀ ਪੁਕਾਰ।

ਨਾਟਕ : ਬਾਲ ਭਗਵਾਨ , ਛਿਪਣ ਤੋਂ ਪਹਿਲਾਂ ਅਤੇ ਝਨਾਂ ਦੇ ਪਾਣੀ।

ਸੰਗੀਤ ਮੰਡਲੀ : ਨਵੀਆਂ ਲੀਹਾਂ ਸੱਭਿਆਚਾਰਕ ਮੰਚ ਸੁਨੇਤ।

ਬੁਲਾਰੇ : ਜਸਵੰਤ ਜੀਰਖ। ਸਟੇਜ ਸਕੱਤਰ : ਮਾ. ਭਜਨ ਸਿੰਘ।

ਜਾਦੂ ਦੇ ਟ੍ਰਿਕ : ਰਾੜਾ ਸਾਹਿਬ ਇਕਾਈ ਦੇ ਰਘਬੀਰ ਜੀਰਖ ਰਾਜਵੀਰ ਸਿੰਘ, ਬਲਦੇਵ ਸਿੰਘ

ਸਹਿਯੋਗ : ਸਪੋਰਟਸ ਕਲੱਬ ਗੁਰਮ।

5. ਸਰਗਰਮੀ : ਨਾਟਕ ਮੇਲਾ ਮਿਤੀ : 28 ਫਰਵਰੀ 98

ਸਥਾਨ : ਤਲਵੰਡੀ ਮੱਲੀਆਂ

ਨਾਟਕ ਟੀਮ : ਲੋਕ ਕਲਾ ਮੰਚ ਮੰਡੀ ਮੁਲਾਂਪੁਰ।

ਨਾਟਕ : ਜਲਦੇਵ ,ਪ੍ਰੇਤ ਅਤੇ ਕੋਰੀਓਗਰਾਫੀ ਧੀ ਦੀ ਪੁਕਾਰ।

ਮੁੱਖ ਬੁਲਾਰਾ : ਮਾ. ਰਜਿੰਦਰ ਭਦੌੜ ਮੀਤ ਪ੍ਰਧਾਨ ਪੰਜਾਬ।

6. ਸਰਗਰਮੀ : ਤਰਕਸ਼ੀਲ ਨਾਟਕ ਮੇਲਾ।

ਮਿਤੀ : 17 ਮਾਰਚ 1998 ਸਥਾਨ : ਮੋਹੀ

ਨਾਟਕ ਟੀਮ : ਲੋਕ ਕਲਾ ਮੰਚ ਮੁਲਾਪੁਰ।

ਨਾਟਕ : ਝਨਾ ਦੇ ਓਸ ਪਾਰ, ਜਲਦੇਵ, ਕੋਰੀਓਗਰਾਫੀ ਧੀ ਦੀ ਪੁਕਾਰ।

ਮੁੱਖ ਬੁਲਾਰੇ : ਜਸਵੰਤ ਜੀਰਖ ਸੂਬਾ ਸਕੱਤਰ ਪੰਜਾਬ।

7. ਸਰਗਰਮੀ : ਤਰਕਸ਼ੀਲ ਨਾਟਕ ਮੇਲਾ

ਮਿਤੀ : 23 ਮਾਰਚ 1998 ਸਥਾਨ : ਸਿਹੌੜਾ।

ਨਾਟਕ ਟੀਮ : ਰੌਸ਼ਨੀ ਕਲਾ ਮੰਚ ਰਾੜਾ ਸਾਹਿਬ।

ਨਾਟਕ : ਝਨਾ ਦੇ ਓਸ ਪਾਰ, ਪੰਡਤ ਬਲਾਕੀ ਰਾਮ।

ਜਾਦੂ ਦੇ ਟ੍ਰਿਕ : ਜਸਵੰਤ ਸਿੰਘ, ਨਿਰਮਲ ਸਿੰਘ (ਲੁਧਿਆਣਾ ਇਕਾਈ) ਰਘਵੀਰ ਜੀਰਖ, ਰਾਜਵੀਰ ਸਿੰਘ (ਰਾੜਾ ਸਾਹਿਬ)

ਮੁੱਖ ਬੁਲਾਰਾ : ਜਸਵੰਤ ਜੀਰਖ। ਸਟੇਜ ਸਕੱਤਰ : ਬਲਦੇਵ ਸਿੰਘ।

ਵਿਸ਼ੇਸ਼ ਸਹਿਯੋਗ : ਸਪੋਰਟਸ ਕਲੱਬ ਸਿਹੋੜਾ।

8. ਸਰਗਰਮੀ : ਤਰਕਸ਼ੀਲ ਨਾਟਕ ਮੇਲਾ। ਮਿਤੀ : 27-3-98।

ਸਥਾਨ : ਗੁਰਦਾਸਪੁਰ (ਪੀ.ਏ.ਯੂ. ਰੀਜਨਲ ਸੈਂਟਰ ਦਾ ਕਿਸਾਨ ਮੇਲਾ)

ਵਿਸ਼ੇਸ਼ ਸਹਿਯੋਗ : ਗੁਰਦਾਸਪੁਰ ਅਤੇ ਲੁਧਿਆਣਾ ਇਕਾਈ।

ਜਾਦੂ ਦੇ ਟ੍ਰਿਕ : ਜਸਵੰਤ ਜੀਰਖ ਸੂਬਾ ਸਕੱਤਰ, ਅਸ਼ੋਕ ਕੁਮਾਰ ਜੋਨ ਆਰਗੇ ਨਾਈਜਰ।

ਮੇਲੇ ਦੇ ਪ੍ਰਬੰਧਕ : ਮਾਸਟਰ ਭਜਨ ਸਿੰਘ, ਸੁਖਵੰਤ, ਸਤਨਾਮ ਸਿੰਘ , ਦਿਲਬਾਗ ਸਿੰਘ।

9. ਸਰਗਰਮੀ : ਮੈਜਿਕ ਸ਼ੋਅ ਮਿਤੀ : 19-20 ਮਾਰਚ 98।

ਸਥਾਨ : ਪੀ.ਏ.ਯੂ. ਲੁਧਿਆਣਾ ਵਿਖੇ ਤਰਕਸ਼ੀਲ ਪ੍ਰਦਰਸ਼ਨੀ

10. ਸਰਗਰਮੀ : ਤਰਕਸ਼ੀਲ ਮੇਲਾ

ਸਥਾਨ : ਜਾਂਗਪੁਰ (ਲੁਧਿਆਣਾ)

ਮੁੱਖ ਬੁਲਾਰੇ : ਨਿਰਮਲ ਸਿੰਘ , ਸੁਖਵੰਤ ਸਿੰਘ ।

ਇਕਾਈ ਪਟਿਆਲਾ :-

ਸਰਗਰਮੀ : ਤਰਕਸ਼ੀਲ ਨਾਟਕ ਮੇਲਾ ।

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਪਟਿਆਲਾ ਇਕਾਈ ਵੱਲੋਂ 25 ਮਈ ਦੀ ਰਾਤ ਨੂੰ ਪਿੰਡ ਫਕੜੱਬਾ ਵਿਖੇ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਜਿਸਨੂੰ ਲੱਗਭੱਗ 3000 ਲੋਕਾਂ ਦੇ ਇਕੱਠ ਨੇ ਲਗਾਤਾਰ ਛੇ ਘੰਟੇ ਦੇਖਿਆ। ਸ਼ਾਮ ਨੂੰ ਛੇ ਵਜੇ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਸਰਬਜੀਤ ਵੱਲੋਂ ਅੱਖਾਂ ਉਪਰ ਪੱਟੀ ਬੰਨ ਕੇ ਪਿੰਡ ਦੀਆਂ ਗਲੀਆਂ ਵਿੱਚ ਮੋਟਰ ਸਾਈਕਲ ਚਲਾਇਆ ਗਿਆ। ਰਾਤ ਨੂੰ ਅੱਠ ਵਜੇ ਸੁਰਜੀਤ ਸਿੰਘ ਅਤੇ ਪ੍ਰਭੂ ਸਿੰਘ ਦੇ ਗੀਤਾਂ ਨਾਲ ਨਾਟਕਾਂ ਦੇ ਪ੍ਰੋਗਰਾਮ ਦੀ ਸ਼ੁਰੂਆਤ ਹੋਈ ਅਤੇ ਸੁਰਿੰਦਰ ਕੁਮਾਰ ਨੇ ਕਵਿਤਾ ਅਤੇ ਚੁਟਕਲਿਆਂ ਨਾਲ ਲੋਕਾਂ ਦਾ ਮਨੋਰੰਜਨ ਕੀਤਾ। ਆਰਟ ਸੈਂਟਰ ਸਮਰਾਲਾ ਵੱਲੋਂ ਮਾ. ਤਰਲੋਚਨ ਸਿੰਘ ਦੀ ਨਿਰਦੇਸ਼ਨਾ ਹੇਠ ਨਾਟਕ 'ਦੇਵ ਪੁਰਸ਼ ਹਾਰ ਗਏ ', 'ਸੁਕੀ ਕੁੱਖ '' ਅਤੇ 'ਸਾੜਸਤੀ ' ਖੇਡੇ ਗਏ। ਕੋਰੀਓਗਰਾਫੀ ਮੈਂ ਧਰਤੀ ਪੰਜਾਬ ਦੀ ਨੇ ਸਭ ਨੂੰ ਕੀਲ ਕੇ ਰੱਖ ਦਿੱਤਾ। ਰਾਮ ਕੁਮਾਰ ਅਤੇ ਜਨਕ ਰਾਜ ਨੇ ਜਾਦੂ ਦੇ ਟ੍ਰਿਕ ਦਿਖਾਕੇ ਲੋਕਾ ਦਾ ਮਨੋਰੰਜਨ ਕੀਤਾ ਅਤੇ ਦੱਸਿਆ ਕਿ ਜਾਦੂ ਸਿਰਫ ਹੱਥ ਦੀ ਸਫਾਈ ਹੈ ਨਾਂ ਕਿ ਕੋਈ ਕਾਲਾ ਇਲਮ ਜਾਂ ਕਾਲਾ ਮੰਤਰ ਹੈ । ਬਲਬੰਤ ਸਿੰਘ ਪਟਵਾਰੀ ਨੇ ਤਰਕਸ਼ੀਲ ਸੁਸਾਇਟੀ ਦੀ ਮੁੱਢਲੀ ਜਾਣਕਾਰੀ ਦਿੱਤੀ। ਡਾ. ਚਰਨਜੀਤ ਕੌਰ ਨੇ ਆਪਣੀ ਤਕਰੀਰ ਰਾਹੀਂ ਔਰਤ ਨੂੰ ਵਹਿਮਾਂ ਭਰਮਾਂ ਵਿੱਚੋਂ ਨਿਕਲਕੇ ਨਾਂ ਬਰਾਬਰੀ ਵਾਲੇ ਮਰਦ ਪ੍ਰਧਾਨ ਸਮਾਜ ਨੂੰ ਬਦਲਣ ਲਈ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਆ। ਤਰਕਸ਼ੀਲ ਸੁਸਾਇਟੀ ਦੇ ਮਾ. ਰਜਿੰਦਰ ਭਦੌੜ ਨੇ ਆਪਣੀ ਪ੍ਰਭਾਵਸ਼ਾਲੀ ਤਕਰੀਰ ਨਾਲ ਪੌਣਾ ਘੰਟਾਂ ਲੋਕਾਂ ਨੂੰ ਬੰਨ ਕੇ ਬਿਠਾਈ ਰੱਖਿਆ। ਉਹਨਾਂ ਨੇ ਲੋਕਾ ਵਿੱਚ ਅੰਧਵਿਸ਼ਵਾਸ਼ ਫੈਲਾਉਣ ਵਿੱਚ ਰਾਜਨੀਤਕ ਲੀਡਰਾਂ ਦੇ ਰੋਲ ਦੀ ਆਲੋਚਨਾ ਕੀਤੀ ਅਤੇ ਲੋਕਾਂ ਨੂੰ ਹਰ ਘਟਨਾਂ ਨੂੰ ਕੀ,ਕਿਵੇਂ,ਕਿਓ ਦੀ ਕਸਵੱਟੀ ਤੇ ਪਰਖਣ ਦਾ ਸੱਦਾ ਦਿੱਤਾ । ਗੁਰਜੀਤ ਸਿੰਘ ਅਤੇ ਰਣਧੀਰ ਫਕੜੱਬਾ ਨੇ ਸਟੇਜ ਸਕੱਤਰ ਦੀ ਜਿੰਮੇਵਾਰੀ ਨਿਭਾਈ। ਸਰਪੰਚ ਅਵਨਿੰਦਰ ਸਿੰਘ ਨੇ ਪ੍ਰੋਗਰਾਮ ਕਰਾਉਣ ਲਈ ਵਿਸ਼ੇਸ ਸਹਿਯੋਗ ਦਿੱਤਾ। ਬਿੰਦਰ ਸਿੰਘ, ਕ੍ਰਿਸ਼ਨ ਲਾਲ, ਜਗਤਾਰ ਸਿੰਘ, ਨਿਰਮਲ ਸਿੰਘ ਅਤੇ ਲਖਬੀਰ ਸਿੰਘ ਦੇ ਉਦਮ ਨਾਲ ਕਰਵਾਇਆ ਗਿਆ ਇਹ ਨਾਟਕ ਮੇਲਾ ਲੋਕਾਂ ਵਿੱਚ ਤਰਕਸ਼ੀਲ ਸੋਚ ਦੀ ਜਾਗ ਲਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਮੇਲੇ ਦੇ ਮੁੱਖ ਪ੍ਰਬੰਧਕ ਜਗਤਾਰ ਸਿੰਘ ਵੱਲੋਂ ਬਾਹਰੋਂ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ। ਅਤੇ ਇਸ ਤਰ੍ਹਾਂ ਦਾ ਅਗਾਂਹਵਧੂ ਸੱਭਿਆਚਾਰਕ ਪ੍ਰੋਗਰਾਮ ਪਿੰਡ ਫਕੜੱਬਾ ਵਿਖੇ ਹਰ ਸਾਲ ਕਰਵਾਉਣ ਦਾ ਵਾਅਦਾ ਕੀਤਾ। ਅੰਤ ਵਿੱਚ ਬਲਬੰਤ ਸਿੰਘ ਪਟਵਾਰੀ ਨੇ ' ਵੋਟ ਮੰਗਤਿਆਂ ਦੇ ਨਾਂ ' ਤੇ ਕਲੀ ਗਾ ਕੇ ਤਰਕਸ਼ੀਲ ਮੇਲੇ ਦੀ ਸਮਾਪਤੀ ਕੀਤੀ ।

ਰਾਮ ਕੁਮਾਰ, ਜਨਰਲ ਸਕੱਤਰ , ਪਟਿਆਲਾ ਇਕਾਈ ।

ਇਕਾਈ ਬਠਿੰਡਾ :

1. ਪਿੰਡ ਕੋਟ ਭਾਈ (ਮੁਕਤਸਰ) ਦੇ ਚੇਲੇ ਕਾਲਾ ਸਿੰਘ ਪੁੱਤਰ ਸੋਹਣ ਸਿੰਘ ਵੱਲੋਂ ਪਿੰਡ ਦੌਲਾ ਦੇ ਮੰਦਰ ਸਿੰਘ ਦੇ ਲੜਕੇ (ਮਾਨਸਿਕ ਮਰੀਜ) ਨੂੰ ਠੀਕ ਕਰਨ (ਜਾਦੂ ਮੰਤਰ ਨਾਲ) ਦਾ ਪ੍ਰਪੰਚ ਰਚਕੇ ਦਸ ਹਜਾਰ ਰੁਪਏ ਦੀ ਠੱਗੀ ਮਾਰੀ, ਦਾ ਨੋਟਿਸ ਲੈਂਦਿਆਂ ਪਿੰਡ ਦੀ ਪੰਚਾਇਤ, ਭਾਰਤੀ ਕਿਸਾਨ ਯੂਨੀਅਨ ਦੇ ਆਗੂ ਤੇ ਸਥਾਨਕ ਆਗੂਆਂ, ਸੁਸਾਇਟੀ ਦੇ ਸਮਰਥਕ, ਮੁਲਾਜਮਾਂ ਅਤੇ ਸਮੂਹ ਲੋਕਾਂ ਦੇ ਉਤਸ਼ਾਹਜਨਕ ਸਮਰਥਨ ਨਾਲ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਉਕਤ ਚੇਲੇ/ਸਿਆਣੇ ਕਾਲਾ ਸਿੰਘ ਨੇ ਲਿਖਤੀ ਮੁਆਫੀ ਮੰਗ ਕੇ ਅੱਗੇ ਤੋਂ ਅਜਿਹੇ ਪਖੰਡ ਰਚ ਕੇ ਠੱਗੀ ਨਾ ਮਾਰਨ ਲਈ ਤੋਬਾ ਕੀਤੀ। ਠੱਗੀ ਗਈ ਰਕਮ ਵਾਪਸ ਦੇਣ ਦਾ ਭਰੋਸਾ ਦਿੱਤਾ, ਪਰ ਉਸ ਠੱਗ ਚੇਲੇ ਵੱਲੋਂ ਬਾਅਦ ਵਿੱਚ ਪੈਸੇ ਮੋੜਨ ਤੋਂ ਹੇਰਾਫੇਰੀ ਨਾਲ ਟਾਲ-ਮਟੋਲ ਕਰਨ ਤੇ ਸੁਸਾਇਟੀ ਵੱਲੋਂ ਜਿਲ੍ਹਾ ਮੁਕਤਸਰ ਦੇ ਡੀ.ਸੀ. ਸਾਹਿਬ ਨੂੰ ਮਿਲਕੇ ਡੀ.ਐਸ.ਪੀ ਗਿੱਦੜਬਾਹਾ ਰਾਹੀਂ ਕਾਰਵਾਈ ਕਰਨ ਤੇ ਚੇਲੇ ਨੇ ਪਿੰਡ ਦੇ ਕਿਸੇ ਮੋਹਤਬਰ ਵਿਅਕਤੀ ਨੂੰ ਜੇਠ ਮਹੀਨੇ ਤੱਕ ਜਾਮਨ ਦੇ ਕੇ ਪੈਸੇ ਵਾਪਸ ਦੇਣ ਦਾ ਵਾਅਦਾ ਕਰਕੇ ਜਾਨ ਛੁਡਾਈ । ਪਿੰਡ ਦੇ ਗੁਰਦੁਆਰੇ ਵਿੱਚ ਲੋਕਾਂ ਦੇ ਜੁੜੇ ਵੱਡੇ ਇਕੱਠ ਸਾਹਮਣੇ ਅਜਿਹੇ ਅਖੌਤੀ ਠੱਗ , ਚੇਲੇ , ਸਿਆਣੇ ਤੇ ਹੋਰ ਦੰਭੀਆਂ ਨੂੰ ਖੁਲੀ ਚੁਣੌਤੀ ਦਿੱਤੀ ਗਈ ਅਤੇ ਜਾਦੂਈ ਸ਼ਕਤੀਆਂ ਦਾ ਪਰਦਾਫਾਸ਼ ਕਰਨ ਲਈ ਹੱਥਾਂ ਦੀ ਸਫਾਈ ਦੇ ਟ੍ਰਿੱਕ ਵੀ ਵਿਖਾਏ ਗਏ।

ਬੁਲਾਰਾ : ਰਾਮ ਸਿੰਘ ਨਿਰਮਾਣ,

ਮੈਜਿਕ ਟੀਮ : ਸੁਰਿੰਦਰ ਕੁਮਾਰ, ਰਣਧੀਰ ਗਿੱਲਪੱਤੀ,

ਗੀਤ : ਜਗਸ਼ੀਰ ਜੀਦਾ

2. ਸੀ. ਸੈ. ਸਕੂਲ ਚੁੱਘੇ ਕਲਾਂ ਦੇ ਵਿਦਿਆਰਥੀਆਂ ਵੱਲੋਂ ਲਾਏ ਐਨ.ਐਸ.ਐਸ ਕੈਂਪ ਦੇ ਸਮਾਪਤੀ ਸਮਾਗਮ ਤੇ ਇਕਾਈ ਦੇ ਪ੍ਰਧਾਨ ਰਾਮ ਸਿੰਘ ਨਿਰਮਾਣ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨਕ ਚੇਤਨਾ ਅਤੇ ਸਮਾਜਿਕ ਸੇਵਾ ਲਈ ਉਤਸ਼ਾਹਿਤ ਕਰਨ ਲਈ ਲੈਕਚਰ ਅਤੇ ਬੰਸੀ ਲਾਲ ਐਡਵੋਕੇਟ ਵੱਲੋਂ ਜਾਦੂ ਦੇ ਸ਼ੋਅ ਵਿਖਾਏ ਗਏ। ਕੈਂਪ ਕਮਾਂਡੈਂਟ ਸ਼੍ਰੀ ਗੁਰਦੀਪ ਸਿੰਘ ਡੀ.ਪੀ.ਈ. ਨੇ ਸੁਸਾਇਟੀ ਦਾ ਧੰਨਵਾਦ ਕੀਤਾ।

3. ਜੱਸੀ ਬਾਗ ਵਾਲੀ ਦੇ ਮਾਘੀ ਮੇਲੇ (ਲੋਹੜੀ) ਤੇ ਤਰਕਸ਼ੀਲ ਇਕਾਈ ਪੰਜਾਬ (ਰਜਿ.) ਇਕਾਈ ਬਠਿੰਡਾ ਨੇ ਆਪਣੀ ਸਟੇਜ ਲਾ ਕੇ ਵੱਡੀ ਗਿਣਤੀ ਦਰਸਕਾਂ ਤੱਕ ਆਪਣਾ ਸੁਨੇਹਾ ਪਹੁੰਚਾਇਆ। ਕਿਤਾਬਾਂ, ਕੈਸਟਾਂ ਅਤੇ ਪੋਸਟਰਾਂ ਦੀ ਪ੍ਰਦਰਸ਼ਨੀ ਲਾਈ, ਜਾਦੂ ਦੇ ਸ਼ੋਅ ਅਤੇ ਲੈਕਚਰ ਸਾਰਾ ਦਿਨ ਜਾਰੀ ਰਹੇ।

ਬੁਲਾਰੇ : ਮਾਸਟਰ ਬਲਬੀਰ ਸਿੰਘ, ਰਾਮ ਸਿੰਘ ਨਿਰਮਾਣ ।

ਮੈਜਿਕ : ਸੁਰਿੰਦਰ ਕੁਮਾਰ, ਬਲਵਿੰਦਰ ਫੂਲੋ ਮਿੱਠੀ ਅਤੇ ਐਡਵੋਕੇਟ ਬੰਸੀ ਲਾਲ ਵਿਦਿਆਰਥੀ ।

4. ਸਰਕਾਰੀ ਹਾਈ ਸਕੂਲ ਕਾਲ ਝਰਾਣੀ ਦੇ ਮਾਸਟਰ ਹਰਭਜਨ ਸਿੰਘ ਜੀ ਦੇ ਸੇਵਾ ਮੁਕਤੀ ਵਿਦਾਇਗੀ ਪਾਰਟੀ ਮੌਕੇ ਤੇ ਮਾਸਟਰ ਬਲਬੀਰ ਸਿੰਘ, ਬਲਵਿੰਦਰ ਸਿੰਘ ਤੇ ਅਧਾਰਤ ਮੈਜਿਕ ਟੀਮ ਨੇ ਜਾਦੂ ਦੇ ਸ਼ੋਅ ਦਿਖਾਏ।

ਬੁਲਾਰਾ : ਰਾਮ ਸਿੰਘ ਨਿਰਮਾਣ ।

5. ਬਾਬਾ ਹਾਜੀ ਰਤਨ ਯਾਦਗਾਰ ਮੇਲੇ ਤੇ ਕਿਲਾ ਮੁਬਾਰਕ ਬਠਿੰਡਾ ਵਿਖੇ ਸੁਸਾਇਟੀ ਇਕਾਈ ਬਠਿੰਡਾ ਨੇ ਲਗਾਤਾਰ ਦੋ ਦਿਨ ਤੇ ਦੋ ਰਾਤਾਂ ਪ੍ਰਦਰਸ਼ਨੀ ਅਤੇ ਕਿਤਾਬਾਂ ਕੈਸਟਾਂ ਦੀਆ ਸਟਾਲਾਂ ਲਾ ਕੇ ਹਜਾਰਾਂ ਦਰਸ਼ਕਾਂ ਤੱਕ ਤਰਕਸ਼ੀਲ ਵਿਚਾਰ ਪਹੁੰਚਾਏ। ਮੈਜਿਕ ਟੀਮ ਨੇ ਨਿਰੰਤਰ ਸ਼ੋਅ ਦਿਖਾਕੇ ਗੈਬੀ ਸ਼ਕਤੀ ਦੇ ਦਾਅਵੇਦਾਰਾਂ ਨੂੰ ਚੁਣੌਤੀ ਦਿੱਤੀ ਅਤੇ ਜਾਦੂ ਨੂੰ ਹੱਥ ਦੀ ਸਫਾਈ ਅਤੇ ਜਾਦੂ ਇੱਕ ਕਲਾ ਹੈ ਪ੍ਰਚਾਰਿਆ । ਬੁਲਾਰੇ: ਰਾਮ ਸਿੰਘ ਨਿਰਮਾਣ (ਚੁੱਘ ਕਲਾਂ), ਮਾ. ਬਲਬੀਰ ਸਿੰਘ। ਮੈਜਿਕ ਟੀਮ : ਉਤਮ ਸਿੰਘ, ਸੁਰਿੰਦਰ ਕੁਮਾਰ ਅਤੇ ਕੇਵਲ ਜੀਦਾ।

ਪ੍ਰਬੰਧਕ : ਬਲਦੇਵ ਸਿੰਘ (ਸਕੱਤਰ)

6. ਪਿੰਡ ਜੋਧਪੁਰ ਰੁਮਾਣਾ ਵਿਖੇ ਸਰਕਾਰੀ ਹਾਈ ਸਕੂਲ ਵਿਖੇ ਤਰਕਸ਼ੀਲ ਚੇਤਨਾ ਰੈਲੀ ਦੇ ਬੈਨਰ ਹੇਠ ਅਮਨ ਯੂਥ ਕਲੱਬ ਜੋਧਪੁਰ ਦੇ ਸਹਿਯੋਗ ਨਾਲ ਨੌਜੁਆਨਾਂ ਨੂੰ ਚੇਤੰਨ ਕਰਨ ਅਤੇ ਤਰਕਸ਼ੀਲਤਾ ਦਾ ਸੰਦੇਸ਼ ਦੇਣ ਲਈ ਪ੍ਰੋਗਰਾਮ ਕੀਤਾ ਗਿਆ। ਜਿਸ ਵਿੱਚ ਮਾ. ਬਲਬੀਰ ਸਿੰਘ, ਵਿਜੇ ਕੁਮਾਰ ਤੇ ਅਧਾਰਤ ਮੈਜਿਕ ਟੀਮ ਨੇ ਜਾਦੂ ਦੇ ਸ਼ੋਅ ਦਿਖਾਏ। ਸ਼੍ਰੀ ਰਣਜੀਤ ਸਿੰਘ ਸਿਵੀਆ ਜੋਨ ਆਰਗੇਨਾਈਜਰ ਨੇ ਨੌਜੁਆਨਾਂ ਵਿੱਚ ਵਿਗਿਆਨਕ ਸੋਚ ਵਿਕਸਤ ਕਰਨ ਲਈ ਵਿਚਾਰ ਰੱਖੇ। ਪ੍ਰੋਗਰਾਮ ਵਿੱਚ ਸਟੇਜ ਸਕੱਤਰ ਦੀ ਜਿੰਮੇਵਾਰੀ ਉਤਸ਼ਾਹੀ ਨੌਜੁਆਨ ਸਵਰਨ ਬਬਲੂ ਨੇ ਬਾਖੂਬੀ ਨਿਭਾਈ। ਬਠਿੰਡਾ ਸ਼ਹਿਰ ਦੀਆਂ ਬਸਤੀਆਂ ਅਮਰਪੁਰਾ ਤੇ ਆਦਰਸ਼ ਨਗਰ ਵਿਖੇ ਤਰਕਸ਼ੀਲ ਪ੍ਰੋਗਰਾਮ ਕੀਤੇ ਗਏ ।

ਸਾਡੀ ਧਰਤੀ ਉਤੇ ਲੱਗਭੱਗ 3.5 ਅਰਬ ਸਾਲ ਪਹਿਲਾਂ ਜੀਵਨ ਪੈਦਾ ਹੋਇਆ। ਸਾਡੀ ਧਰਤੀ ਉਤੇ ਜੀਵਨ ਭਰਪੂਰ ਅਨੇਕ ਵੰਨਗੀਆਂ ਮੌਜੂਦ ਹਨ। ਇੱਥੇ ਲੱਗਭੱਗ ਤਿੰਨ ਲੱਖ ਕਿਸਮਾਂ ਦੇ ਪੌਦੇ , ਅੱਠ ਲੱਖ ਕਿਸਮਾਂ ਦੇ ਕੀੜੇ ਮਕੌੜੇ , 23 ਹਜਾਰ ਕਿਸਮਾਂ ਦੀਆਂ ਮੱਛੀਆਂ , 9 ਹਜਾਰ ਕਿਸਮਾਂ ਦੇ ਪੰਛੀ , 6 ਹਜਾਰ 5 ਸੌ ਕਿਸਮਾਂ ਦੇ ਰਹਿਣ ਵਾਲੇ ਜੀਵ , 4 ਹਜਾਰ ਇੱਕ ਸੌ ਕਿਸਮਾਂ ਦੇ ਦੁਧਾਰੂ ਅਤੇ ਕੁੱਝ ਕੁ ਹਜਾਰ ਕਿਸਮਾਂ ਦੇ ਜੀਵਾਣੂੰ ਮੌਜੂਦ ਹਨ ।

– ਡਾਕਟਰ ਡੀ. ਪੀ. ਸਿੰਘ

ਸਾਡੇ ਦੇਸ਼ ਵਿੱਚ ਲੱਗਭੱਗ 400 ਕਿਸਮਾਂ ਦੇ ਕਬੀਲੇ ਅਤੇ ਨਸਲਾਂ ਦੇ ਲੋਕ ਵਸਦੇ ਹਨ, ਜੋ ਦੇਸ਼ ਦੀ 7.5 % ਜਨ ਸੰਖਿਆ ਮਾਤਰਾ ਰੱਖਦੇ ਹਨ । ਇਹ ਖਾਨਾਬਦੋਸ਼ ਤੇ ਜੰਗਲੀ ਵਾਸੀ ਹਨ ।

ਸਫਾ 11 ਦੀ ਬਾਕੀ

ਆਦਮੀ ਦੇ ਕੰਮ ਉਸਦੀਆਂ ਅੰਦਰੂਨੀ ਅਤੇ ਬਾਹਰੀ ਲੋੜਾਂ ਦੁਆਰਾ ਨਿਰਧਾਰਤ ਹੁੰਦੇ ਹਨ, ਇਸ ਲਈ ਰੱਬ ਦੀਆਂ ਨਜਰਾਂ 'ਚ ਉਸਨੂੰ ਜਿਮੇਂਵਾਰ ਨਹੀਂ ਠਹਿਰਾਇਆ ਜਾ ਸਕਦਾ। ਇਸ ਤਰ੍ਹਾਂ ਵਿਗਿਆਨ ਉਪਰ ਨੈਤਿਕਤਾ ਦੀ ਮਹੱਤਤਾ ਘਟਾਉਣ ਦਾ ਦੋਸ਼ ਲਾਇਆ ਜਾਂਦਾ ਹੈ, ਪਰ ਇਹ ਦੋਸ਼ ਗਲਤ ਹੈ। ਇੱਕ ਆਦਮੀ ਦਾ ਸਦਾਚਾਰਕ ਵਿਵਹਾਰ-ਹਮਦਰਦੀ,ਸਿੱਖਿਆ ਅਤੇ ਸਮਾਜਿਕ ਸੰਬੰਧਾਂ ਉਤੇ ਨਿਰਧਾਰਤ ਹੋਣਾ ਚਾਹੀਦਾ ਹੈ, ਇਸ ਲਈ ਕਿਸੇ ਧਾਰਮਿਕ ਆਧਾਰ ਦੀ ਜਰੂਰਤ ਨਹੀਂ ਹੈ। ਆਦਮੀ ਸੱਚਮੁੱਚ ਹੀ ਘਟੀਆ ਰਸਤੇ ਤੇ ਹੋਵੇਗਾ ਜੇ ਉਸਨੂੰ ਸਜਾ ਦੇ ਡਰ ਅਤੇ ਮੌਤ ਪਿਛੋਂ ਇਨਾਮ ਦੀ ਆਸ ਨਾਲ ਹੀ ਕਾਬੂ ਵਿੱਚ ਰੱਖਿਆ ਜਾਂਦਾ ਹੈ।

ਇਸ ਲਈ ਇਹ ਦੇਖਣਾ ਬੜਾ ਸੌਖਾ ਹੈ ਕਿ ਚਰਚ ਨੇ ਸਦਾ ਵਿਗਿਆਨ ਖਿਲਾਫ ਗਵਾਹੀ ਦਿੱਤੀ ਹੈ ਅਤੇ ਇਸਦੇ ਪੈਰੋਕਾਰਾਂ ਤੇ ਅੱਤਿਆਚਾਰ ਕੀਤਾ ਹੈ। ਦੂਜੇ ਪਾਸੇ ਮੈਂ ਇਸ ਗੱਲ ਤੇ ਕਾਇਮ ਹਾਂ ਕਿ ਬ੍ਰਹਿਮੰਡਕ ਧਾਰਮਿਕ ਭਾਵਨਾ, ਵਿਗਿਆਨਕ ਖੋਜ ਲਈ ਸ੍ਰੇਸ਼ਠ ਅਤੇ ਸਭ ਤੋਂ ਤਾਕਤਵਰ ਪ੍ਰੇਰਣਾ ਹੈ। ਸਿਰਫ ਉਹੀ ਲੋਕ, ਜੋ ਸਿਧਾਂਤਕ ਵਿਗਿਆਨ ਵਿੱਚ, ਬੁਨਿਆਦੀ ਕੰਮ ਕਰਨ ਲਈ ਲੋੜੀਂਦੀ ਕਠਿਨ ਘਾਲਣਾ ਅਤੇ ਸਮਰਪਣ ਨੂੰ ਮਹਿਸੂਸ ਕਰ ਸਕਦੇ ਹਨ , ਇਸੇ ਵਿਚੋਂ ਹੀ ਅਜਿਹਾ ਕਾਰਜ , ਜੋ ਕਿ ਜਿੰਦਗੀ ਦੀਆਂ ਤੁਰੰਤ ਪੈਰੀ ਹਕੀਕਤਾਂ ਤੋਂ ਦੂਰ ਦੀ ਚੀਜ ਹੁੰਦਾ ਹੈ, ਪੈਦਾ ਹੋ ਸਕਦਾ ਹੈ।ਜਿਨ੍ਹਾਂ ਦੀ ਵਿਗਿਆਨਕ ਖੋਜ ਨਾਲ ਜਾਣ-ਪਹਿਚਾਣ ਮੁੱਖ ਤੌਰ ਤੇ ਇਸਦੇ ਅਮਲੀ ਸਿੱਟਿਆਂ ਤੋਂ ਹੁੰਦੀ ਹੈ। ਉਹ ਉਨ੍ਹਾਂ ਆਦਮੀਆਂ(ਭਾਵ ਵਿਗਿਆਨੀਆਂ) ਦੀ ਮਾਨਸਿਕਤਾ ਬਾਰੇ ਗਲਤ ਵਿਚਾਰ ਬਣਾ ਲੈਂਦੇ ਹਨ,ਜਿਨ੍ਹਾਂ ਨੇ ਸਾਰੇ ਸੰਸਾਰ ਅਤੇ ਸਾਰੀਆਂ ਸਦੀਆਂ ਵਿੱਚ ਆਪਣੇ ਜਿਹੇ ਹੋਰ ਲੋਕਾਂ ਨੂੰ ਰਸਤਾ ਵਿਖਾਇਆ। ਸਿਰਫ ਉਹੀ ਵਿਅਕਤੀ ਜਿਸਨੇ ਖੁਦ ਆਪਣੀ ਜਿੰਦਗੀ ਅਜਿਹੇ ਹੀ ਨਿਸ਼ਾਨਿਆ ਲਈ ਸਮਰਪਿਤ ਕੀਤੀ ਹੋਵੇ,ਉਹੀ ਇਸਦਾ ਜੀਵਿੰਤ ਅਹਿਸਾਸ ਕਰ ਸਕਦਾ ਹੈ ਕਿ ਇਨ੍ਹਾਂ ਵਿਅਕਤੀਆਂ ਨੂੰ ਕਿਸ ਚੀਜ ਨੇ ਪ੍ਰੇਰਣਾ ਦਿੱਤੀ ਅਤੇ ਬੇਸ਼ੁਮਾਰ ਅਸਫਲਤਾਵਾਂ ਦੇ ਬਾਵਜੂਦ ਵੀ ਆਪਣੇ ਮਕਸਦ ਪ੍ਰਤੀ ਸੱਚੇ ਰਹਿਣ ਦੀ ਸ਼ਕਤੀ ਦਿੱਤੀ। ਇਹ ਬ੍ਰਹਿਮੰਡਕ ਧਾਰਮਿਕ ਭਾਵਨਾ ਹੈ, ਜੋ ਆਦਮੀ ਨੂੰ ਅਜਿਹੀ ਸ਼ਕਤੀ ਦਿੰਦੀ ਹੈ। ਇੱਕ ਸਮਕਾਲੀ ਨੇ ਇਹ ਗਲਤ ਨਹੀਂ ਕਿਹਾ ਕਿ ਸਾਡੇ ਇਸ ਪਦਾਰਥਵਾਦੀ ਯੁੱਗ ਵਿੱਚ ਸਿਰਫ ਸੰਜੀਦਾ ਵਿਗਿਆਨਕ ਕਾਮੇ ਹੀ ਅਸਲ ਧਾਰਮਿਕ ਲੋਕ ਹਨ।

ਹਰ ਸਾਲ ਸਾਡੇ ਦੇਸ਼ ਵਿੱਚ 27000 ਵੰਨਗੀਆਂ ਦੇ ਪੌਦੇ ਤੇ ਪਸ਼ੂ ਵਿਨਾਸ਼ ਦੇ ਕਾਗਾਰ ਵੱਲ ਧੱਕੇ ਜਾ ਰਹੇ ਹਨ । ਜਿਸ ਦਾ ਅਰਥ ਹੈ ਕਿ ਹਰ ਰੋਜ ਲੱਗਭੱਗ 75 ਕਿਸਮਾਂ ਦੇ ਪੌਦੇ ਨਸ਼ਟ ਹੋ ਰਹੇ ਹਨ।

ਛਲੇਡੇ ਦੀ ਦਾਸਤਾਨ

ਨਰਿੰਦ ਕੁਮਾਰ 'ਵਤਨ '

ਅਗਿਆਨ ਅੰਧ ਵਿਸ਼ਵਾਸ਼ ਦੀ ਜਨਮਦਾਤਾ ਹੈ। ਆਮ ਮਨੁੱਖ ਨੂੰ ਜਿਨਾਂ ਵਸਤ ਵਰਤਾਰਿਆਂ ਬਾਰੇ ਪੂਰਨ ਗਿਆਨ ਨਹੀਂ ਹੁੰਦਾ, ਉਹਨਾਂ ਬਾਰੇ ਅੰਧਵਿਸ਼ਵਾਸ਼ਾਂ ਦਾ ਸ਼ਿਕਾਰ ਹੋ ਜਾਂਦਾ ਹੈ ।

ਇਸੇ ਤਰ੍ਹਾਂ ਦੀ ਇੱਕ ਘਟਨਾ ਡੇਰਾ ਬਾਬਾ ਨਾਨਕ ਤੋਂ 10 ਕਿਲੋਮੀਟਰ ਤੋਂ ਦੂਰ ਪਿੰਡ ਸਰਜੇ ਚੱਕ ਵਿਖੇ ਵਾਪਰੀ। ਮੇਰੇ ਇੱਕ ਦੋਸਤ ਦੇ ਸੰਬੰਧੀ ਨੇ ਮੈਨੂੰ ਦੱਸਿਆ ਕਿ ਪਿੰਡ ਸਰਜੇ ਚੱਕ ਵਿਖੇ ਇੱਕ ਛਲੇਡਾ (ਜਿਸ ਨੂੰ ਲੋਕ ਰੂਪ ਬਦਲਣ 'ਚ ਮਾਹਿਰ ਆਖਦੇ ਹਨ) ਪਿੰਡ ਵਾਲਿਆਂ ਫੜਕੇ ਸੰਗਲਾਂ ਨਾਲ ਬੰਨਿਆਂ ਹੋਇਆ ਹੈ, ਉਸਦੇ ਪੁੱਠੇ ਪੈਰ ਹਨ ਅਤੇ ਰੂਪ ਬਦਲਦਾ ਹੈ। ਪਹਿਲਾਂ ਤਾਂ ਮੈਂ ਇਸ ਗੱਲ ਵੱਲ ਜਿਆਦਾ ਧਿਆਨ ਨਾ ਦਿੱਤਾ, ਪਰ ਜਦੋਂ ਦੇਖਿਆ ਕਿ ਲੋਕ ਤਾਂ ਉਸ ਛਲੇਡੇ ਨੂੰ ਵੇਖਣ ਲਈ ਵਹੀਰਾਂ ਘੱਤ ਕੇ ਵੇਖਣ ਲਈ ਜਾ ਰਹੇ ਹਨ ਤੇ ਅਨੋਖੀਆਂ-ਅਨੋਖੀਆਂ ਗੱਲਾਂ ਸੁਣਾ ਰਹੇ ਹਨ·ਤਾਂ ਮੈਂ ਆਪਣੇ ਤਰਕਸ਼ੀਲ ਸਾਥੀ ਪਵਨ ਕੁਮਾਰ ਨਾਲ ਸਲਾਹ ਕਰਕੇ ਉਸ ਛਲੇਡੇ ਨੂੰ ਵੇਖਣ ਦਾ ਪ੍ਰੋਗਰਾਮ ਬਣਾਇਆ। ਅਸੀਂ ਦੋਵੇਂ ਸਾਥੀ ਪਿੰਡ ਸਰਜੇ ਚੱਕ ਜਾ ਪਹੁੰਚੇ ਜਿੱਥੇ ਛਲੇਡਾ ਸੀ। ਪੁੱਛਦੇ-ਪੁੱਛਦੇ ਅਸੀਂ ਉਸ ਘਰ ਜਾ ਪਹੁੰਚੇ ਜਿੱਥੇ ਛਲੇਡਾ ਸੀ। ਉਸ ਘਰ ਪਹੁੰਚਣ ਤੇ ਅਸੀਂ ਲੋਕਾਂ ਦਾ ਇਕੱਠ ਵੇਖਿਆ ਜੋ ਕਿਸੇ ਚੀਜ ਨੂੰ ਘੇਰੀ ਬੈਠੇ ਸਨ । ਅਗਾਂਹ ਹੋ ਕੇ ਵੇਖਿਆ ਨਾ ਤਾਂ ਕੋਈ ਉਥੇ ਛਲੇਡਾ ਸੀ ਤੇ ਨਾ ਹੀ ਉਸਨੂੰ ਸੰਗਲਾਂ ਨਾਲ ਬੰਨਿਆ ਹੋਇਆ ਸੀ। ਉਹ ਤਾਂ ਇੱਕ ਅਨੋਖਾ ਜਾਨਵਰ ਸੀ, 5-7 ਕਿਲੋ ਦਾ ਸਿਪੀਆਂ ਵਰਗੇ ਅਕਾਰ ਦੀਆਂ ਸੰਖੀਆਂ ਨਾਲ ਉਸਦਾ ਵਿਚਲਾ ਹਿੱਸਾ ਢਕਿਆ ਹੋਇਆ ਸੀ, ਜਾਂਚ ਤੋਂ ਬਾਅਦ ਪਤਾ ਲੱਗਾ ਕਿ ਉਹ ਦੋ ਅਗਲੇ ਪੈਰਾਂ ਤੋਂ ਹੱਥਾਂ ਦਾ ਕੰਮ ਲੈਂਦਾ ਹੈ ਅਤੇ ਪਿਛਲੇ ਪੈਰਾਂ ਦੀ ਚਮੜੀ ਸਖਤ ਸੀ। ਅਕਾਰ ਤੋਂ ਤਾਂ ਉਹ ਛੋਟੀ ਉਮਰ ਦਾ ਹੀ ਲੱਗਦਾ ਸੀ, ਪਰ ਉਸਦੇ ਨਹੁੰ ਸਖਤ ਸਨ, ਜੋ ਕਿ ਉਸਦੀ ਵੱਧ ਉਮਰ ਦਾ ਸੰਕੇਤ ਦਿੰਦੇ ਸਨ ।

ਘਰ ਵਾਲਿਆਂ ਨੇ ਪੁੱਛਣ ਤੇ ਦੱਸਿਆ ਕਿ ਜਾਨਵਰ ਜਦੋਂ ਵਿਹੜੇ ਵਿੱਚ ਆਇਆ ਤਾਂ ਅਸੀਂ ਇਸ ਅਨੋਖੇ ਜਾਨਵਰ ਨੂੰ ਛਲੇਡਾ ਸਮਝ ਕੇ ਮਾਰਨਾ ਸ਼ੁਰੂ ਕਰ ਦਿੱਤਾ, ਪਰ ਉਸਦੀ ਸਖਤ ਚਮੜੀ ਕਾਰਨ ਉਸਤੇ ਮਾਰ ਦਾ ਕੋਈ ਅਸਰ ਨਾ ਹੋਇਆ। ਜਾਨਵਰ ਸਹਿਮ ਗਿਆ ਤੇ ਘਰ ਵਾਲਿਆਂ ਉਸਨੂੰ ਫੜਕੇ ਟੋਕਰੀ 'ਚ ਬਿਠਾ ਦਿੱਤਾ। ਇਸ ਅਨੋਖੇ ਜਾਨਵਰ ਨੂੰ (ਜਿਸ ਨੂੰ ਕੁੱਝ ਲੋਕ ਸਿਪ ਦਾ ਨਾਂ ਵੀ ਦੇ ਰਹੇ ਹਨ) ਲੋਕਾਂ ਛਲੇਡਾ ਸਮਝ ਕੇ ਅਫਵਾਹਾਂ ਫੈਲਾਂ ਦਿੱਤੀਆਂ ।

ਇਸ ਸੰਬੰਧੀ ਤਰਕਸ਼ੀਲ ਸੁਸਾਇਟੀ ਨੇ ਮੌਕੇ ਤੇ ਹੀ ਸਪੱਸ਼ਟ ਕੀਤਾ ਕਿ ਇਹ ਪਰਾ-ਭੌਤਿਕ ਜਾਂ ਗੈਬੀ ਜਾਨਵਰ ਨਹੀਂ, ਸਗੋਂ ਪੰਜਾਬ ਵਿੱਚ ਨਾ ਪਾਇਆ ਜਾਣ ਵਾਲਾ ਜਾਨਵਰ ਹੈ ।

ਇਸ ਜਾਨਵਰ ਸੰਬੰਧੀ ਹੇਠਾਂ ਦਿੱਤੀ ਜੀਵ- ਵਿਗਿਆਨਕ ਜਾਣਕਾਰੀ ਡਾਕਟਰ ਮਲਕੀਤ ਸਿੰਘ ਸੈਣੀ,ਪੰਜਾਬੀ ਯੂਨੀਵਰਸਿਟੀ ਨੇ ਇਸ ਪ੍ਰਕਾਰ ਭੇਜੀ ਹੈ ।

ਇਹ ਜਾਨਵਰ ਕੋਈ ਛਲੇਡਾ, ਭੂਤ -ਪ੍ਰੇਤ ਜਾਂ ਕੁਦਰਤ ਦਾ ਚਮਤਕਾਰ ਨਹੀਂ। ਇਸਨੂੰ ਜਾਨਵਰਾਂ ਦੀ ਦੁਨੀਆਂ ਵਿੱਚ ਪੈਂਗੋਲਿਕ ਜਾਂ ਸਕੇਲੀ ਆਂਟ ਈਟਰ ਆਖਦੇ ਹਨ। ਭਾਰਤ ਵਿੱਚ ਇਸ ਦੀਆਂ ਦੋ ਜਾਤੀਆਂ ਉਤਰ ਪੂਰਬੀ ਰਾਜਾਂ ਦੇ ਪਹਾੜੀ ਇਲਾਕਿਆਂ ਵਿੱਚ ਮਿਲਦੀਆਂ ਹਨ। ਇੱਕ ਤੋਂ ਡੇਢ ਮੀਟਰ ਲੰਮੇ ਭੂਰੇ ਪੀਲੇ ਜਾਂ ਮਿੱਟੀ ਰੰਗੇ ਇਸ ਜਾਨਵਰ ਦੇ ਸਰੀਰ ਦੀ ਉਪਰਲੀ ਸਤਹ ਇੱਕ ਦੂਜੇ ਉਪਰ ਚੜੀਆਂ ਹੋਈਆਂ ਹੱਡੀਨੁਮਾਂ ਪਰਤਾਂ ਨਾਲ ਢਕੀ ਹੁੰਦੀ ਹੈ। ਦੇਖਣ ਵਿੱਚ ਇਹਨਾਂ ਪਰਤਾਂ ਦੀ ਤਰਤੀਬ ਬਾਰ ਬਿਲਕੁੱਲ ਉਸੇ ਤਰਾਂ ਦੀ ਹੁੰਦੀ ਹੈ ਜਿਵੇਂ ਪਹਾੜਾਂ ਵਿੱਚ ਮਕਾਨਾਂ ਦੀ ਛੱਤਾਂ ਤੇ ਸਲੇਟਾਂ ਦੀ। ਭਾਰਤ ਤੋਂ ਇਲਾਵਾ ਇਸਦੀਆਂ ਤਿੰਨ ਹੋਰ ਜਾਤੀਆਂ ਅਫਰੀਕਾ ਦੇ ਉਪ ਮਹਾਂਦੀਪਾਂ ਵਿੱਚ ਮਿਲਦੀਆਂ ਹਨ। ਫਰਕ ਸਿਰਫ ਇਤਨਾ ਕਿ ਭਾਰਤ ਵਿਚਲੀਆਂ ਜਾਤੀਆਂ 2-3.5 ਮੀਟਰ ਡੂੰਘੀਆਂ ਖੁੱਡਾ ਬਣਾ ਕੇ ਰਹਿੰਦੀਆਂ ਹਨ, ਜਦੋਂ ਕਿ ਅਫਰੀਕਨ ਜਾਤੀਆਂ ਰੁੱਖਾਂ ਉਪਰ। ਨਰ ਅਤੇ ਮਾਦਾ ਦੋਨਾਂ ਵਿੱਚ ਹੀ ਨੱਕ ਲੰਬੂਤਰਾ, ਅੱਖਾਂ ਛੋਟੀਆਂ , ਮੂੰਹ ਦੰਦਾਂ ਰਹਿਤ ਅਤੇ ਜੀਭ ਲੰਮੀ,ਪਤਲੀ ਤੇ ਚਿਪਚਿਪੀ ਹੁੰਦੀ ਹੈ। ਚਾਰੇ ਪਾਸੇ ਬੜੇ ਮਜਬੂਤ ਤੇ ਲੰਮੀਆਂ-ਲੰਮੀਆਂ ਨਹੁੰਦਰਾਂ ਵਾਲੇ ਹੁੰਦੇ ਹਨ। ਬੜੀ ਹੌਲੀ-ਹੌਲੀ ਤੁਰਨ ਵਾਲਾ ਇਹ ਜਾਨਵਰ ਸ਼ਕਲ ਸੂਰਤ ਵਿੱਚ ਭਾਵੇਂ ਰੀਂਗਣ ਵਾਲੇ ਜਾਨਵਰ ਮਗਰਮੱਛ ਆਦਿ ਨਾਲ ਮੇਲ ਖਾਂਦਾ ਜਾਪਦਾ ਹੈ,ਪਰ ਅਸਲ ਵਿੱਚ ਇਹ ਪਸ਼ੂਆਂ ਦੀ ਜਾਤੀ ਨਾਲ ਸੰਬੰਧ ਰੱਖਦਾ ਹੈ। ਆਪਣੀਆਂ ਖੁੱਡਾਂ ਵਿੱਚੋਂ ਇਹ ਰਾਤ ਵੇਲੇ ਹੀ ਬਾਹਰ ਆਉਂਦਾ ਹੈ। ਇਸਦੀ ਖੁਰਾਕ ਵਿੱਚ ਕੀੜੀਆਂ ਤੇ ਸਿਉਂਕ ਸ਼ਾਮਲ ਹੈ। ਅਗਲੇ ਪੰਜਿਆਂ ਨਾਲ ਇਹ ਸਿਉਂਕ ਤੇ ਕੀੜੀਆਂ ਦੀਆਂ ਖੁੱਡਾਂ ਨੂੰ ਪੁੱਟਦਾ ਹੈ ਤੇ ਫਿਰ ਉਹਨਾਂ ਵਿੱਚ ਲੰਮੀ ਤੇ ਚਿਪਚਿਪੀ ਜੀਭ ਨੂੰ ਧਕੇਲ ਦਿੰਦਾ ਹੈ, ਜਿਸ ਨਾਲ ਬੇਸ਼ੁਮਾਰ ਕੀੜੀਆਂ ਤੇ ਸਿਉਂਕ ਚਿਪਕ ਜਾਂਦੀ ਹੈ। ਬੱਸ ਇਹੀ ਹੈ ਇਸਦੀ ਖੁਰਾਕ। ਅੰਗਰੇਜੀ ਵਿੱਚ ਇਸ ਕਰਕੇ ਹੀ ਇਸ ਨੂੰ ਸਕੇਲੀ ਐਂਟ ਈਟਰ ਆਖਦੇ ਹਨ। ਕਿਸੇ ਵੀ ਖਤਰੇ ਵੇਲੇ ਇਹ ਆਪਣੇ ਮੂੰਹ ਨੂੰ ਮੋੜ ਕੇ ਅਗਲੀਆਂ ਲੱਤਾਂ ਵਿੱਚ ਦੇ ਲੈਂਦਾਂ ਹੈ ਤੇ ਗੇਂਦ ਵਾਂਙੂ ਗੋਲ ਹੋ ਜਾਂਦਾ ਹੈ। ਇਸ ਸੂਰਤ ਵਿੱਚ ਦੁਸ਼ਮਣ ਇਸ ਦਾ ਕੁੱਝ ਵਿਗਾੜ ਨਹੀਂ ਸਕਦਾ।

ਇਸ ਜਾਨਵਰ ਦਾ ਪੰਜਾਬ ਵਿੱਚ ਨਜਰੀਂ ਪੈ ਜਾਣਾ ਵਾਕਈ ਹੈਰਾਨ ਕਰ ਦੇਣ ਵਾਲੀ ਘਟਨਾ ਹੈ। ਜਾਪਦਾ ਹੈ ਕਿ ਜਾਂ ਤਾਂ ਇਸਨੂੰ ਉਤਰ ਪੂਰਬੀ ਰਾਜਾਂ ਵਿੱ ਚੋਂ ਜਬਰੀ ਫੜਕੇ ਪੰਜਾਬ ਵਿੱਚ ਛੱਡਿਆ ਗਿਆ ਤਾਂ ਕਿ ਲੋਕਾਂ ਵਿੱਚ ਸਨਸਨੀ ਪੈਦਾ ਕੀਤੀ ਜਾ ਸਕੇ ਤੇ ਜਾਂ ਫਿਰ ਇਹ ਕਿਸੇ ਟਰੱਕ ਦੇ ਉਪਰ ਰਾਤ ਵਕਤ ਚੜਿਆਂ ਹੋਵੇਗਾ। ਟਰੱਕ ਚਲ ਪਿਆ ਤੇ ਇਹ ਉਸ ਵਿੱਚ ਗੁੱਛਾ ਮੁੱਛਾ ਹੋ ਕੇ ਪਿਆ ਰਿਹਾ। ਪੰਜਾਬ ਪਹੁੰਚ ਕੇ ਟਰੱਕ ਉਪਰੋਂ ਸਮਾਨ ਉਤਾਰਿਆ ਗਿਆ ਹੋਵੇਗਾ ਅਤੇ ਹੇਠੋਂ ਇਹ ਵਿਚਾਰਾ ਅਨੋਖਾ ਜਾਨਵਰ ਨਿਕਲ ਆਇਆ। ਸੋ ਭੂਤ ਪ੍ਰੇਤ ਜਾਂ ਛਲੇਡਾ ਨਹੀਂ ਸਗੋਂ ਅਨੋਖਾ ਜਾਨਵਰ ਹੈ, ਜੋ ਪੰਜਾਬ ਵਿੱਚ ਨਹੀਂ ਮਿਲਦਾ।

ਇਸ ਜਾਣਕਾਰੀ ਦੇ ਪ੍ਰਸੰਗ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਇੱਕ ਵਾਰ ਫਿਰ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਕਿਸੇ ਅਨੋਖੀ ਘਟਨਾ ਜਾਂ ਜੀਵ ਨੂੰ ਦੇਖ ਕੇ ਅੰਧਵਿਸ਼ਵਾਸ਼ਾ ਵਿੱਚ ਨਾ ਪੈ ਜਾਇਆ ਕਰਨ, ਸਗੋਂ ਵਿਗਿਆਨ ਦੀ ਕਸਵੱਟੀ ਤੇ ਪਰਖਿਆ ਕਰਨ।

ਪੁਨਰ ਜਨਮ ਦਾ ਪਰਦਾਫਾਸ਼

ਮਾਸਟਰ ਮੁਕੰਦ ਸਿੰਘ

ਇੱਕ ਆਂਗਨਵਾੜੀ ਮਹਿਲਾ ਜਿਸ ਦੀ ਸਾਖਰਤਾ ਮਿਸ਼ਨ ਦੀ ਮੀਟਿੰਗ ਵਿੱਚ ਡਿਊਟੀ ਹੈ, ਨੇ ਦੱਸਿਆ ਕਿ ਤੁਸੀਂ ਦਿਨ ਰਾਤ ਅਣ ਵਿਗਿਆਨਕ ਘਟਨਾਵਾਂ ਨਾਲ ਲੜਾਈ ਕਰਦੇ ਹੋ, ਪ੍ਰੰਤੂ ਮਿਤੀ 25-1-98 ਨੂੰ ਇੱਕ 5-6 ਸਾਲ ਦਾ ਲੜਕਾ ਜਿਸ ਨੇ ਪਿੰਡ ਮਾਖਾ ਨੇੜੇ ਕਾਲਿਆਂਵਾਲੀ (ਹਰਿਆਣਾ) ਵਿੱਚ ਪਿਤਾ ਡੀ.ਸੀ. ਸਿੰਘ ਪੁੱਤਰ ਕਾਕਾ ਸਿੰਘ ਮੈਂਬਰ ਦੇ ਘਰ ਜਨਮ ਲਿਆ ਹੈ। ਉਹ ਕਹਿੰਦਾ ਕਿ ਮੈਂ ਪਿੰਡ ਕਲਾਲਵਾਲਾ ਬਠਿੰਡਾ ਦਾ ਤਾਰੂ ਸਿੰਘ ਹਾਂ। 6 ਸਾਲ ਪਹਿਲਾਂ ਮੈਂ ਸ਼ਰਾਬੀ ਹਾਲਤ ਵਿੱਚ ਆਪਣੇ ਹੀ ਟ੍ਰੈਕਟਰ ਹੇਠ ਆ ਕੇ ਮਰ ਗਿਆ ਸੀ। ਮੈਂ ਆਪਣੇ ਘਰ ਜਾ ਕੇ ਆਪਣੇ ਮਾਂ ਬਾਪ , ਬੱਚੇ-ਬੱਚੀਆਂ, ਪਹਿਚਾਣ ਲਵਾਂਗਾ ਤੇ ਅੱਡੇ ਤੋਂ ਆਪ ਹੀ ਘਰ ਚਲਾ ਜਾਵਾਂਗਾ। ਮਿਤੀ 25-1-98 ਨੂੰ ਪਿੰਡ ਕਲਾਲ ਵਾਲੇ ਅਤੇ ਮਿਤੀ 1-2-98 ਨੂੰ ਮਾਖੇ ਤਿੰਨ ਮੈਂਬਰੀ ਟੀਮ ਲੈ ਕੇ ਜਦੋਂ ਪੜਤਾਲ ਕੀਤੀ ਤਾਂ ਪਰਿਵਾਰ ਦੀ ਜਾਣ ਪਹਿਚਾਣ ਹੁੰਦੀ ਹੈ। ਉਨ੍ਹਾਂ ਆਪ ਹੀ ਮੰਨ ਲਿਆਂ ਕਿ ਕਲਾਲ ਵਾਲੇ ਹਰਚੇਤ ਸਿੰਘ (ਮਾਨਸਿਕ ਰੋਗੀ) ਦੀ ਮਾਸੀ ਦਾ ਦੋਹਤਾ ਹੈ। ਹਰਤੇਜ ਨੇ ਮੈਨੂੰ ਦੱਸਿਆ ਕਿ ਅਸੀਂ ਕਮਾਲੂ ਵਿਆਹ ਤੇ ਇਕੱਠੇ ਹੋਏ ਸੀ। ਇਹ ਗੱਲ ਉਥੇ ਦੱਸੀ ਕਿ ਬੱਚਾ ਆਪਣੇ ਆਪ ਨੂੰ ਤਾਰੂ ਕਹਿੰਦਾ ਹੈ।

ਦੂਸਰੀ ਲਾਲਚ ਵਾਲੀ ਕਹਿੰਦੇ ਕੋਈ ਗੱਲ ਨਹੀਂ। ਇਹ ਸਿੱਧ ਹੋਈ ਜਦੋਂ ਮੈਂ ਪੜਤਾਲ ਕਰਕੇ ਵੀਹੀ ਵਿੱਚ ਆ ਰਿਹਾ ਸੀ ਤਾਂ ਇੰਦਰ ਸਿੰਘ ਮੇਰਾ ਦੋਸਤ ਹੱਥ ਵਿੱਚ ਪੰਜ ਰੁਪਏ ਦਾ ਨੋਟ ਲੈ ਕੇ ਆ ਰਿਹਾ ਸੀ। ਮੇਰੇ ਪੁੱਛਣ ਤੇ ਕਹਿਣ ਲੱਗਿਆ ਮੁੰਡੇ ਦੇ ਦਰਸ਼ਨ ਕਰ ਆਵਾਂਗੇ ਤੇ ਪੰਜ ਰੁਪਏ ਮੱਥਾ ਟੇਕ ਆਵਾਂਗੇ। ਜਦੋਂ ਮੈਂ ਨਾਲ ਜਾਣ ਲੱਗਿਆ ਤਾ ਕਹਿੰਦਾ ਕਿ ਤੇਰੇ ਨਾਲ ਨਹੀਂ ਜਾਣਾ। ਮੈਂ ਫਿਰ ਵਾਪਸ ਮੌਕੇ ਤੇ ਜਾ ਕੇ ਕਿਹਾ ਕਿ ਤੁਸੀਂ ਕਹਿੰਦੇ ਹੋਂ ਲਾਲਚ ਨਹੀਂ ਤਾਂ ਮੱਥਾ ਟਿਕ ਰਿਹਾ ਹੈ। ਇੱਕ ਹੋਰ ਕਹਿੰਦਾ ਮੈਂ ਦਸ ਰੁਪਏ ਦਿੱਤੇ ਹਨ। ਪੰਜਾਹ ਵੀ ਦਿੱਤੇ ਗਏ।

ਸੋ ਆਮ ਬੱਚੇ ਵਾਂਗ ਸਿਖਾਈਆਂ ਗੱਲਾਂ ਹੀ ਦੱਸ ਸਕਿਆ। ਜਿਹੜੀਆਂ ਦੋ ਔਰਤਾਂ ਦਾਦੀ ਤੇ ਭੂਆ ਮਾਖੇ ਬੱਚੇ ਕੋਲ ਆ ਕੇ ਕਹਿਣ ਲੱਗੀਆਂ, ਦੱਸ ਦੇ ਤੇਰੇ ਕਿੰਨੇ ਬੱਚੇ ਹਨ। ਤਾਂ ਉਨ੍ਹਾਂ ਵੱਲ ਕਿਸੇ ਇਸ਼ਾਰੇ ਜਾਂ ਗੱਲ ਦੀ ਉਡੀਕ ਵਿੱਚ ਉਨ੍ਹਾਂ ਵੱਲ ਦੇਖਣ ਲੱਗਾ। ਗੱਲ ਕੀ ਇਹ ਛੜਯੰਤਰ ਉਨ੍ਹਾਂ ਔਰਤਾਂ ਵੱਲੋਂ ਕਿਸੇ ਸਾਧ ਸਿਆਣੇ ਦੇ ਕਹਿਣ ਤੇ ਹੀ ਰਚਿਆ ਗਿਆ ਕਿਉਂਕਿ ਮੁੰਡਾਂ ਚਾਰ ਕੁੜੀਆਂ ਪਿੱਛੋਂ ਹੋਇਆ ਹੈ।

ਹੇਠ ਲਿਖੀ ਪ੍ਰਸ਼ਨਾਵਲੀ ਦੋਨੋਂ ਇੰਟਰਵਿਊ ਵਿੱਚ ਪੁੱਛੇ ਸਵਾਲਾਂ ਦੀ ਹੈ ।

ਪ੍ਰਸ਼ਨ : ਕੀ ਮੈਂ ਕੁੱਝ ਮੋਹਤਬਰ ਲੋਕਾਂ ਦੀ ਮਨਜੂਰੀ ਨਾਲ ਕੁੱਝ ਸੁਆਲ ਪੁੱਛ ਸਕਦਾ ਹਾਂ।

ਉਤਰ : (ਹਜੂਮ ਤੇ ਘਰਦਿਆਂ ਵੱਲੋਂ ਸ਼ਰਧਾਲੂ ਜਾਣਕੇ) : ਪੁੱਛੋ ਜੀ ਪੁੱਛੋ, ਸਭ ਕੁੱਝ ਦੱਸੇਗਾ।

ਪ੍ਰਸ਼ਨ : ਤਾਰੂ ਸਿੰਘ ਇਸ ਪਿੰਡ ਵਿੱਚ ਕਿੰਨੇ ਮਾਸਟਰ ਹਨ ?

ਉਤਰ : ਜੀ ਇਸ ਦਾ ਵਿਚਾਰੇ ਬੱਚੇ ਨੂੰ ਕੀ ਪਤਾ ਹੈ ।

ਪਸ਼ਨ :ਮੈਂ ਤਾਰੂ ਸਿੰਘ ਜੋ 30 ਸਾਲ ਦੀ ਉਮਰ ਵਿੱਚ ਮਰਿਆ ਹੈ ਉਸ ਨਾਲ ਗੱਲ ਕਰ ਰਿਹਾ ਹਾਂ, ਨਾਂ ਕਿ ਬੱਚੇ ਨਾਲ।

ਉਤਰ : ਅਜਿਹੀਆਂ ਗੱਲਾਂ ਦਾ ਤਾਂ ਸਾਨੂੰ ਪਤਾ ਨਹੀਂ ਇਸ ਬੱਚੇ ਨੂੰ ਕੀ ਪਤਾ ਹੈ। ਇਸ ਨੇ ਤਾਂ ਆਪਣੀ ਚਾਚੀ ਤੇ ਗਵਾਂਢੀਆਂ ਨੂੰ ਵੀ ਨਹੀਂ ਪਹਿਚਾਣਿਆ।

ਪ੍ਰਸ਼ਨ : ਕਿੰਨੇ ਥਾਣੇਦਾਰ ਹਨ ?

ਉਤਰ : ਪਤਾ ਨਹੀਂ ।

ਪ੍ਰਸ਼ਨ : ਤੁਹਾਡੇ ਗੁਆਂਢ ਵਿੱਚ ਕਿਸ ਦਾ ਘਰ ਹੈ ?

ਉਤਰ : ਚੂਹੜਿਆਂ ਦਾ (ਮਾਖੇਵਾਲੇ) {ਗਲਤ}

ਪ੍ਰਸਨ : ਤੁਹਾਡੀ ਵੀਹੀ ਦੇ ਸਾਹਮਣੇ ਛੱਪੜ ਤੇ ਸੰਤ ਰਹਿੰਦਾ ਸੀ, ਉਸਦੀ ਮੌਤ ਕਿਵੇਂ ਹੋਈ ?

ਉਤਰ : ਪਤਾ ਨਹੀਂ। (ਸੰਤ ਮਖਿਆਲ ਡੂੰਮਣੇ ਦੀਆਂ ਮੱਖੀਆਂ ਨਾਲ ਮਰਿਆ ਸੀ) ।

ਪ੍ਰਸਨ :ਜਦੋਂ ਹਫਤਾ ਪਹਿਲਾਂ ਪ੍ਰਚਾਰ ਕੀਤਾ ਗਿਆ ਸੀ ਕਿ ਸਾਰੇ ਇਲਾਕੇ ਵਿੱਚ ਕਿ ਬੱਚਾ ਛੇ ਮਹੀਨਿਆਂ ਤੋਂ ਰਿਹਾੜ ਕਰ ਰਿਹਾ ਹੈ ਕਿ ਮੈਨੂੰ ਮੇਰੇ ਘਰ ਲੈ ਕੈ ਜਾਓ। ਮੈਂ ਅੱਡੇ ਤੋਂ ਸਿੱਧਾ ਘਰ ਜਾਵਾਂਗਾ, ਤਾਂ ਤੂੰ ਰਿਸ਼ਤੇਦਾਰਾਂ ਦੇ ਘਰ ਅੱਡੇ ਤੋਂ ਕਿਉਂ ਗਿਆ ?

ਉਤਰ : ਉਹ ਤੇ ਜਾਣਾ ਹੀ ਸੀ, ਮੈਂ ਚਾਹ ਨਹੀਂ ਪੀਤੀ। ਹਰਤੇਜ ਕਹਿੰਦਾ ਕਿ ਮੈਂ ਦੇਖਿਆ ਕਿ ਇੰਨੇ ਹਜੂਮ ਨੂੰ ਕੌਣ ਚਾਹ ਪਿਆਵੇਗਾ। ਸੋ ਗੱਲ ਘੜ ਲਈ ਕਿ ਮੁੰਡਾਂ ਕਹਿੰਦਾ ਕਿ ਮੈਂ ਆਪਣੇ ਘਰ ਚਾਹ ਪੀਵਾਂਗਾ। ਮਾਂ ਬਾਪ ਨਾਲ ਹੀ ਬੱਚਾ ਤੁਰ ਰਿਹਾ ਸੀ ਜੋ ਪਹਿਲਾਂ ਵੀ ਇਸ ਘਰ ਆਇਆ ਸੀ ਤੇ ਉਹ ਮਾਂ ਬਾਪ ਪਹਿਲਾਂ ਦਿਖਾ ਗਏ ਸਨ। ਕੁੱਝ ਔਰਤਾਂ ਬੋਲ ਸਭ ਕੁੱਝ ਕਹਿ ਰਹੀਆਂ ਸਨ। ਤੇਰੀ ਕੁੜੀ ਹੈ, ਸਿਰ ਪਲੋਸਦੇ ਆਦਿ।

ਪ੍ਰਸ਼ਨ : ਜਦੋਂ ਤੇਰਾ ਐਕਸੀਡੈਂਟ ਹੋਇਆ, ਕਿੰਨੇ ਬੰਦੇ ਸੀ ਤੇ ਤੁਸੀਂ ਕਿੰਨਿਆਂ ਨੇ ਰਲਕੇ ਸ਼ਰਾਬ ਪੀਤੀ ਸੀ ?

ਉਤਰ : ਪਤਾ ਨਹੀਂ। ਚਾਰ ਜਣੇ ਕਲਾਲਵਾਲੇ ਦੋ ਜਣੇ ਮਾਖੇ ।

ਪ੍ਰਸ਼ਨ : ਟ੍ਰੈਕਟਰ ਦੀ ਕਾਪੀ ਕੋਲ ਸੀ ?

ਉਤਰ : ਹਾਂ ।

ਪ੍ਰਸਨ : ਕਾਪੀ ਨੰ: ਜਾਂ ਟ੍ਰੈਕਟਰ ਨੰ: ਕਿੰਨਾ ਸੀ ?

ਉਤਰ : ਪਤਾ ਨਹੀਂ ।

ਬਾਕੀ ਸਫਾ '33 ਤੇ

ਕੰਮ ਦੀਆਂ ਗੱਲਾਂ :-

ਪਛੜੇਵਾਂ ਅਤੇ ਪੁਰਾਤਨ ਸੋਚ

ਰਜਿੰਦਰ ਜਈ ਰੋਹੀੜਾ

ਅੱਜ ਭਾਰਤੀ ਸਮਾਜ ਵਿੱਚ ਚਾਰੇ ਪਾਸੇ ਅੰਧਵਿਸ਼ਵਾਸ਼ਾਂ ਅਤੇ ਵਹਿਮਾਂ ਭਰਮਾਂ ਦਾ ਬੋਲਬਾਲਾ ਹੈ ।ਜੀਵਨ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਤੋਂ ਲੈ ਕੇ ਵੱਡੇ-ਵੱਡੇ ਮਸਲਿਆ ਤੱਕ ਵਿੱਚ ਅੰਧਵਿਸ਼ਵਾਸ਼ ਅਤੇ ਵਹਿਮ ਭਰਪੂਰ ਸੋਚ ਅਪਣਾਏ ਜਾਣ ਦੇ ਕਾਰਨ ਹੀ ਅੱਜ ਭਾਰਤ ਦੁਨੀਆਂ ਵਿੱਚ ਪਿਛੜਦਾ ਜਾ ਰਿਹਾ ਹੈ। ਦੁਨੀਆਂ ਤਰੱਕੀ ਕਰਦੀ ਜਾ ਰਹੀ ਹੈ ਅਤੇ ਭਾਰਤ ਯਾਨਿ ਅਸੀਂ ਸਾਰੇ ਭਾਰਤੀ ਆਪਣੀ ਪੁਰਾਤਨ ਸੋਚ ਸਦਕਾਂ ਹਰ ਖੇਤਰ ਵਿੱਚ ਮੂੰਹ ਦੀ ਖਾ ਰਹੇ ਹਾ। ਰੋਜਾਨਾਂ ਜਿੰਦਗੀ ਦੀਆ ਛੋਟੀਆਂ-ਛੋਟੀਆਂ ਦਿਸਣ ਵਾਲੀਆਂ ਗੱਲਾਂ ਵਿੱਚ ਹੀ ਸਾਡੇ ਪਛੜਣ ਦਾ ਭੇਦ ਲੁਕਿਆ ਹੋਇਆ ਹੈ।

ਦਸ ਕੁ ਦਿਨ ਪਹਿਲਾਂ ਮੈਂ ਸੜਕ ਉਤੇ ਇੱਕ ਉਸਾਰੀ ਅਧੀਨ ਪੁਲੀ ਦੇਖੀ। ਮਜਦੂਰ ਪਸੀਨੇ ਅਤੇ ਧੂੜ ਦੇ ਨਾਲ ਲਿਬੜੇ ਕੰਮ ਉਤੇ ਲੱਗੇ ਹੋਏ ਸਨ। ਪਰ ਆਹ ਕੀ ?- ਉਸਾਰੀ ਅਧੀਨ ਪੁਲੀ ਦੇ ਇੱਕ ਪਾਸੇ ਖੇਤਾਂ ਵਿੱਚ ਪਾਠ ਧਰਾਇਆ ਹੋਇਆ ਸੀ। ਪੁੱਛਣ ਤੇ ਪਤਾ ਲੱਗਾ ਕਿ ਇਹ ਪੁਲੀ ਕਈ ਵਾਰ ਉਸਾਰੀ ਜਾ ਚੁੱਕੀ ਹੈ ਪਰ ਹਰ ਵਾਰ ਇਹ ਬਾਰਸ਼ਾਂ ਕਾਰਨ ਟੁਟ ਜਾਂਦੀ ਰਹੀ ਹੈ। ਪਾਠ ਕਰਾਉਣ ਨਾਲ ਅਜਿਹਾ ਵਾਪਰਨ ਦੀ ਸੰਭਾਵਨਾਂ ਜੇ ਖਤਮ ਨਾ ਵੀ ਹੋਈ ਤਾਂ ਘੱਟ ਜਰੂਰ ਹੋ ਜਾਵੇਗੀ। ਮੈਂ ਸੁਣ ਕੇ ਹੈਰਾਨ ਰਹਿ ਗਿਆ ਕਿ ਪੂਜਾ ਪਾਠ ਨਾਲ ਪੁਲੀ ਦੀ ਪਾਏਦਾਰੀ ਦਾ ਕੀ ਸੰਬੰਧ ਹੋਇਆ ? ਜੇਕਰ ਠੇਕੇਦਾਰ ਅਤੇ ਸਰਕਾਰੀ ਅਫਸਰਾਂ ਨੇ ਇਮਾਨਦਾਰੀ ਤੋਂ ਕੰਮ ਨਹੀਂ ਲਿਆ ਹੋਵੇਗਾ ਤਾਂ ਇੱਕ ਪਾਠ ਤਾਂ ਕੀ ਇੱਕੀ,ਇਕੱਤੀ ਜਾ ਇਕਵੰਜਾ ਪਾਠ ਵੀ ਪੁਲੀ ਨੂੰ ਬਾਰਸ਼ ਤੋਂ ਨਹੀਂ ਬਚਾਅ ਸਕਣਗੇ। ਇਸ ਘਟਨਾ ਤੋਂ ਥੋੜੇ ਦਿਨ ਬਾਅਦ ਟੈਲੀਵੀਜਨ ਤੇ ਖਬਰ ਸੁਣੀ ਕਿ ਜਪਾਨ ਨੇ ਆਪਣੇ ਦੋ ਟਾਪੂਆਂ ਨੂੰ ਜਨਤਾਂ ਦੀ ਸਹੂਲਤ ਲਈ ਸੜਕੀ ਆਵਾਜਾਈ ਨਾਲ ਜੋੜਨ ਵਾਸਤੇ ਇੱਕ ਅਜਿਹੇ ਪੁਲ ਦਾ ਨਿਰਮਾਣ ਕੀਤਾ ਹੈ ਜਿਸ ਦੀ ਲੰਬਾਈ ਚਾਰ ਕਿਲੋਮੀਟਰ ਹੈ। ਸਮੁੰਦਰ ਉਪਰ ਬਣੇ ਇਸ ਪੁਲ ਵਿੱਚ ਥੰਮਾਂ ਦੀ ਦੂਰੀ ਦੋ-ਦੋ ਕਿਲੋਮੀਟਰ ਦੂਰ ਹੈ ਤੇ 350 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਵਾਲਾ ਝੱਖੜ ਇਸ ਦਾ ਕੁੱਝ ਨਹੀਂ ਵਿਗਾੜ ਸਕਦਾ। ਉਪਰੋਕਤ ਘਟਨਾਵਾਂ ਕਿਸੇ ਵਿਆਖਿਆ ਦੀਆਂ ਮੁਹਤਾਜ ਨਹੀਂ, ਇਹ ਆਪਣੀ ਵਿਆਖਿਆਂ ਆਪ ਹੀ ਹਨ।

ਇੱਕ ਹੋਰ ਛੋਟੀ ਜਿਹੀ ਉਦਾਹਰਨ ਹੈ ਜੋ ਆਪਣੀ ਮਿਸਾਲ ਆਪ ਹੋਣ ਦੇ ਨਾਲ-ਨਾਲ ਵੱਡੇ ਅਰਥ ਛੁਪਾਈ ਬੈਠੀ ਹੈ। ਅਮਰੀਕਾ ਨੇ ਆਪਣਾ ਪੁਲਾੜ ਯੰਤਰ 'ਸੋਜਰਨ ' ਮੰਗਲ ਗ੍ਰਹਿ ਉਤੇ ਭੇਜ ਦਿੱਤਾ ਜਿਸ ਨੇ ਉਥੇ ਕਾਫੀ ਸਮਾ ਬਿਤਾਇਆ ਅਤੇ ਮੰਗਲ ਦੇ ਮਿੱਟੀ ਪੱਥਰ ਪੁੱਟ ਕੇ ਤਜਰਬੇ ਵੀ ਕੀਤੇ। ਪ੍ਰੰਤੂ " ਮੰਗਲ ਗ੍ਰੀਹ " ਅਮਰੀਕਾ ਦਾ ਕੁੱਝ ਵੀ ਵਿਗਾੜ ਨਾ ਸਕਿਆ। ਪਰ ਸਾਡੇ ਭਾਰਤੀ ਸਮਾਜ ਵਿੱਚ ਲੋਕ ਅੱਜ ਵੀ ਆਪਣੇ ਬੱਚਿਆਂ ਦੀਆਂ ਜਨਮ ਕੁੰਡਲੀਆਂ ਵਿੱਚ ਮੰਗਲ ਦੇ ਭੈੜੇ ਪ੍ਰਭਾਵ ਤੋਂ ਘਬਰਾਏ ਹੋਏ ਜੋਤਸ਼ੀਆਂ ਦੀਆਂ ਬਰੂਹਾਂ ਤੇ ਆਪਣੀਆ ਜੁੱਤੀਆ ਘਸਾ ਰਹੇ ਹਨ।

ਹੁਣ ਸੋਚਣ ਦਾ ਮੁੱਦਾ ਹੈ ਕਿ ਸਧਾਰਣ ਜਨਤਾਂ ਨੂੰ ਵਿਗਿਆਨਕ ਸੋਚ ਕੌਣ ਬਖਸੇਗਾ। ਸਿੱਧੇ ਰਾਹੇ ਕੌਣ ਪਾਏਗਾ ? ਦੇਸ ਦੇ ਨੇਤਾ ਜਨਤਾ ਲਈ ਚਾਨਣ ਮੁਨਾਰੇ ਹੁੰਦੇ ਹਨ। ਜੇ ਇਹ ਗੱਲ ਸੱਚ ਹੈ ਤਾਂ ਸਭ ਤੋਂ ਪਹਿਲਾ ਇਸ ਬਾਬਤ ਪਹਿਲ ਕਰਨ ਦਾ ਫਰਜ ਦੇਸ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦਾ ਬਣਦਾ ਹੈ। ਪਰ ਸਾਡੇ ਭਾਰਤ ਦੇ ਰਾਸ਼ਟਰ ਪਤੀ ਅਖੌਤੀ ਸੰਤਾਂ ਦੇ ਚਮਤਕਾਰਾਂ ਦੀ ਪੜਤਾਲ ਕੀਤੇ ਬਿਨਾਂ ਹੀ ਨੱਕ-ਮਸਤਕ ਹੋ ਕੇ ਉਹਨਾ ਦਾ ਅਸ਼ੀਰਵਾਦ ਲੈਂਦੇ ਹਨ। ਸਾਡੇ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਸਾਹਿਬ ਆਪਣੀ ਸਰਕਾਰ ਵੱਲੋਂ ਪੰਜ ਸਾਲ ਪੂਰੇ ਕਰਨ ਦੀ ਸੁੱਖ ਮੰਗਣ ਲਈ ਹਵਨ ਵਿੱਚ ਅਹੂਤੀਆਂ ਪਾਉਂਦੇ ਹਨ। ਜਿਵੇਂ ਸਰਕਾਰਾਂ ਆਪਣੇ ਕਾਰਜਾ ਨਾਲ ਨਹੀਂ ਸਗੋਂ ਹਵਨਾਂ ਨਾਲ ਹੀ ਆਪਣਾ ਕਾਰਜ ਕਾਲ ਪੂਰਾ ਕਰ ਸਕਦੀਆ ਹਨ। ਦੇਸ਼ ਦੇ ਹੋਰ ਵੀ ਬਹੁਤ ਸਾਰੇ ਚੋਟੀ ਦੇ ਨੇਤਾ ਸਾਧਾਂ,ਭਗਵਾਨਾਂ, ਰਿਸ਼ੀਆਂ, ਤਾਂਤਰਿਕਾਂ,ਸੰਤਾਂ, ਬਾਬਿਆਂ ਅਤੇ ਸਿਆਣਿਆ ਅੱਗੇ ਮੱਥਾ ਰਗੜਦੇ ਹਨ - ਹੁਣ ਤੁਸੀਂ ਹੀ ਸੋਚੋ ਕਿ ਖੁਦ ਹੀ ਅੰਧ ਵਿਸ਼ਵਾਸ਼ਾਂ ਅਤੇ ਵਹਿਮਾਂ ਭਰਮਾ ਵਿੱਚ ਫਸਿਆ ਵਿਅਕਤੀ ਕਿਸੇ ਵਾਸਤੇ ਤਰਕਸ਼ੀਲ ਅਤੇ ਵਿਗਿਆਨਕ ਸੋਚ ਦੀ ਮੰਜਲ ਦਾ ਚਾਨਣ ਮੁਨਾਰਾ ਕਿਵੇਂ ਸਾਬਤ ਹੋ ਸਕਦਾ ਹੈ।

ਇਸ ਤੋਂ ਬਾਅਦ ਰੋਲ ਹੈ ਦੂਰ ਦਰਸ਼ਨ ਦਾ। ਇਲੈਕਟ੍ਰਾਨਿਕ ਮਾਧਿਆਮਾਂ ਵਿੱਚ ਸਭ ਤੋਂ ਸ਼ਕਤੀ ਸ਼ਾਲੀ ਦੂਰ-ਦਰਸ਼ਨ ਹੀ ਹੈ। ਖੋਜਾਂ ਦਸਦੀਆਂ ਹਨ ਕਿ ਮਨੁੱਖ ਖਾਸ ਕਰ ਬੱਚਿਆਂ ਅਤੇ ਨੌਜੁਆਨਾਂ ਉਤੇ ਟੈਲੀਵੀਜਨ ਦਾ ਅਸਰ ਕਿਤਾਬਾ ਤੋਂ ਛੇਤੀ ਅਤੇ ਅਧਿਕ ਪੈਂਦਾ ਹੈ। ਪਰ ਸਾਡੇ ਦੂਰ -ਦਰਸ਼ਨ ਦਾ ਰੋਲ ਇਸ ਪੱਖੋਂ ਬਹੁਤ ਹੀ ਨਕਾਰਾਤਮਕ ਹੈ। ਦੂਰ-ਦਰਸ਼ਨ ਤੋਂ ਪ੍ਰਸਾਰਿਤ ਹੋ ਰਹੇ ਲੱਗਭੱਗ ਸਾਰੇ ਹੀ ਸੀਰੀਅਲ ਅੰਧਵਿਸ਼ਵਾਸ਼ ਭਰਪੂਰ ਹਨ। ਇਹਨਾਂ ਸੀਰੀਅਲਾਂ ਵਿੱਚ ਓਮ ਨਮ੍ਹ : ਸਿਵਾਅ, ਜਯ ਹਨੂਮਾਨ, ਸ਼ਕਤੀਮਾਨ, ਮੈਂ ਦਿੱਲੀ ਹੂੰ, ਮਹਾਰਾਣਾ ਪ੍ਰਤਾਪ, ਕੈਪਟਨ ਵਿਓਮ, ਵਿਰਾਟ ਆਦਿ ਪ੍ਰਮੁੱਖ ਹਨ। ਇਹ ਸਾਰੇ ਹੀ ਲੜੀਵਾਰ ਨਾਗਰਿਕਾਂ ਦੀ ਸੋਚ ਨੂੰ ਖੁੰਢਾਂ ਕਰਨ ਵਿੱਚ ਬਹੁਤ ਹੀਂ ਅਹਿਮ ਪ੍ਰੰਤੂ ਨਿੰਦਣਯੋਗ ਭੂਮਿਕਾਂ ਨਿਭਾ ਰਹੇ ਹਨ ।

ਬੁਧੀਜੀਵੀ ਅਤੇ ਅਧਿਆਪਕ ਕਿਸੇ ਵੀ ਸਮਾਜ ਜਾਂ ਰਾਸਟਰ ਦੇ ਸਿਰਜਕ ਹੁੰਦੇ ਹਨ। ਪਰ ਸਾਡੇ ਦੇਸ਼ ਵਿੱਚ ਅਜਿਹਾ ਨਹੀਂ ਹੈ। ਸਾਡੇ ਬੁਧੀਜੀਵੀ ਆਪ ਵੀ ਅੰਧਵਿਸ਼ਵਾਸ਼ਾਂ ਨਾਲ ਭਰੇ ਬੈਠੇ ਹਨ। ਪ੍ਰਸਿੱਧ ਪੰਜਾਬੀ ਲੇਖਕਾ ਅਤੇ ਕਵਿਤਰੀ ਅੰਮ੍ਰਿਤਾ ਪ੍ਰੀਤਮ ਅੱਜ ਆਪਣੀ ਸਾਰੀ ਸਹਿਤਕ ਯੋਗਤਾ ਅਖੌਤੀ ਨਛੱਤਰ ਵਿਗਿਆਨ ਅਤੇ ਸੁਪਨਿਆ ਦੇ ਅਰਥ ਕੱਢਣ ਉਤੇ ਖਰਚ ਕਰ ਰਹੀ ਹੈ। ਬਹੁਤ ਸਾਰੇ ਡਾਕਟਰਾਂ ਨੂੰ ਅਖੌਤੀ ਦੇਵੀ ਦੇਵਤਿਆ ਦੀਆ ਮੂਰਤੀਆਂ ਅਤੇ ਤਸਵੀਰਾਂ ਸਾਹਮਣੇ ਹੱਥ ਜੋੜ ਕੇ ਖੜੇ ਦੇਖਿਆ ਜਾ ਸਕਦਾ ਹੈ। ਅਨੇਕਾ ਵਿਗਿਆਨੀ ਸੱਤਿਆ ਸਾਈਂ ਬਾਬਾ ਦੇ ਚਮਤਕਾਰਾਂ ਦੀ ਪੜਤਾਲ ਕੀਤੇ ਬਗੈਰ ਹੀ ਉਸਨੂੰ ਰੱਬੀ ਸਕਤੀ ਦਾ ਚਮਤਕਾਰ ਆਖਣ ਤੋਂ ਝਿਜਕਦੇ ਨਹੀਂ ਹਨ। ਅਦਾਲਤਾਂ ਵਿੱਚ ਤਰਕ ਅਤੇ

ਲਾਜਿਕ ਦੀ ਦੁਹਾਈ ਦਿੰਦੇ ਵਕੀਲ ਮੱਥਿਆਂ ਤੇ ਤਿਲਕ ਲਗਾ ਕੇ ਪੂਜਾ ਪਾਠ ਕਰਦੇ ਹਨ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚੋਂ ਜੀਵਨ ਜਿਉਣ ਦਾ ਰਾਹ ਲੱਭਣ ਦੀ ਥਾਂਵੇਂ ਉਸ ਵਿੱਚੋਂ ਬੀਮਾਰੀਆਂ ਅਤੇ ਮੁਸ਼ਕਲਾਂ ਨੂੰ ਦੂਰ ਕਰਨ ਦੀ ਸ਼ਕਤੀ ਭਾਲਦੇ ਫਿਰਦੇ ਹਨ. ਗੀਤਾ, ਬਾਈਬਲ, ਕੁਰਾਨ ਨੂੰ ਪ੍ਰਭੂਵਾਕ ਦੱਸਦੇ ਸ਼ਰਮਾਉਂਦੇ ਨਹੀਂ। ਪਰ ਜੇ ਕੋਈ ਪੁੱਛੇ ਕਿ ਅਜਿਹੇ ਨਿੱਜੀ ਪਲਾਂ ਵਿੱਚ ਉਹਨਾ ਦੀ ਤਰਕਸ਼ੀਲਤਾ ਕਿੱਥੇ ਉਡਣ ਛੂਹ ਹੋ ਜਾਂਦੀ ਹੈ ਤਾਂ ਚੁੱਪ ਹੋ ਜਾਂਦੇ ਹਨ। ਸਾਡੇ ਅਧਿਆਪਕ ਵੀ ਕਿਸੇ ਤੋਂ ਪਿੱਛੇ ਨਹੀਂ ਹਨ। ਸਾਧੂ-ਸੰਤਾਂ, ਰਾਖ-ਤਵੀਤਾਂ ਨਾਲ ਇਲਾਜ ਕਰਨ ਵਾਲਿਆ ਸਿਆਣਿਆਂ ਅਤੇ ਪਖੰਡੀ ਚੇਲਿਆਂ ਕੋਲੋ ਮਾਨਸਿਕ ਅਤੇ ਆਰਥਿਕ ਲੁੱਟ ਕਰਵਾਉਂਦੇ ਅਕਸਰ ਹੀ ਅਧਿਆਪਕਾਂ ਨੂੰ ਤੱਕਿਆ ਜਾ ਸਕਦਾ ਹੈ ।

ਭਾਰਤੀ ਬਜੁਰਗ ਵੀ ਇਸ ਕੂੜ ਨੂੰ ਫੈਲਾਉਣ ਵਿੱਚ ਆਪਣੀ ਭੂਮਿਕਾ ਨਿਭਾ ਰਹੇ ਹਨ। ਬੱਚਿਆ ਨੂੰ ਪੂਜਾ-ਪਾਠ ਲਈ ਪ੍ਰੇਰਤ ਕਰਕੇ, ਦੇਵੀ-ਦੇਵਤਿਆਂ ਦੇ ਚਮਤਕਾਰਾਂ ਦੀਆਂ ਮਨਘੜਤ ਕਹਾਣੀਆਂ ਸੁਣਾ ਕੇ , ਭੂਤਾਂ-ਪ੍ਰਤਾਂ ਅਤੇ ਚੁੜੇਲਾਂ ਦਾ ਡਰ ਦਿਖਾ ਕੇ ਨਵੀਆਂ ਪੁੰਗਰਦੀਆਂ ਨਸਲਾ ਨੂੰ ਅੰਧਵਿਸ਼ਵਾਸ਼ੀ ਅਤੇ ਲਾਈ ਲੱਗ, ਡਰਪੋਕ, ਵਿਹਲੜ ਅਤੇ ਕੰਮਚੋਰ ਬਣਾ ਰਹੇ ਹਨ ।

ਮਨੁੱਖੀ ਨਸਲ ਦੀ ਫਿਤਰਤ ਹੈ ਕਿ ਉਹ ਆਪਣੇ ਤੋਂ ਉਚੇ ਨੂੰ ਦੇਖ ਕੇ ਉਸ ਜਿਹਾ ਹੋਣਾ ਲੋਚਦਾ ਹੈ। ਮੇਰੀ ਸਮਝ ਅਨੁਸਾਰ ਇਹ ਫਿਤਰਤ ਮਨੁੱਖੀ ਵਿਕਾਸ ਲਈ ਹੋਰ ਕਿਸੇ ਵੀ ਵਰਦਾਨ ਤੋਂ ਉਚਾ ਵਰਦਾਨ ਹੈ। ਇਸੇ ਸਿਲਸਿਲੇ ਵਿੱਚ ਕੁੱਝ ਦਿਨ ਪਹਿਲਾ ਦੀ ਘਟਨਾ ਚੇਤੇ ਆ ਰਹੀ ਹੈ। ਮੇਰੇ ਇੱਕ ਮਿੱਤਰ ਦੇ ਮਿੱਤਰ ਇੱਕ ਦਿਨ ਸਾਡੀ ਢਾਣੀ ਵਿੱਚ ਸ਼ਾਮਲ ਹੋ ਗਏ। ਗੱਲਾਂ-ਗੱਲਾ ਵਿੱਚ ਉਹਨਾ ਬੜੇ ਮਾਣ ਨਾਲ ਦੱਸਿਆ ਕਿ ਜਿਸ ਰਾਸਟਰੀ ਵਪਾਰ ਵਾਲੀ ਫੈਕਟਰੀ ਵਿੱਚ ਉਹ ਕੰਮ ਕਰਦੇ ਹਨ ਉਥੋਂ ਦੇ ਕਾਰਜਕਾਰੀ ਪ੍ਰਬੰਧਕ (ਐਮ.ਡੀ.) ਬੜੇ ਧਾਰਮਿਕ ਵਿਚਾਰਾਂ ਵਾਲੇ ਹਨ ਅਤੇ ਫੈਕਟਰੀ ਵਿੱਚ ਦੋ ਮੰਦਰ ਵੀ ਬਣਵਾਏ ਹੋਏ ਹਨ। ਪਿੱਛੇ ਜਿਹੇ ਜਦੋਂ ਉਹ ਕਲਕੱਤਾ ਤੋਂ ਫੈਕਟਰੀ ਦਾ ਨਿਰੀਖਣ ਕਰਨ ਆਏ ਤਾਂ ਇੱਕ ਮੰਦਰ ਹੋਰ ਉਸਾਰਨ ਦਾ ਹੁਕਮ ਜਾਰੀ ਕਰ ਗਏ। ਨਾਲ ਹੀ ਮੈਨੂੰ ਇਹ ਵੀ ਦੱਸਿਆ ਕਿ ਫੈਕਟਰੀ ਦੀ ਉਨਤੀ ਨੂੰ ਉਹ ਈਸ਼ਵਰ ਦਾ ਪ੍ਰਸ਼ਾਦ ਆਖਦੇ ਹਨ। ਉਹਨਾ ਦੀਆਂ ਇਹ ਗੱਲਾਂ ਸੁਣ ਕੇ ਮੇਰੀ ਤਰਕਬੁੱਧੀ ਕਾਰਜਸ਼ੀਲ ਹੋ ਗਈ। ਮੈਂ ਉਹਨਾਂ ਨੂੰ ਪੁੱਛਿਆਂ ਕਿ ਤੁਸੀਂ ਇਹਨਾਂ ਗੱਲਾਂ ਉਤੇ ਕਦੇ ਸੋਚ ਵਿਚਾਰ ਕੀਤੀ ਹੈ ? ਕੀ ਤੁਸੀਂ ਕਦੇ ਇਹ ਸੋਚਿਆਂ ਹੈ ਕਿ ਫੈਕਟਰੀ ਦੀ ਉਨਤੀ ਦਾ ਸਿਹਰਾ ਕਿਸੇ ਅਖੌਤੀ ਈਸ਼ਵਰ ਦੇ ਸਿਰ ਬੰਨ ਕੇ ਕਿਤੇ ਉਹ ਸਾਹਿਬ ਫੈਕਟਰੀ ਵਿੱਚ ਕੰਮ ਕਰਦੀਆਂ ਮਸ਼ੀਨਾਂ ਦੇ ਖੋਜੀਆਂ, ਉਹਨਾ ਦੇ ਨਿਰਮਾਣ ਕਰਨ ਵਾਲੇ ਕਾਰੀਗਰਾਂ, ਮਿੱਲ ਵਿੱਚ ਕੰਮ ਕਰਦੇ ਹਜਾਰਾਂ ਮਜਦੂਰਾਂ, ਸੈਂਕੜੈ ਮਕੈਨਿਕਾਂ, ਅਨੇਕਾਂ ਫੋਰਮੈਨਾਂ, ਸੁਰੱਖਿਆ ਕਰਮਚਾਰੀਆਂ ਅਤੇ ਤੁਹਾਡੇ ਜਿਹੇ ਸੈਂਕੜੇ ਅਫਸਰਾਂ ਅਤੇ ਕਲਰਕਾਂ ਦੀ ਮਿਹਨਤ ਅਤੇ ਲਗਨ ਦਾ ਅਪਮਾਨ ਤਾਂ ਨਹੀਂ ਕਰ ਰਹੇ ? ਮਿਹਨਤਕਸ਼ਾਂ ਨੂੰ ਅਖੌਤੀ ਈਸ਼ਵਰ ਦੇ ਸਿਕੰਜੇ ਵਿੱਚ ਜਕੜ ਕੇ ਉਹਨਾਂ ਦੀ ਤਰੱਕੀ ਦਾ ਰਾਹ ਤਾਂ ਨਹੀਂ ਬੰਦ ਕਰ ਰਹੇ ? ਉਹਨਾਂ ਨੂੰ ਅਖੌਤੀ ਈਸ਼ਵਰ ਦੀ ਨਾ ਇਨਸਾਫ ਦਿਆਲਤਾ ਦੇ ਚੱਕਰ ਵਿੱਚ ਪਾ ਕੇ, ਅੰਧਵਿਸ਼ਵਾਸ਼ੀ ਬਣਾਕੇ, ਕਿਸਮਤ ਦੇ ਭਰੋਸੇ ਰਹਿਣਾ ਸਿਖਾ ਕੇ ਆਪਣੀ ਸਰਮਾਇਆਦਾਰੀ ਦੀਆਂ ਜੜ੍ਹਾਂ ਨੂੰ ਮਜਬੂਤ ਤਾ ਨਹੀਂ ਕਰ ਰਹੇ ? ਮੇਰੀਆਂ ਦਲੀਲਾਂ ਨੂੰ ਸੁਣ ਕੇ ਮੇਰੇ ਮਿੱਤਰ ਦੇ ਮਿੱਤਰ ਚਕਰਾ ਗਏ। ਮਾਣ ਨਾਲ ਉਚੇ ਸਿਰ ਨੂੰ ਝੁਕਾ ਕੇ ਸੋਚੀਂ ਪੈ ਗਏ। ਥੋੜੀ ਦੇਰ ਬਾਅਦ ਆਖਣ ਲੱਗੇ -"ਭਾਈ ਸਾਹਿਬ ਤੁਸੀਂ ਠੀਕ ਆਖਦੇ ਹੋਂ। "

ਉਪਰੋਕਤ ਘਟਨਾਵਾਂ ਨੂੰ ਬਿਆਨ ਕਰਨ ਦਾ ਮਕਸਦ ਇਹ ਹੈ ਕਿ ਅਸੀਂ ਅਪਣੇ ਆਲੇ ਦੁਆਲੇ ਝਾਤ ਮਾਰ ਕੇ ਵਿਚਾਰ ਕਰੀਏ ਕਿ ਜਿਹੜੇ ਲੋਕਾਂ ਨੂੰ ਸਾਡੇ ਰਾਹ ਦਰਸਾਵੇ ਦੱਸਿਆ ਜਾਂਦਾ ਹੈ ਉਹ ਰਵਾਇਤੀ ਰਾਹ ਦਰਸਾਵੇ ਆਪ ਕਿਸ ਰਸਤੇ ਦੇ ਰਾਹੀ ਹਨ। ਕਿਤੇ ਇਹ ਰਾਹ ਦਰਸਾਵੇ ਮਨੁੱਖੀ ਕਾਫਲੇ ਨੂੰ ਰੌਸ਼ਨੀ ਦੀ ਥਾਂਵੇਂ ਹਨੇਰੇ ਦੀ ਮੰਜਿਲ ਵੱਲ ਤਾਂ ਨਹੀਂ ਲਿਜਾ ਰਹੇ। ਲੋਕਾਂ ਨੂੰ ਅਖੌਤੀ ਰੂਹਾਨੀ ਅਤੇ ਅਧਿਆਤਮਕ ਸੁਖਾਂ ਦਾ ਲੋਭ ਦੇ ਕੇ ਆਪ ਭੌਤਿਕ ਸੁੱਖਾਂ ਦਾ ਜਖੀਰਾ ਤਾਂ ਨਹੀਂ ਇਕੱਠਾ ਕਰ ਰਹੇ ? ਜਨਤਾਂ ਨੂੰ ਪਰਲੋਕ ਦੀ ਤਸਵੀਰ ਦਿਖਾ ਕੇ ਆਪਣਾ ਵਰਤਮਾਨ ਤਾਂ ਨਹੀਂ ਸੰਵਾਰ ਰਹੇ ? ਜੇ ਉਹ ਅਜਿਹਾ ਕਰ ਰਹੇ ਹਨ ਤਾਂ ਇਸ ਦਾ ਸਿੱਧਾ ਮਤਲਬ ਹੈ ਕਿ ਉਹ ਬਾਕੀ ਮਨੁੱਖ ਜਾਤੀ ਨੂੰ ਉਸਦੇ ਹੱਕਾ ਤੋਂ ਵਾਂਝਿਆਂ ਕਰ ਰਹੇ ਹਨ ਅਤੇ ਆਪਣੀ ਲੁੱਟ ਖਸੁੱਟ ਦੀ ਨੀਤੀ ਤੇ ਪਰਦਾ ਪਾਉਣ ਲਈ ਲੋਕਾ ਨੂੰ ਕਿਸਮਤ ਵਾਦ, ਅਧਿਆਤਮ ਵਾਦ, ਮਾਇਆ ਵਾਦ, ਕਰਮਵਾਦ, ਮੋਖਵਾਦ, ਅਤੇ ਈਸ਼ਵਰਵਾਦ, ਦੇ ਜਾਲ ਵਿੱਚ ਉਲਝਾ ਕੇ ਉਹਨਾਂ ਨੂੰ ਅੰਧਵਿਸ਼ਵਾਸ਼ੀ ਬਣਾ ਰਹੇ ਹਨ। ਸਮਝਣ ਵਾਲਾ ਨੁਕਤਾ ਇਹ ਹੈ ਕਿ ਇਸ ਸਾਰੇ ਵਰਤਾਰੇ ਪਿੱਛੇ ਛੁਪੇ ਅਸਲੀ ਮਨੋਰਥਾ - ਗਰੀਬਾਂ ਨੂੰ ਹੋਰ ਗਰੀਬ ਕਰਨਾ, ਭੋਲੀ ਜਨਤਾ ਨੂੰ ਮੂਰਖ ਬਣਾਉਣਾ, ਲੋਕਾ ਦੀ ਮਿਹਨਤ ਉਪਰ ਐਸ਼ ਕਰਨਾ ਅਤੇ ਉਨਾਂ ਦੀ ਸਥਿਤੀ ਨੂੰ ਕਿਸਮਤ ਦਾ ਫਲ ਕਹਿ ਕੇ ਉਹਨਾਂ ਨੂੰ ਅੰਧਵਿਸ਼ਵਾਸ਼ੀ ਬਣਾਉਣਾ ਤਾਂ ਕਿ ਉਹ ਨਾਬਰਾਬਰੀ ਤੇ ਇਤਰਾਜ ਨਾ ਕਰ ਸਕਣ - ਨੂੰ ਪਛਾਣਿਆ ਜਾਵੇ ।

ਉਪਰ ਦਰਸਾਏ ਹਾਲਤਾਂ ਵਿੱਚ ਕੀ ਕਰਨ ਦੀ ਲੋੜ ਹੈ ? ਸਮੇਂ ਦੀ ਮੰਗ ਹੈ ਕਿ ਆਮ ਨਾਗਰਿਕਾ ਨੂੰ ਆਪਣੇ ਸੋਚਣ ਦਾ ਢੰਗ ਵਿਗਿਆਨਕ ਬਣਾਉਣਾ ਪਵੇਗਾ। ਹਰ ਕੁਦਰਤੀ ਅਤੇ ਗੈਰ ਕੁਦਰਤੀ ਵਰਤਾਰੇ ਦੀ ਪੜਤਾਲ ਕਰਨ ਦੀ ਆਦਤ ਬਣਾਉਣੀ ਪਏਗੀ। ਅੰਧਵਿਸ਼ਵਾਸ਼ਾ ਖਿਲਾਫ ਸੁਚੇਤ ਕਰਨ ਵਾਲਿਆ ਨੂੰ ਨਾਸਤਿਕ ਆਖ ਕੇ ਭੰਡਣ ਦੀ ਬਜਾਇ ਉਹਨਾ ਦੇ ਤਰਕਾਂ ਅਤੇ ਦਲੀਲਾਂ ਨੂੰ ਸਮਝਣ ਦੇ ਉਪਰਾਲੇ ਕਰਨੇ ਪੈਣਗੇ। ਤਰਕ ਨਾਲ ਜਨਤਾਂ ਦੀ ਭਲਾਈ ਦੀਆਂ ਕੌੜੀਆਂ ਕਸੈਲੀਆਂ ਲੱਗਦੀਆਂ ਦਲੀਲਾਂ ਨੂੰ ਗੁਣ ਭਰਪੂਰ ਨਿੰਮ ਸਮਝ ਕੇ ਚੱਬਣਾ ਚਿੱਥਣਾ ਪਏਗਾ, ਕਿਉਂਕਿ ਇਹ ਗੱਲਾਂ ਲੀਡਰਾਂ ਦੇ ਲਾਰਿਆਂ ਵਰਗੇ ਵਾਅਦੇ ਜਾ ਵਾਅਦਿਆ ਵਰਗੇ ਲਾਰੇ ਨਹੀਂ ਹੁੰਦੀਆਂ ਸਗੋਂ ਸਰਵ ਸਧਾਰਨ ਦੇ ਹਿੱਤਾਂ ਅਤੇ ਹੱਕਾ ਦੀ ਰਾਖੀ ਵਾਸਤੇ ਲਾਇਆ ਗਿਆ ਨਾਅਰਾ ਹੁੰਦੀਆ ਹਨ। ਜੇ ਇਸ ਧਰਤੀ ਨੂੰ ਹਕੀਕੀ ਤੌਰ ਤੇ ਮਨੁੱਖੀ ਨਸਲ ਦੇ ਰਹਿਣ ਯੋਗ ਬਣਾਉਣਾ ਹੈ ਤਾਂ ਅੰਧਵਿਸ਼ਵਾਸ਼ਾਂ ਅਤੇ ਵਹਿਮਾਂ ਭਰਮਾਂ ਨੂੰ ਛੱਡ ਕੇ, ਤਰਕਸ਼ੀਲ ਅਤੇ ਵਿਗਿਆਨਕ ਸੋਚ ਦੀ ਉਸਾਰੀ ਕਰਨੀ ਪਏਗੀ ।

ਚਿੱਠੀ ਇੱਕ ਪ੍ਰੇਮੀ ਦੀ

ਮੇਜਰ ਸਿੰਘ ਧੂੜਕੋਟ ਰਣਸ਼ੀਹ

ਸਤਿਕਾਰ ਯੋਗ ਸੰਪਾਦਕ ਜੀ,

ਨਿੱਘਾ ਪਿਆਰ ਪੁੱਜੇ !

ਮੈਂ 91-92 ਦੇ ਸਾਲਾਂ ਵਿੱਚ ਜਿਆਦਾ ਸ਼ਰਾਬ ਪੀਣ ਲੱਗ ਪਿਆ ਸੀ। ਸ਼ਰਾਬ ਮੇਰੇ ਤੇ ਭਾਰੂ ਹੋ ਗਈ ਸੀ। ਦਿਨ ਬ ਦਿਨ ਉਲਾਰ ਹੁੰਦਾ ਗਿਆ। ਮੈਨੂੰ ਇਹ ਵੀ ਅਹਿਸਾਸ ਹੋਣ ਲੱਗ ਪਿਆ ਕਿ ਤੂੰ ਆਪ ਆਪਣੀ ਮੌਤ ਨੂੰ ਸੱਦਾ ਦੇ ਰਿਹਾ ਹੈਂ। ਕਈ ਵਾਰ ਪ੍ਰਣ ਕੀਤੇ ਪਰ ਸ਼ਰਾਬ ਮੇਰਾ ਖਹਿੜਾ ਨਹੀਂ ਸੀ ਛੱਡਦੀ। ਆਖਰ ਦੋਸਤਾਂ ਦੇ ਕਹਿਣ ਤੇ ਸਿਰਸਾ ਸੱਚਾ ਸੌਦਾ ਵਿਖੇ ਨਾਮ ਸ਼ਬਦ ਲੈ ਆਇਆ ਤੇ ਅੱਜ ਤੱਕ ਮੈਂ ਕਾਇਮ ਹਾਂ। ਮੈਂ 8-8-93 ਨੂੰ ਗਿਆ ਸੀ - ਉਸ ਦਿਨ ਤੋਂ ਬਾਅਦ ਸ਼ਰਾਬ ਛੱਡਣ ਕਾਰਨ ਮੇਰੀ ਸਿਹਤ ਵੀ ਚੰਗੀ ਹੋ ਗਈ । ਮੇਰਾ ਹੌਂਸਲਾ ਵਧ ਗਿਆ। ਹੁਣ ਮੈਂ ਪੂਰਨ ਸਵੈ ਕਾਬੂ 'ਚ ਹਾਂ। ਸ਼ਰਾਬ ਦਾ ਚਿੱਤ ਚੇਤਾ ਵੀ ਨਹੀਂ ਆਉਂਦਾ-ਆਏ ਗਏ ਦੋਸਤ ਜਾਂ ਰਿਸ਼ਤੇਦਾਰ ਨੂੰ ਜਰੂਰ ਲਿਆ ਕੇ ਦਿੰਦਾ ਹਾਂ। ਸੋ ਇਸ ਕਾਰਨ ਮੈਂ ਸੱਚਾ ਸੌਦਾ ਡੇਰੇ ਦਾ ਪ੍ਰੇਮੀ ਹਾਂ। ਇਸ ਵਾਰ ਲੋਕ ਸਭਾ ਚੋਣਾਂ 'ਚ ਜੋ ਹੋਇਆ ਉਹ ਮੈਨੂੰ ਕਾਫੀ ਬੇਚੈਨ ਕਰ ਰਿਹਾ ਸੀ । ਮੇਰੇ ਵਰਗੇ ਹੋਰ ਵੀ ਬਹੁਤ ਸਾਰੇ ਪ੍ਰੇਮੀ ਸਨ, ਜਿਹੜੇ ਆਪਣੀ ਮਨ ਮਰਜੀ ਨਾਲ ਵੋਟ ਪਾਉਣਾ ਚਾਹੁੰਦੇ ਸਨ । ਆਮ ਕਰਕੇ ਬਹੁਤੇ ਪ੍ਰੇਮੀ ਨਰਾਜ਼ ਹੀ ਸਨ ।

ਸੋ ਬਰਨਾਲੇ ਪ੍ਰੇਮੀਆਂ ਦਾ ਇਕੱਠ ਹੋਇਆ। ਉਸ ਵਿੱਚ ਬਹੁਤ ਰਫੜਾ ਪਿਆ, ਸਾਨੂੰ ਇੱਕੋ ਪਾਰਟੀ ਨੂੰ ਵੋਟਾਂ ਨਹੀਂ ਪਾਉਣੀਆਂ ਚਾਹੀਦੀਆਂ। ਇਸ ਤਰ੍ਹਾਂ ਕਰਨ ਨਾਲ ਆਪਣਾ ਮਿਸ਼ਨ ਫੇਲ ਹੋ ਜਾਵੇਗਾ। ਪ੍ਰੰਤੂ ਕਮੇਟੀ ਮੈਂਬਰਾਂ ਨੇ ਕਿਸੇ ਪ੍ਰੇਮੀ ਦੀ ਗੱਲ ਨਹੀਂ ਸੁਣੀ ਤੇ ਹੁਕਮ ਚਾੜ੍ਹ ਦਿੱਤਾ ਕਿ ਹਰ ਪ੍ਰੇਮੀ ਨੇ 'ਤੱਕੜੀ ' ਤੇ ਮੋਹਰ ਲਾਉਣੀ ਹੈ। ਕਮੇਟੀ ਮੈਂਬਰਾਂ ਨੇ ਇਹ ਵੀ ਆਖਿਆ ਕਿ ਇਹ ਹੁਕਮ ਸੰਤ ਗੁਰਮੀਤ ਸਿੰਘ ਜੀ ਦਾ ਹੈ। ਥੋੜੇ ਚਿਰ ਬਾਅਦ ਸ੍ਰੀ ਮਤੀ ਸੁਰਜੀਤ ਕੌਰ (ਸੁਪਤਨੀ ਸ: ਸੁਰਜੀਤ ਸਿੰਘ ਬਰਨਾਲਾ) ਵੀ ਆ ਗਏ, ਉਹਨਾਂ ਵੀ ਇਹੋ ਅਪੀਲ ਕੀਤੀ ਕਿ ਮੁਕਾਬਲਾ ਬਹੁਤ ਸਖਤ ਹੈ। ਜਿੱਤ ਹਾਰ ਦਾ ਕੋਈ ਪਤਾ ਨਹੀਂ, ਤੁਸੀਂ ਸਾਰੇ ਪ੍ਰੇਮੀ ਸਾਡੀ ਮੱਦਦ ਕਰੋ, 'ਤੱਕੜੀ ' ਤੇ ਮੋਹਰ ਲਾਓ। ਤੁਹਾਡਾ ਕੋਈ ਵੀ ਸਰਕਾਰੀ ਕੰਮ ਹੋਇਆ ਮੈਂ ਕਰਵਾਊਂਗੀ। ਅਖਬਾਰਾਂ ਵਿੱਚ ਖਬਰਾਂ ਆਈਆਂ।ਸੰਤਾਂ ਨੇ 14 ਫਰਵਰੀ ਨੂੰ ਸਪੱਸ਼ਟੀ ਕਰਨ ਵੀ ਲਾਇਆ। ਪਰ ਕਮੇਟੀ ਮੈਂਬਰਾਂ ਤੇ ਭੰਗੀਦਾਸਾਂ ਨੇ ਪੈਸੇ ਦੇ ਲਾਲਚ ਵਿੱਚ ਆ ਕੇ 15 ਤਰੀਕ ਦੀ ਸਾਰੀ ਰਾਤ ਆਪੋ ਆਪਣੇ ਥਾਂ ਪ੍ਰੇਮੀਆਂ ਨੇ ਬਹੁਤ ਕੰਮ ਕੀਤਾ। ਤਕਰੀਬਨ ਹਰ ਪ੍ਰੇਮੀ ਨੇ ਤੱਕੜੀ ਤੇ ਮੋਹਰ ਲਾਈ। ਪੰਜਾਬ 'ਚ 30 ਲੱਖ ਦੇ ਕਰੀਬ ਪ੍ਰੇਮੀ ਹਨ। ਅਕਾਲੀ ਪਾਰਟੀ ਤੇ ਭਾਜਪਾ ਸਾਰੀਆਂ ਸੀਟਾਂ ਜਿੱਤ ਗਈ। ਇਹ ਜਿੱਤ ਸੱਚਾ ਸੌਦਾ ਦੇ ਪ੍ਰੇਮੀਆਂ ਦੀ ਹੈ। ਕਿਉਂਕਿ ਬੀ.ਬੀ.ਸੀ. ਤੇ ਆਪਣੀਆਂ ਏਜੰਸੀਆਂ ਦੀਆਂ ਗੁਪਤ ਰਿਪੋਰਟਾਂ ਮੁਤਾਬਕ ਅਕਾਲੀ ਪਾਰਟੀ ਮਸਾਂ ਇੱਕ ਜਾਂ ਦੋ ਸੀਟਾਂ ਜਿੱਤੇ ਸਨ। ਇਸ ਦਾ ਕਾਰਨ ਪਿੰਡਾਂ ਦੇ ਗਰੀਬ, ਇਸ ਸਰਕਾਰ ਦੇ ਕੰਮਾਂ ਤੋਂ ਬਹੁਤ ਔਖੇ ਸਨ।

ਜਦੋਂ ਮੇਰੇ ਵੱਲੋਂ ਲੇਖ ਪ੍ਰੈਸ 'ਚ ਆਇਆ (17 ਮਾਰਚ,98 ਨਵਾਂ ਜਮਾਨਾ) ਤਾਂ ਸਭ ਤੋਂ ਉਪਰਲੀ ਬਾਡੀ ਪੰਜ ਮੈਂਬਰੀ ਕਮੇਟੀ 'ਚ ਸਾਡੇ ਭੰਗੀਦਾਸ ਨੂੰ ਸੱਦ ਕੇ ਪੁਛਿਆ ਕਿ ਤੁਸੀ ਹੁਣ ਤੱਕ ਇਸ ਪ੍ਰੇਮੀ ਤੇ ਕੀ ਐਕਸ਼ਨ ਲਿਆ, ਜਿਸ ਨੇ ਸਾਰੇ ਭੇਤ ਖੋਲ ਦਿੱਤੇ। ਇਹ ਗੱਲ ਹੁਣ ਇੱਥੇ ਨਹੀਂ ਟਿਕਣੀ ਤੁਸੀਂ ਮੀਟਿੰਗ ਸੱਦਕੇ ਉਸ ਤੋਂ ਪੁੱਛ ਗਿੱਛ ਕਰੋ ਜਾਂ ਉਸਨੂੰ ਕਹੋ ਕਿ ਆਂਪਣੇ ਲੇਖ ਸੰਬੰਧੀ ਮੁਆਫੀ ਮੰਗ ਲਵੇ। ਉਹ ਮੁਆਫੀ ਉਸਦੇ ਦਸਤਖਤਾਂ ਹੇਠ ਅਖਬਾਰਾਂ ਵਿੱਚ ਛਪਣੀ ਜਰੂਰੀ ਹੈ। ਨਹੀਂ ਤਾਂ ਆਪਣੇ ਮਿਸ਼ਨ ਦੀ ਬਹੁਤ ਬਦਨਾਮੀ ਹੋਵੇਗੀ।ਕਿਉਂਕਿ ਮਾੜਾ ਪਹਿਲੂ ਬਹੁਤ ਛੇਤੀ ਫੈਲ ਜਾਂਦਾ ਹੈ। ਸਾਡੇ ਪਿੰਡ ਧੂੜ ਕੋਟ ਰਣਸ਼ੀਂਹ ਪੰਜ ਮੈਂਬਰੀ ਕਮੇਟੀ 'ਚ ਚਾਰ ਮੈਂਬਰ ਮੇਰੇ ਹੱਕ 'ਚ ਹਨ ਤੇ ਇੱਕ ਮੇਰੇ ਖਿਲਾਫ ਭੰਗੀਦਾਸ ਨੇ ਕਹਿ ਦਿੱਤਾ। ਅਸੀਂ ਮੇਜਰ ਸਿੰਘ ਦਾ ਕੋਈ ਬਾਈਕਾਟ ਜਾਂ ਮੁਆਫੀਨਾਮਾ ਨਹੀਂ ਕਰਨਾ। ਕਿਉਂਕਿ ਇਹ ਕਮੇਟੀ ਦਾ ਫੈਸਲਾ ਹੈ। ਡੇਰੇ ਦੀ ਪੰਜ ਮੈਂਬਰੀ ਕਮੇਟੀ ਜਿਨ੍ਹਾਂ ਨੇ ਲੱਖਾਂ ਰੁਪਏ ਲਏ ਹਨ, ਉਹਨਾਂ ਆਖਿਆ ਅਸੀਂ ਫਲਾਣੀ ਤਰੀਕ ਨੂੰ ਤੁਹਾਡੇ ਪਿੰਡ ਆ ਰਹੇ ਹਾਂ। ਉਹ ਸਿਰਸਾ ਤੋਂ ਆ ਗਏ। ਨਿਹਾਲ ਸਿੰਘ ਵਾਲਾ ਤੋਂ ਵੀ ਇੱਕ ਮੈਂਬਰ ਅਸ਼ੋਕ ਪੁਰੀ ਨੇ ਵੀ ਵਾਹਵਾ ਪੈਸੇ ਲਏ ਸਨ, ਉਹ ਵੀ ਆ ਗਿਆ। ਪਹਿਲਾ ਸਵਾਲ ਸੀ, 1. ਤੁਹਾਡਾ ਹੀ ਨਾਂ ਮੇਜਰ ਸਿੰਘ ਹੈ 2. ਤੁਸੀਂ ਹੀ ਇਹ ਲੇਖ ਲਿਖਿਆ ਹੈ 3. ਤੁਹਾਨੂੰ ਪਤਾ ਨਹੀਂ ਸੰਤ ਗੁਰਮੀਤ ਸਿੰਘ ਜੀ ਕਿੱਡੀ ਵੱਡੀ ਹਸਤੀ ਹਨ। ਮੈਂ ਆਖਿਆ ਮੈਨੂੰ ਸਭ ਪਤਾ ਹੈ ਪਰ ਮੇਰਾ ਲੇਖ 101% ਸਹੀ ਹੈ। ਇਸ ਗੱਲ ਤੇ ਉਹ ਗਰਮ ਹੋਣ ਲੱਗੇ। ਸਾਡੇ ਪਿੰਡ ਦੇ ਕਮੇਟੀ ਮੈਂਬਰ ਨੇ ਆਖਿਆ ਵੋਟਾਂ ਤੋਂ ਇੱਕ ਦਿਨ ਪਹਿਲਾਂ ਅਸ਼ੋਕ ਪੁਰੀ ਜੀ ਨੇ ਆਖਿਆ ਸੀ ਜਿਸ ਵਿੱਚ ਮੇਜਰ ਸਿੰਘ ਤੇ ਹੋਰ ਬਹੁਤ ਸਾਰੇ ਪ੍ਰੇਮੀ ਹਾਜਰ ਸਨ। ਹੁਣ ਇਹ ਪੁਰੀ ਬਿਲਕੁੱਲ ਝੂਠ ਬੋਲਦਾ ਹੈ। ਪਹਿਲੀ ਗੱਲ ਕਿ ਮੇਰੀ ਕਾਰ ਲੈ ਜਾਵੋ ਜੇਕਰ ਤੁਹਾਨੂੰ ਯਕੀਨ ਨਹੀਂ ਕਿ ਸੰਤਾਂ ਨੇ ਵੋਟਾਂ ਸੰਬੰਧੀ ਆਖਿਆ ਹੈ। ਦੂਜਾ ਇਸ ਬੰਦੇ ਨੇ ਝੂਠਾ ਐਫੀਡੇਵਿਟ ਦੇ ਕੇ ਡਿਪੂ ਲਿਆ ਹੈ। ਘਰ ਵਾਲੀ ਅਧਿਆਪਕਾ ਹੈ ਪਰ ਉਸ ਦੀ ਆਮਦਨ ਸ਼ੋਅ ਕਰਨ ਨਾਲ ਡਿਪੂ ਨਹੀਂ ਮਿਲਦਾ ਸੀ। ਫਿਰ ਇਸ ਨੇ ਆਖਿਆ ਕਿ ਕਾਂਗਰਸੀ ਤੇ ਕਮਿਊਨਿਸਟ ਮੈਨੂੰ ਕਹਿੰਦੇ ਹਨ ਕਿ ਇਸਨੇ 15 ਲੱਖ ਰੁਪਏ ਲਏ ਹਨ ਫਿਰ ਪੁਰੀ ਕਹਿੰਦਾ ਮੈਨੂੰ ਕਾਂਗਰਸ ਵਾਲੇ 10 ਲੱਖ ਹੀ ਦੇ ਦੇਣ ਮੈਂ ਵੋਟ ਉਧਰ ਪਾ ਦੇਵਾਂਗਾ। ਮੈਂ ਤਾਂ ਸੰਤਾਂ ਦਾ ਹੁਕਮ ਮੰਨਣਾ, ਜੇਕਰ ਸੰਤ ਕਹਿ ਦੇਣ ਤਾਂ ਮੈਂ ਗਧੇ ਦੇ ਗਲ ਵੋਟ ਪਾ ਦੇਵਾਂਗਾ। ਕਿਉਂਕਿ ਉਸਨੇ ਸਾਰੀਆਂ ਗੱਲਾਂ ਆਖੀਆਂ ਸਨ। ਜਿਹੜੀ ਕਮੇਟੀ ਸੰਤਾਂ ਕੋਲੋਂ ਆਈ ਸੀ ਉਹ ਠਿਠ ਹੋ ਕੇ ਚਲੀ ਗਈ ਤੇ ਪੁਰੀ ਵੀ ਨੂੰ ਕੱਢ ਦਿੱਤਾ। ਉਸਨੇ ਫਿਰ ਮੁਆਫੀ ਮੰਗ ਲਈ।

ਨੋਟ :- 25 ਮਾਰਚ ਨੂੰ ਸ੍ਰੀ ਮਤੀ ਸੁਰਜੀਤ ਕੌਰ ਸਲਾਵਤ ਪੁਰੇ ਆਏ ਸਨ। ਸੰਤ ਗੁਰਮੀਤ ਸਿੰਘ ਤੋਂ ਬਿਨਾਂ ਸਾਰੇ ਮੈਂਬਰ ਹਾਜਰ ਸਨ । ਅਸੀਂ

ਬਾਕੀ ਸਫਾ '9 ਤੇ

ਦੁਨੀਆਂ ਵਿੱਚ ਵਧ ਰਹੀ ਖਤਰਨਾਕ ਬਿਮਾਰੀ ਚਿੰਤਾਂ (ਫਿਕਰ)

ਮੂਲ ਲੇਖਕ : ਸਰੂਪ ਸਿੰਘ ਮਰਵਾਹ

ਅਨੁਵਾਦ : ਭੀਮ ਸੈਨ "ਤਰਕ" ਰਾਮਪੁਰਾ ਫੂਲ

ਇੱਕ ਫਾਰਸੀ ਬੁਝਾਰਤ

ਦੇਖਿਆ ਇੱਕ ਜਨੌਰ ਮੈਂ, ਬਿਨਾਂ ਪੈਰ ਤੇ ਪਰ
ਮਾਂ ਪਿਉ ਕਿਸੇ ਨਾ ਜੰਮਿਆ, ਨਾ ਉਸਦਾ ਘਰ
ਨਾ ਵੱਸੇ ਉਹ ਜਮੀਨ , ਨਾ ਉਡੇ ਅਸਮਾਨ
ਖਾਵੇ ਮਾਸ ਮਨੁੱਖ ਦਾ, ਏਹੀ ਉਸਦੀ ਸ਼ਾਨ

" ਚਿੰਤਾਂ ਮਨੁੱਖ ਦੀ ਸਿਹਤ, ਖੁਸ਼ੀ ਅਤੇ ਕਾਮਯਾਬੀ ਦੀ ਸਭ ਤੋਂ ਵੱਡੀ ਦੁਸ਼ਮਣ ਹੈ। "

ਚਿੰਤਾ ਰੋਗ ਸੰਸਾਰ ਵਿੱਚ ਬਹੁਤ ਵਧ ਚੁੱਕਾ ਹੈ। ਹਰ ਕਿਸੇ ਨੂੰ ਕੋਈ ਨਾ ਕੋਈ ਚਿੰਤਾ ਲੱਗੀ ਹੀ ਰਹਿੰਦੀ ਹੈ। ਚਿੰਤਾ ਅੱਜਕੱਲ ਦੇ ਮਨੁੱਖੀ ਜੀਵਨ ਦਾ ਅੰਗ ਬਣ ਚੁੱਕੀ ਹੈ।

ਜਿਉਂ ਹੀ ਮਨੁੱਖ ਨੇ ਹੋਸ਼ ਸੰਭਾਲੀ ਹੈ, ਉਸ ਸਮੇਂ ਤੋਂ ਚਿੰਤਾਂ ਉਹਦੇ ਗਲ ਲੱਗ ਆ ਰਹੀ ਹੈ। ਉਸ ਸਮੇਂ ਤੋਂ ਕੋਈ ਵਿਰਲਾ ਮਨੁੱਖ ਹੀ ਹੋਵੇਗਾ ਜਿਸ ਨੂੰ ਕੋਈ ਚਿੰਤਾ ਨਾ ਹੋਵੇ। ਅੱਜ ਕੱਲ ਦੇ ਮਨੁੱਖ ਦਾ ਜੀਵਨ ਨਵੀਨ ਸੱਭਿਅਤਾ ਦੇ ਕਾਰਨ ਬਹੁਤ ਗੁੰਝਲਦਾਰ ਹੋ ਗਿਆ ਹੈ ਤੇ ਸੰਭਾਵਨਾ ਹੈ ਕਿ ਅੱਗੇ ਇਹ ਹੋਰ ਵੀ ਗੁੰਝਲਦਾਰ ਹੋ ਜਾਵੇਗਾ। ਜਿੰਨਾਂ ਜਿਆਦਾ ਇਹ ਗੁੰਝਲਦਾਰ ਹੁੰਦਾ ਜਾ ਰਿਹਾ ਹੈ, ਓਨ੍ਹਾ ਹੀ ਜਿਆਦਾ ਮਨੋਰੋਗ ਵਧ ਰਹੇ ਹਨ। ਇਸ ਤਰ੍ਹਾਂ ਚਿੰਤਾਂ ਰੋਗ ਹਰ ਮਨੁੱਖ ਦੇ ਜੀਵਨ ਦਾ ਇੱਕ ਗੰਭੀਰ ਸਮੱਸਿਆਂ ਦਾ ਰੂਪ ਧਾਰਨ ਕਰ ਚੁੱਕੇ ਹਨ। ਪੁਰਾਣੇ ਸਮੇਂ ਵਿੱਚ ਮਨੁੱਖੀ ਜਿੰਦਗੀ ਬੜੀ ਸਧਾਰਨ ਤੇ ਜਰੂਰਤਾਂ ਬਹੁਤ ਘੱਟ ਸਨ। ਪਰ ਅੱਜ ਕੱਲ ਜਿੰਦਗੀ ਦੇ ਗੁੰਝਲਦਾਰ ਹੋ ਜਾਣ ਨਾਲ ਹਿਸਾਬ ਕਿਤਾਬ ਰੱਖਣਾ ਤੇ ਫਿਰ ਲੱਗੇ ਟੈਕਸਾਂ ਦੀ ਅਦਾਇਗੀ ਦੀ ਚਿੰਤਾ ਵੀ ਚਿੰਤਾਂ ਦਾ ਇੱਕ ਕਾਰਨ ਹੈ। ਸਨਅਤੀ ਦੌਰ ਨੇ ਜਿਹੜੇ ਖਿਚਾਓ ਜਿਹੜੇ ਤਬੀਅਤਾਂ ਵਿੱਚ ਪੈਦਾ ਕੀਤੇ ਹਨ, ਉਹਨਾਂ ਨੂੰ ਦੂਰ ਕਰਨ ਲਈ ਨਵੇਂ ਫਲਸਫੇ ਦੀ ਲੋੜ ਪੈ ਗਈ ਹੈ।

" ਅੱਜ ਸਮੇਂ ਦੀ ਵੱਡੀ ਭੁੱਲ ਹੈ ਕਿ ਡਾਕਟਰ ਮਨੁੱਖ ਦਾ ਇਲਾਜ ਕਰਨ ਵੇਲੇ ਸਰੀਰ ਨੂੰ ਮਨ ਨਾਲੋਂ ਅੱਡ ਸਮਝਦੇ ਹਨ " (ਪਲੈਟੋ)

" ਉਹ ਸਮਾਂ ਆਵੇਗਾ ਜਦ ਕਿ ਡਾਕਟਰ ਮਨੁੱਖ ਦੇ ਸਰੀਰ ਦਾ ਇਲਾਜ ਕਰਨ ਦੀ ਬਜਾਇ ਉਸਦੇ ਮਨ ਨੂੰ ਰਾਜੀ ਕਰਨ ਦੀ ਕੋਸ਼ਿਸ਼ ਕਰਨਗੇ ਤੇ ਫਿਰ ਮਨ ਸਰੀਰ ਨੂੰ ਆਪ ਰਾਜੀ ਕਰੇਗਾ " (ਗਲਫ ਵਾਲਡੋ ਟਰਾਇਨ)

ਕਿਸੇ ਵੀ ਬਿਮਾਰੀ ਦਾ ਇਲਾਜ ਕਰਨਾ ਹੋਵੇ ਤਾਂ ਜਿਵੇਂ ਇਹ ਗੱਲ ਜਰੂਰੀ ਹੈ ਕਿ ਪਹਿਲਾਂ ਉਸ ਰੋਗ ਦੇ ਅਸਲ ਕਾਰਨਾਂ ਦਾ ਪਤਾ ਲਾਇਆ ਜਾਵੇ, ਤਿਵੇਂ ਹੀ ਚਿੰਤਾਂ ਦਾ ਇਲਾਜ ਵੀ ਅਸੀਂ ਕੇਵਲ ਇਸਦੇ ਕਾਰਨਾਂ ਦਾ ਪਤਾ ਲਾ ਕੇ ਹੀ ਕਰ ਸਕਦੇ ਹਾਂ। ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਚਿੰਤਾ ਦੀ ਬਿਮਾਰੀ ਵਾਲਾ ਕੀ ਕਰਦਾ ਹੈ ਅਤੇ ਇਸ ਨਾਲ ਇਸਨੂੰ ਕੀ-ਕੀ ਤਕਲੀਫਾਂ ਹੁੰਦੀਆਂ ਹਨ। ਉਹ ਕੇਵਲ ਉਸ ਦੀ ਚਿੰਤਾਂ ਤੋਂ ਹੀ ਹੁੰਦੀਆਂ ਹਨ। ਉਸ ਵਿੱਚ ਨਾ ਹੀ ਕੋਈ ਦਿਮਾਗੀ ਕਮਜੋਰੀ ਹੁੰਦੀ ਹੈ ਤੇ ਨਾ ਹੀ ਕੋਈ ਇਖਲਾਕੀ । ਉਹ ਬਿਲਕੁਲ ਇੱਕ ਆਮ ਆਦਮੀ ਵਾਂਗ ਹੈ । ਉਸ ਵਿੱਚ ਤੇ ਇੱਕ ਆਮ ਅਦਮੀ ਵਿੱਚ ਫਰਕ ਸਿਰਫ ਇਹ ਹੈ ਕਿ ਉਸਦਾ ਦਿਮਾਗ ਆਮ ਆਦਮੀ ਨਾਲੋਂ ਥੋੜਾ ਜਿਹਾ ਵੱਧ ਅਹਿਸਾਸੀ ਹੁੰਦਾ ਹੈ ਅਤੇ ਉਸਨੇ ਅਨਭੋਲ ਹੀ ਚਿੰਤਾਂ ਕਰਨੀ ਸਿੱਖ ਲਈ ਹੁੰਦੀ ਹੈ ।

ਕਈ ਲੋਕਾ ਦਾ ਖਿਆਲ ਹੈ ਕਿ ਚਿੰਤਾਂ ਰੋਗ ਕੇਵਲ ਦਿਲ ਦੇ ਕਮਜੋਰ ਤੇ ਸਰੀਰ ਦੇ ਮਾੜੇ ਲੋਕਾਂ ਨੂੰ ਹੀ ਹੁੰਦਾ ਹੈ। ਇਹ ਗੱਲ ਠੀਕ ਨਹੀਂ, ਚਿੰਤਾਂ ਰੋਗ ਦਾ ਸ਼ਿਕਾਰ ਹੱਟੇ ਕੱਟੇ ਲੋਕ ਵੀ ਹੋ ਜਾਂਦੇ ਹਨ।

" ਚਿੰਤਾਂ ਚਿਖਾ ਬਰਾਬਰੀ ਕੋਲੇ ਮੁੱਢ ਕਰੀਰ, ਓਹ ਝੂਲੇ ਉਹ ਪੱਛੀਏ, ਝੋਟਾ ਸਹੇ ਸਰੀਰ " (ਦਾਦੂ ਭਗਤ)

ਚਿੰਤਾ ਵਾਣ ਨੂੰ ਕੇਵਲ ਇੱਕੋ ਕਿਸਮ ਤਕਲੀਫ ਨਹੀਂ ਹੁੰਦੀ ਉਹ ਕਈ ਕਿਸਮ ਦੀਆਂ ਤਕਲੀਫਾਂ ਦਾ ਅਨੁਭਵ ਕਰਦਾ ਹੈ ।

ਚਿੰਤਾਂ ਵਾਣ ਦੇ ਮਨੋ ਵਿਗਿਆਨਕ ਚਿੰਨ :

1. ਉਹ ਅਪਣੇ ਆਂਪ ਨੂੰ ਦੁਖੀ ਮਹਿਸੂਸ ਕਰਦਾ ਹੈ।
2. ਉਹ ਬਹੁਤ ਬੁਜਦਿਲ ਹੁੰਦਾ ਹੈ।
3. ਉਸਨੂੰ ਕਿਸੇ ਤੇ ਭਰੋਸਾ ਨਹੀਂ ਹੁੰਦਾ ।
4. ਉਹ ਤੁਰੰਤ ਫੈਸਲੇ ਨਹੀਂ ਕਰਦਾ।
5. ਉਹ ਚਿੜਚਿੜੇ ਸੁਭਾਅ ਦਾ ਹੁੰਦਾ ਹੈ।
6. ਉਹ ਸਦਾ ਹੈਰਾਨ ਤੇ ਪ੍ਰਸ਼ੇਾਨ ਰਹਿੰਦਾ ਹੈ।
7. ਉਸਦਾ ਮਨ ਬੜਾ ਉਚਾਟ ਰਹਿੰਦਾਂ ਹੈ ਆਦਿ।

ਚਿੰਤਾਵਾਣ ਦੇ ਸਰੀਰਕ ਚਿੰਨ

ਦਿਲ ਦਾ ਧੜਕਨਾਂ, ਚੱਕਰ ਆਉਣੇ, ਪੇਟ ਵਿੱਚ ਹਵਾ, ਪਿੱਠ ਦਰਦ, ਧੌਣ ਪਿੱਛੇ ਦਰਦ, ਸਿਰ ਦਰਦ, ਥਕਾਵਟ, ਕਬਜ, ਭੁੱਖ ਦਾ ਘਟ ਜਾਣਾ, ਉਨੀਂਦਰਾ ਪਣ, ਕਾਮਰੁਚੀ ਦਾ ਘਟ ਜਾਣ ਆਦਿ ।

ਹਰ ਵੇਲੇ ਦੁਖਦਾਈ ਵਿਚਾਰਾਂ ਵਿੱਚ ਡੁੱਬੇ ਰਹਿਣ ਨੂੰ ਚਿੰਤਾਂ ਆਖਦੇ ਹਨ। ਚਿੰਤਾਂ ਦੇ ਮਨੋਵਿਗਿਆਨਕ ਚਿੰਨਾਂ ਨੂੰ ਤਾਂ ਚਿੰਤਾਂ ਵਾਣ ਸਮਝ ਜਾਂਦਾ ਹੈ ਪਰ ਚਿੰਤਾਂ ਦੇ ਕਾਰਨ ਪੈਦਾ ਹੋਏ ਸਰੀਰਕ ਚਿੰਨਾਂ ਨੂੰ ਉਹ ਬਿਲਕੁਲ ਨਹੀਂ ਸਮਝਦਾ।

ਚਿੰਤਾਂ ਦਾ ਅਭਿਆਸ ਮਨੁੱਖ ਨੂੰ ਚਿੰਤਵਾਣ ਬਣਾ ਦਿੰਦਾ ਹੈ। ਜਿੰਨਾਂ ਜਿਆਦਾ ਤੇ ਵਧੇਰੇ ਸਮਾਂ ਚਿੰਤਾਂ ਦਾ ਅਭਿਆਸ ਕਰਾਂਗੇ ਓਨੇ ਹੀ ਜਲਦੀ ਤੇ ਵੱਡੇ ਚਿੰਤਾਵਾਨ ਬਣ ਜਾਂਵਾਂਗੇ। ਇੱਕ ਗੱਲ ਬੜੀ ਹੀ ਧਿਆਨ ਯੋਗ, ਜਿੰਨੀ ਜਿਆਦਾ ਕਿਸੇ ਮਨੁੱਖ ਅੰਦਰ ਸਿੱਖਣ ਸ਼ਕਤੀ ਹੋਵੇਗੀ ਓਨਾਂ ਹੀ ਬਹੁਤਾ ਅਤੇ ਛੇਤੀ ਉਹ ਚਿੰਤਾਂਵਾਨ ਬਣ ਜਾਵੇਗਾ। ਮੂਰਖ ਨੂੰ ਚਿੰਤਾਂ ਘੱਟ ਹੀ ਲਗਦੀ ਹੈ।

ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਜੇਕਰ ਕਿਸੇ ਮਨੁੱਖ ਨੇ ਚਿੰਤਾ ਤੋਂ ਛੁਟਕਾਰਾ ਪਾਉਣਾ ਹੈ ਉਹ ਚਿੰਤਾ ਦਾ ਅਭਿਆਸ ਛੱਡ ਦੇਵੇ।

ਚਿੰਤਾ ਨੂੰ ਛੱਡਣ ਦਾ ਤਰੀਕਾ

ਕੋਈ ਕੰਮ ਜਿਸਨੂੰ ਅਸੀਂ ਕਰਨਾ ਛੱਡ ਦੇਵਾਂਗੇ, ਕਰਨਾ ਭੁਲ ਜਾਵਾਂਗੇ। ਇੱਕ ਆਦਮੀ ਹਰਮੋਨੀਅਮ ਬੜੀ ਚੰਗੀ ਤਰ੍ਹਾਂ ਬਜਾਉਣਾ ਜਾਣਦਾ

ਬਾਕੀ ਸਫਾ '33 ਤੇ

ਤੁਹਾਡੇ ਹੁੰਗਾਰੇ

ਮਈ ਜੂਨ ਅੰਕ ਮਿਲਿਆ। ਪਿੰਡ ਦੀ ਸੱਥ 'ਚੋਂ ਅਤੇ ਖੁਸਵੰਤ ਬਰਗਾੜੀ ਦਾ ਗੀਤ ਬਹੁਤ ਪਸੰਦ ਆਇਆ। 'ਜਦੋਂ ਸਿਆਣਿਆ ਤੋਂ ਵੀ ਗੱਲ ਨਾ ਬਣੀ ' ਵੀ ਕਾਫੀ ਸਲਾਹੁਣਯੋਗ ਸੀ । ਹਰ ਵਾਰੀ ਆਪਣੇ ਦੋਸਤਾਂ ਮਿੱਤਰਾਂ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਮੈਗਜ਼ੀਨ ਪੜਨ ਲਈ ਦਿੰਦਾਂ ਹਾਂ। ਲੋਕਾਂ ਨੂੰ ਚੰਗੀ ਸੇਧ ਦੇ ਰਿਹਾ ਹੈ।

ਮਲਕੀਤ ਸਿੰਘ ਕਲਾਸ 10 ਵੀਂ, ਸ.ਹ. ਸਕੂਲ
ਪਰਮਜੀਤ ਸਿੰਗ ਚੌਹਾਨ, ਮਲਕੀਤ ਸਿੰਘ ਚੌਹਾਨ
ਅਰਾਂਈਆਂ ਵਾਲਾ ਕਲਾਂ, ਫਰੀਦਕੋਟ।

ਮਈ ਜੂਨ ਅੰਕ ਵਿਚੋਂ 'ਮਾਨਸਿਕ ਸ਼ਾਂਤੀ ਅਤੇ ਵਿਗਿਆਨ ' ਅਤੇ 'ਪੰਜਾਬੀ ਸਮਾਜ ਅਤੇ ਤਰਕਸ਼ੀਲਤਾ 'ਪ੍ਰਮੁੱਖ ਰਚਨਾਵਾਂ ਸਨ। 'ਸਾਧੂ ਸੰਨਿਆਸੀ ਸਮਾਜ ਤੇ ਬੋਝ ਹਨ ' ਠੀਕ-ਠਾਕ ਰਿਹਾ। ਇਹ ਲੇਖ ਸਰਿਤਾ ਵਿੱਚ ਲੀਲਾ ਜੈਨ ਦਾ ਲਿਖਿਆ ਸੀ। ਮੇਰੀ ਸ਼੍ਰੀ ਮਤੀ ਨਥਾਣਾ ਨੂੰ ਬੇਨਤੀ ਹੈ ਕਿ ਉਹ ਕੇਵਲ ਆਪਣੀਆਂ ਰਚਨਾਵਾਂ ਹੀ ਭੇਜਿਆ ਕਰਨ।

ਸਚਿਨ ਅਗਰਵਾਲ,
ਮਾਰਫਤ ਸੇਖੋਂ ਕ੍ਰਿਕਟ ਕਲੱਬ।
ਪਾਤੜਾਂ (ਪਟਿਆਲਾ)

ਮੈਂ ਤਰਕਸ਼ੀਲ ਸੁਸਾਇਟੀ ਦਾ ਪੱਕਾ ਹਮਾਇਤੀ ਅਤੇ ਵਿਗਿਆਨਕ ਸੋਚ ਦਾ ਧਾਰਨੀ ਹਾਂ। ਮਈ ਜੂਨ ਅੰਕ ਵਿੱਚ ਰਾਜਪਾਲ ਸਿੰਘ ਦਾ ' ਪੰਜਾਬੀ ਸਮਾਜ ਦਾ ਤਰਕਸ਼ੀਲਾ ਦੇ ਸੰਦਰਭ ਵਿੱਚ ਇੱਕ ਵਿਸ਼ਲੇਸ਼ਣ 'ਬਹੁਤ ਵਧੀਆ ਸੀ। ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਤਰਕਸ਼ੀਲ ਲਹਿਰ ਹੁਣ ਬ੍ਰਿਟੇਨ ਵਿੱਚ ਵੀ ਫੈਲ ਰਹੀ ਹੈ। 'ਜੋਤਿਸ਼ ਸੱਚ ਜਾਂ ਝੂਠ ' ਡਾ. ਅਵਸਰ ਅੱਬਾਸ ਦਾ ਲੇਖ ਜੋਤਿਸ਼ ਦੇ ਝੂਠੇ ਹੋਣ ਦੀ ਪੂਰੀ ਗਵਾਹੀ ਦੇ ਰਿਹਾ ਸੀ। ਪਿੰਡ ਦੀ ਸੱਥ 'ਚੋਂ ਅਤੇ ਕੇਸ ਰਿਪੋਰਟਾਂ ਤੇ ਹੋਰ ਲੇਖ ਕਾਫੀ ਚੰਗੇ ਸਨ। ਤਰਕਸ਼ੀਲ ਹਰ ਮਹੀਨੇ ਛਪਣਾ ਚਾਹੀਦਾ ਹੈ।

ਅੰਗਰੇਜ ਸੱਗੂ 'ਦਿਲਬਰ '
ਸੱਗੂ ਇਲੈਕਟ੍ਰਿਕ ਵਰਕਸ, ਮੰਡੀ ਡੱਬਵਾਲੀ (ਹਰਿਆਣਾ)

ਵਿਜੇ ਬੰਬੇਲੀ ਦਾ ਸ਼ੋਰ ਪ੍ਰਦੂਸ਼ਣ ਬਾਰੇ ਲੇਖ ਸਲਾਹੁਣਯੋਗ ਸੀ। ਕੇਸ ਰਿਪੋਰਟ ਅਤੇ ਫਲਾਹੀ ਵਾਲੇ ਬਾਬੇ ਦੀ ਮਿਹਰ ਵੀ ਕਾਫੀ ਚੰਗੀ ਲੱਗੀ। ਖੁਸ਼ਵੰਤ ਬਰਗਾੜੀ ਦਾ ਗੀਤ ਵੀ ਚੰਗਾ ਕਦਮ ਸੀ। ਸਫੇ ਵਧਾਉਣ ਲਈ ਧੰਨਵਾਦ। ਸਾਧ ਤੇ ਸਿਆਸਤ, ਓਪਰੀ ਸ਼ੈਅ, ਹੱਥ ਪੈਰ ਮੁੜਨ ਤੋਂ ਬਾਅਦ, ਰਚਨਾਵਾਂ ਸਲਾਹੁਣਯੋਗ ਸਨ।

ਸਰਬਜੀਤ ਸਿੰਘ ਮਲਹੋਤਰਾ
ਰਾਮੇਆਣਾ (ਫਰੀਦਕੋਟ)
ਹਤਿੰਦਰ ਕੁਮਾਰ, 6 ਵੀਂ ਕਲਾਸ
ਰਣਜੀਤ ਪ੍ਰੈਸ ਕਲੋਨੀ,ਬਠਿੰਡਾ।

ਤਰਕਸ਼ੀਲ ਦਾ ਮਈ ਜੂਨ ਅੰਕ ਪੜਿਆ। ਡਾ. ਸੁਰੇਸ਼ ਰਤਨ ਦਾ ਲੇਖ 'ਮਾਨਸਿਕ ਸ਼ਾਂਤੀ ਅਤੇ ਵਿਗਿਆਨ ' ਮਨੁੱਖ ਨੂੰ ਆਪਣੇ ਤੇ ਵਿਸ਼ਵਾਸ਼ ਕਰਨ ਲਈ ਪ੍ਰੇਰਨਾ ਸ੍ਰੋਤ ਹੈ। ਪੂਨਮ ਪ੍ਰੀਤ ਲੜੀ ਦੀ ਮੁਲਾਕਾਤ ਔਰਤਾਂ ਨੂੰ ਜਾਗ੍ਰਿਤ ਕਰਨ ਵਿੱਚ ਸਹਾਈ ਹੋ ਸਕਦੀ ਹੈ। ਕੇਸ ਰਿਪੋਰਟ, ਰਾਮ ਸਵਰਨ ਦਾ ਲੇਖ ਅਤੇ ਖੁਸ਼ਵੰਤ ਬਰਗਾੜੀ ਦਾ ਲੇਖ ਵਧੀਆ ਰਚਨਾਵਾਂ ਸਨ। ਹਰੀਸ਼ ਮਲਹੋਤਰਾ ਨੂੰ ਬਰਮਿੰਘਮ ਯੂਨੀਵਰਸਿਟੀ ਤੋਂ ਡਾਕਟਰੇਟ ਕਰਨ ਤੇ ਵਧਾਈ। ਬੱਚਿਆਂ ਲਈ ਜਾਣਕਾਰੀ ਦੇਣੀ ਚਾਹੀਦੀ ਹੈ।

ਗੁਰਬਚਨ ਸਿੰਘ
ਡੀ.ਏ.ਵੀ ਮਾਡਲ ਸੀਨੀਅਰ ਸੈ.ਸਕੂਲ,(ਖੰਨਾਂ)

ਮਈ ਜੂਨ ਅੰਕ ਵਿੱਚ ਕੇਸ ਰਿਪੋਰਟ 'ਜਦੋਂ ਸਿਆਣਿਆ ਤੋਂ ਵੀ ਗੱਲ ਨਾ ਬਣੀ 'ਦਲਜੀਤ ਕੌਰ ਜੀ ਦੀ ਮਿਹਨਤ 'ਤੇ ਮਨ ਨੂੰ ਖੁਸ਼ ਹੋਈ। ਤਰਕਸ਼ੀਲ ਮੈਗਜੀਨ ਸਿੱਖਿਆ ਦਾ ਰੋਲ ਨਿਭਾ ਰਿਹਾ ਹੈ। ਤਾਜਾ ਅੰਕ ਵਿੱਚ ਖੁਸ਼ਵੰਤ ਬਰਗਾੜੀ ਦਾ ਗੀਤ 'ਸੰਤ ਨੇ ਬੜੇ ਸ਼ੈਤਾਨ 'ਸਲਾਹੁਣਯੋਗ ਸੀ। ਸੰਪਾਦਕੀ ਚੰਗੀ ਲੱਗਦੀ ਹੈ। ਮਾਨਸਿਕ ਸ਼ਾਂਤੀ ਅਤੇ ਵਿਗਿਆਨ ਬਹੁਤ ਪਸੰਦ ਆਇਆ।

ਮਾਸਟਰ ਜਰਨੈਲ ਸਿੰਘ ਖੈਹਿਰਾ, ਸਿੰਪਲਜੀਤ ਖੈਹਿਰਾ,
ਇੰਡੀਅਨਜੀਤ ਖੈਹਿਰਾ, ਪਿੰਡ ਸੱਲ, ਵਾ. ਲੋਹੀਆਂ (ਜਲੰਧਰ)

ਮਈ ਜੂਨ ਦਾ ਅੰਕ ਵਧੀਆ ਉਸਾਰੂ ਅਤੇ ਜਾਣਕਾਰੀ ਭਰਪੂਰ ਸੀ। ਮੁੱਖ ਸਫੇ ਦਾ ਚਿੱਤਰ ਮਨ ਨੂੰ ਟੁੰਬ ਗਿਆ। ਮੈਗਜੀਨ ਦੀ ਕੀਮਤ ਕਿੰਨੀ ਵੀ ਵਧਾ ਦਿਓ, ਪਰ ਪਾਠਕ ਮੈਗਜੀਨ ਨਾਲੋਂ ਨਾਤਾ ਨਹੀਂ ਤੋੜਨਗੇ। ਮਸਾਂ ਤਾਂ ਪੰਜਾਬੀ ਪਾਠਕਾਂ ਨੂੰ ਵਿਗਿਆਨਕ ਵਿਚਾਰਾਂ ਵਾਲਾ ਮੈਗਜੀਨ ਮਿਲਦਾ ਹੈ।

ਅਵਤਾਰ ਅਰਸ਼ ਮਾਨਵੀ, ਪਿੰਡ ਵਾਂਦਰ ਰੋਡ, ਮੋਗਾ ।

ਮੈਂ ਜਦੋਂ ਦਾ ਤਰਕਸ਼ੀਲ ਪੜਨ ਲੱਗਿਆਂ ਹਾਂ ਮੇਰੀ ਸੋਚ ਵਹਿਮਾਂ ਭਰਮਾਂ ਤੋਂ ਬਦਲ ਗਈ ਹੈ। ਤਰਕਸ਼ੀਲ ਦੀ ਕੀਮਤ ਦਸ ਰੁਪਏ ਠੀਕ ਨਹੀਂ। ਮੇਰੀ ਬੇਨਤੀ ਹੈ ਕਿ ਕੀਮਤ ਘੱਟ ਕੀਤੀ ਜਾਵੇ।

ਭਗਵੰਤ ਰਾਏ ਬਾਂਸਲ, ਮੇਨ ਰੋਡ,
ਪਰਸ ਰਾਮ ਨਗਰ, ਬਠਿੰਡਾ।
ਸੰਤੋਖ ਸਿੰਘ ਕੰਧੋਲਾ, ਚਮਕੌਰ ਸਾਹਿਬ (ਰੋਪੜ)

ਮੈਂ ਟਾਂਡਾ ਇਕਾਈ ਦੀ ਮੈਂਬਰਸ਼ਿੱਪ ਲੈਣ ਦਾ ਨਿਸਚਾ ਕਰ ਲਿਆ ਹੈ। ਇਸ ਵਾਰ ਦਾ ਮੈਗਜੀਨ ਕਾਫੀ ਜਾਣਕਾਰੀ ਭਰਪੂਰ ਸੀ। ਸ਼੍ਰੀ ਮਤੀ ਪੂਨਮ ਪ੍ਰੀਤ ਲੜੀ ਨਾਲ ਮੁਲਾਕਾਤ ਬਹੁਤ ਪਸੰਦ ਆਈ। ਫਲਾਹੀ ਵਾਲੇ ਬਾਬੇ ਦੀ ਮਿਹਰ, ਅੰਧ ਵਿਸ਼ਵਾਸ਼ਾ 'ਚ ਭਟਕਦੀ ਸਰਕਾਰ, ਖਬਰਾਂ ਮੂੰਹੋਂ ਬੋਲਦੀਆਂ, ਅੱਜ ਕਿਸ ਗੁਰੂ ਦੀ ਲੋੜ ਹੈ, ਗੱਲ ਕੀ ਸਾਰਾ ਮੈਗਜੀਨ ਹੀ ਜਾਣਕਾਰੀ ਭਰਪੂਰ ਸੀ। ਟਾਈਟਲ ਬਹੁਤ ਪਸੰਦ ਆਇਆ। ਸੰਪਾਦਕੀ ਵਧੀਆ ਸੀ।

ਸੁਨੀਤਾ ਕੁਮਾਰੀ, ਪਿੰਡ ਉਹੜਪੁਰ,
ਹੁਸ਼ਿਆਰਪੁਰ।

ਮਈ ਜੂਨ ਦਾ ਅੰਕ ਪੜਿਆ ਬਹੁਤ ਵਧੀਆ ਲੱਗਿਆ। ਇਸ ਵਿੱਚ ਖੁਸ਼ਵੰਤ ਬਰਗਾੜੀ ਦਾ ਗੀਤ 'ਗੱਲ ਸੁਣ ਲੈ ਕਰਕੇ ਧਿਆਨ ਕੁੜੇ 'ਬਹੁਤ ਵਧੀਆ ਸੀ। ਪਿੰਡ ਦੀ ਸੱਥ 'ਚੋਂ ਅਤੇ ਡਾਕਟਰ ਅਵਸਰ ਅੱਬਾਸ ਦਾ ਲੇਖ ਜੋਤਿਸ਼ ਸੱਚ ਜਾਂ ਝੂਠ ਪਸੰਦ ਆਇਆ।

ਆਓ ਮਿਲਕੇ ਕਦਮ ਉਠਾਈਏ,
ਤਰਕਸ਼ੀਲ ਨੂੰ ਅੱਗੇ ਵਧਾਈਏ ।

ਸਿਮਰਨ ਜੱਸਲ, ਕਰਮਜੀਤ ਜੱਸਲ
ਬਰਗਾੜੀ।

ਤਰਕਸ਼ੀਲ ਦੇ ਪੰਨੇ ਵਧਾ ਕੇ ਵਧੀਆ ਗੱਲ ਕੀਤੀ। ਮੁੱਖ ਪੰਨਾ ਵੀ ਵਧੀਆ ਸੀ। ਇਸ ਕਾਰਨ ਕੀਮਤ ਜਿਆਦਾ ਨਹੀਂ ਲੱਗਦੀ। ਖੁਸ਼ਵੰਤ ਬਰਗਾੜੀ ਦਾ ਗੀਤ ਵਧੀਆ ਲੱਗਿਆ। ਕੈਸਿਟ ਜਲਦੀ ਤੋਂ ਜਲਦੀ ਰਿਲੀਜ ਕਰਨ ਦੀ ਕੋਸ਼ਿਸ਼ ਕਰੋ। ਜਾਦੂ ਸੰਬੰਧੀ ਵੀ ਮੈਗਜੀਨ ਵਿੱਚ ਦਿਆ ਕਰੋ। ਕੁੱਲ ਮਿਲਾਕੇ ਮੈਗਜੀਨ ਵਧੀਆ ਸੀ।

ਗੁਰਮੇਲ ਸਟੈਨੋ,
ਸਿਵਲ ਸਟੇਸ਼ਨ,ਬਠਿੰਡਾ।

ਮੈਂ ਫੌਜ ਵਿੱਚ 31 ਮੀਡੀਅਮ ਰੈਜੀਡੈਂਟ ਪਠਾਨਕੋਟ ਸਰਵਿਸ ਕਰਦਾ ਹਾਂ। ਮੇਰੀ ਪਤਨੀ ਮਾਨਸਿਕ ਰੋਗੀ ਸੀ। ਬਹੁਤ ਸਾਰੇ ਬਾਬਿਆਂ ਚੇਲਿਆਂ ਦੇ ਲੁੱਟ ਕਰਵਾਉਣ ਤੋਂ ਬਾਅਦ ਤਰਕਸ਼ੀਲ ਵੀਰਾਂ ਨੇ ਉਸਨੂੰ ਠੀਕ ਕਰ ਦਿੱਤਾ। ਮੈਂ ਫੈਸਲਾ ਕੀਤਾ ਹੈ ਕਿ ਮੈਂ ਦੋ ਤਿੰਨ ਮਹੀਨੇ ਬਾਅਦ ਰਿਟਾਇਰ ਹੋਣ ਤੇ ਆਪਦੇ ਪਿੰਡ ਤਰਕਸ਼ੀਲ ਮੇਲਾ ਕਰਾਂਵਾਂਗਾ। ਰੈਜੀਮੈਂਟ ਵਿੱਚ ਮੇਰੇ ਸਾਥੀਆਂ ਨਾਲ ਮੇਰੀ ਬਹਿਸ ਚਲਦੀ ਰਹਿੰਦੀ ਹੈ। ਮਈ ਜੂਨ ਅੰਕ ਵਿੱਚ ਮਾਨਸਿਕ ਸਾਂਤੀ ਅਤੇ ਵਿਗਿਆਨ, ਸ਼੍ਰੀ ਮਤੀ ਪੂਨਮ ਪ੍ਰੀਤ ਲੜੀ ਦੀ ਮੁਲਾਕਾਤ, ਬਾਬੇ ਦੇ ਤਵੀਤ ਅਤੇ ਪਿੰਡ ਦੀ ਸੱਥ 'ਚੋਂ ਵਧੀਆ ਲੱਗੇ। ਰਾਧਾ ਸੁਆਮੀ ਸੱਚੇ ਸੌਦੇ ਵਾਲਿਆਂ ਦੇ ਕਾਰਨਾਮਿਆਂ ਬਾਰੇ ਖੁੱਲਕੇ ਲਿਖਿਆ ਕਰੋ । ਖੁਸ਼ਵੰਤ ਬਰਗਾੜੀ ਦਾ ਗੀਤ 'ਸੰਤ ਨੇ ਬੜੇ ਸ਼ੈਤਾਨ ਕੁੜੇ ' ਬਿਲਕੁਲ ਠੀਕ ਬਹੁਤ ਵਧੀਆ ਲੱਗਿਆ।

ਗੁਰਜੰਟ ਸਿੰਘ ਫੌਜੀ
ਸੰਗਤ ਪੁਰਾ, (ਮੋਗਾ)

ਮਾਰਚ ਅਪ੍ਰੈਲ ਅਤੇ ਮਈ ਜੂਨ ਅੰਕ ਵਿੱਚੋਂ ਪਰੂਫ ਰੀਡਿੰਗ ਦੀਆਂ ਗਲਤੀਆਂ ਰੜਕਦੀਆਂ ਸਨ। ਪੂਨਮ ਪ੍ਰੀਤ ਲੜੀ ਦੀ ਮੁਲਾਕਾਤ ਅਤੇ ਡਾ. ਕਾਵੂਰ ਦੀ ਜੀਵਨੀ ਗਿਆਨ ਵਰਧਕ ਸੀ। ਬੱਚਿਆਂ ਬਾਰੇ ਘੱਟ ਮੈਟਰ ਹੁੰਦਾ ਹੈ। ਵਧੇਰੇ ਧਿਆਨ ਸ਼ੁੱਧੀਆਂ ਤੇ ਦੇਣ ਦੀ ਜਰੂਰਤ ਹੈ। ਖੁਸ਼ਵੰਤ ਬਰਗਾੜੀ ਦੇ ਗੀਤ ਵਧੀਆ ਸਨ।

ਸਿਮਰਨ ਦੀਪ
ਪੁਰਾਣਾ ਸ਼ਹਿਰ (ਫਰੀਦਕੋਟ)।

ਮਈ ਜੂਨ ਦਾ ਅੰਕ ਪਸੰਦ ਆਇਆ। ਸਾਧੂ ਸੰਨਿਆਸੀ ਸਮਾਜ ਤੇ ਬੋਝ ਹਨ ਵਧੀਆ ਸੀ। ਟਾਈਟਲ ਬਹੁਤ ਖਿੱਚ ਭਰਪੂਰ ਸੀ। ਤਰਕਸ਼ੀਲ ਵਿੱਚ ਹਿਪਨੋਟਿਜਮ ਬਾਰੇ ਕੋਈ ਲੇਖ ਜਰੂਰ ਪ੍ਰਕਾਸ਼ਿਤ ਕਰਨਾ।

ਗੁਰਮੀਤ ਸਿੰਘ ਧਾਲੀਵਾਲ, ਰੂੜੇ ਕੇ ਕਲਾਂ।
ਅਮਨਦੀਪ ਸਿੰਘ ਅਸ਼ਕ, ਮੁਕਤਸਰ ।

ਮਈ ਜੂਨ ਦੇ ਅੰਕ ਵਿੱਚ ਖੁਸ਼ਵੰਤ ਬਰਗਾੜੀ ਜੀ ਦਾ ਗੀਤ (ਰਹਿ ਬਚ ਕੇ) ਬਹੁਤ ਹੀ ਪਸੰਦ ਆਇਆ। ਕਿੰਨਾਂ ਚੰਗਾ ਹੋਵੇਗਾ ਜੇ ਤੁਸੀਂ ਇਹੋ ਜਿਹੇ ਗੀਤ ਕੈਸਿਟ ਰੂਪ ਵਿੱਚ ਪੇਸ਼ ਕਰੋਂ। ਕਿਉਂਕਿ ਮੈਗਜੀਨ ਤਾਂ ਪੜੇ ਲਿਖੇ ਦੋਸਤਾਂ ਨੂੰ ਗਿਆਨ ਹੁੰਦਾ ਹੈ ਅਤੇ ਕੈਸਿਟ ਰਾਹੀਂ ਇਹ ਅਵਾਜ ਹਰ ਇੱਕ ਦੇ ਕੰਨਾਂ ਵਿੱਚ ਪਹੁੰਚ ਜਾਵੇਗੀ। ਮੈਂ ਚਾਹੁੰਦਾ ਹਾਂ ਕਿ ਮੇਰੇ ਮਰਨ ਤੋਂ ਬਾਅਦ ਮੇਰਾ ਮ੍ਰਿਤਕ ਸਰੀਰ ਕਿਸੇ ਮੈਡੀਕਲ ਸੰਸਥਾਂ ਨੂੰ ਸੌਂਪ ਦਿੱਤਾ ਜਾਵੇ।

ਸੁਖਵਿੰਦਰ ਸਿੰਘ ਗਿੱਲ,
ਨੇੜੇ ਪੁਰਾਣਾ ਬਿਜਲੀ ਦਫਤਰ (ਮਾਛੀਵਾੜਾ)।

ਮਈ ਜੂਨ ਅੰਕ ਪੜਿਆ। ਪੂਨਮ ਪ੍ਰੀਤ ਲੜੀ ਦੀ ਮੁਲਾਕਾਤ, ਸੋਰ ਪ੍ਰਦੂਸ਼ਣ, ਪਿੰਡ ਦੀ ਸੱਥ 'ਚੋਂ, ਰਾਮ ਸਵਰਨ ਦਾ ਲੇਖ 'ਅੰਧਵਿਸ਼ਵਾਸ਼ਾਂ 'ਚ ਭਟਕਦੀ ਸਰਕਾਰ ' ਵਧੀਆ ਸਨ। ਖਬਰਾਂ ਮੂੰਹੋਂ ਬੋਲਦੀਆਂ ਵਿੱਚ ਸੱਚਾ ਸੌਦਾ ਦੀਆਂ ਕਰਤੂਤਾਂ ਸਾਹਮਣੇ ਆਉਂਦੀਆਂ ਹਨ ਅਤੇ ਪ੍ਰੇਮੀਆ ਨੂੰ ਪੜ ਕੇ ਸਚਾਈ ਤੋਂ ਜਾਣੂ ਕਰਵਾਇਆ। ਮੈਗਜੀਨ ਦੀ ਬਾਹਰੀ ਦਿੱਖ ਵਧੀਆ ਹੋਣ ਕਾਰਨ ਕੀਮਤ ਜਿਆਦਾ ਨਹੀਂ ਲੱਗੀ!

ਤੇਜਾ ਸਿੰਘ ਰੂੜੇ ਕੇ ਕਲਾਂ, (ਬਰਨਾਲਾ)
ਸੰਤੋਖ ਸਿੰਘ (ਮੋਗਾ)

ਤਰਕਸ਼ੀਲ ਇੱਕ ਸਾਲ ਤੋਂ ਪੜ ਰਿਹਾਂ ਹਾਂ। ਮੈਂ ਤਾਂ ਕਹਿੰਦਾ ਹਾਂ ਕਿ ਜਿੰਦਗੀ ਨੂੰ ਜਿਉਣ ਦਾ ਅਸਲੀ ਢੰਗ ਹੀ ਹੁਣ ਪਤਾ ਲੱਗਾ ਹੈ। ਹੁਣ ਤੱਕ ਹਨੇਰੇ ਵਿੱਚ ਹੀ ਰਹੇ। ਤਰਕਸ਼ੀਲ ਸੁਸੋਇਟੀ ਦਾ ਧੰਨਵਾਦੀ ਹਾ ਜੋਂ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢਣ ਲਈ ਦਿਨ ਰਾਤ ਕੰਮ ਕਰਦੀ ਹੈ। ਮੈਗਜੀਨ ਦੀ ਉਡੀਕ ਰਹਿੰਦੀ ਹੈ। ਜੈਤੋਂ ਕੋਟਕਪੂਰਾ ਸਟਾਲਾਂ ਤੋਂ ਵੀ ਨਹੀਂ ਮਿਲਦਾ।

ਕਾਮਰੇਡ ਖਲੀਲ ਮੁਹੰਮਦ ,
ਫਰੀਦਪੁਰ ਕਲਾਂ, (ਮਲੇਰਕੋਟਲਾ)।
ਚਰਨਜੀਤ ਸਿੰਘ, ਚੰਦ ਭਾਨ (ਫਰੀਦਕੋਟ)।

ਮੈਂ ਤਰਕਸ਼ੀਲ ਸੁਸਾਇਟੀ ਤੋਂ ਬਹੁਤ ਖੁਸ਼ ਹਾਂ ਕਿ ਜਨਤਾ ਨੂੰ ਵਹਿਮਾਂ ਭਰਮਾਂ ਤੋਂ ਛੁਟਕਾਰਾ ਦਿਵਾ ਰਹੇ ਹਨ। ਪਹਿਲਾਂ ਮੈਨੂੰ ਬਹੁਤ ਹੀ ਭੈੜੇ ਸੁਪਨੇ ਆਉਂਦੇ ਸਨ। ਜਦੋਂ ਤੋਂ ਅੰਧਵਿਸ਼ਵਾਸ਼ਾਂ ਵਿੱਚੋਂ ਨਿਕਲਿਆਂ ਹਾਂ ਮੈਨੂੰ ਕੋਈ ਵੀ ਡਰਾਉਣਾ ਸੁਪਨਾ ਨਹੀਂ ਆਉਂਦਾ।

ਕਾਂਸਟੇਬਲ ਕਸ਼ਮੀਰ ਸਿੰਘ ਨੰ: 1176
ਕੇਂਦਰੀ ਜੇਲ, ਫਿਰੋਜਪੁਰ ।

ਤਰਕਸ਼ੀਲ ਪੜਕੇ ਮੇਰੇ ਮਨ ਨੂੰ ਜੋ ਖੁਸ਼ੀ ਹੋਈ ਉਸਨੂੰ ਮੈਂ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦਾ। ਮੈਨੂੰ ਖੁਸ਼ੀ ਹੋਈ ਕਿ ਮੇਰੇ ਨੌਜਵਾਨ ਵੀਰ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਦੂਰ ਕਰਕੇ ਸਹੀ ਦਿਸ਼ਾ ਵੱਲ ਲੈ ਕੇ ਜਾ ਰਹੇ ਹਨ। ਤੁਸੀਂ ਪਿੰਡਾਂ ਵਿੱਚ ਬੈਠੇ ਚੇਲਿਆ ਦੀ ਸਚਾਈ ਬਾਰੇ ਤਾਂ ਦੱਸ ਰਹੇ ਹੋਂ ਲੇਕਿਨ ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲੇ ਬਾਬੇ ਜਿਵੇਂ ਸਰਸੇ ਵਾਲਾ ਬਾਬਾ, ਬਿਆਸ ਵਾਲਾ ਬਾਬਾ ਜੋ ਕਿ ਸ਼ਰਾਫਤ ਦਾ ਨਕਾਬ ਲੈ ਕੇ ਲੋਕਾਂ ਨੂੰ ਲੁੱਟ ਰਹੇ ਹਨ ਬਾਰੇ ਕੋਈ ਟਿੱਪਣੀ ਨਹੀਂ ਕਰਦੇ। ਤੁਸੀਂ ਇਹਨਾਂ ਬਾਬਿਆਂ ਦੇ ਅਸਲੀ ਚਿਹਰੇ ਲੋਕਾਂ ਅੱਗੇ ਕਿਓਂ ਨਹੀਂ ਲਿਆਉਂਦੇ।

ਜਸਦੇਵ ਸਿੰਘ ਅਜੀਤ ਰੋਡ , ਬਠਿੰਡਾ ।

ਤਰਕਸ਼ੀਲ 'ਚੋਂ ਪੰਛੀ ਫਲੂ ਕੁਕੜੂੰ ਘੜੂੰ ਪੜਿਆ। ਪੰਜਾਬੀ ਦੇ ਕਿਸੇ ਮੈਗਜੀਨ ਵਿੱਚ ਇਸ ਤਰ੍ਹਾਂ ਦੀ ਨਵੀਨਤਮ ਜਾਣਕਾਰੀ ਸ਼ਾਇਦ ਪਹਿਲੀ ਵਾਰ ਪੜੀ। ਤੁਸੀਂ ਬਹੁਤ ਵਧੀਆਂ ਕੰਮ ਕਰ ਰਹੇ ਹੋਂ।

ਰਵੀਜੀਤ, ਮਾਰਫਤ ਪੰਜੇਟਾ ਇਲੈਕਟ੍ਰਿਕ ਵਰਕਸ,
ਸੁਨੇਤ ਰੋਡ ਲੁਧਿਆਣਾ।

ਮਈ- ਜੂਨ 98 ਦਾ ਤਰਕਸ਼ੀਲ ਅੰਕ ਪੜਿਆ। ਡਾ. ਸ਼ੁਰੇਸ਼ ਰਤਨ ਦਾ ਲੇਖ 'ਮਾਨਸਿਕ ਸ਼ਾਂਤੀ ਅਤੇ ਵਿਗਿਆਨ ' ਵਧੀਆ ਲੱਗਾ। ਪ੍ਰੰਤੂ ਲੇਖਕ 'ਵਿਗਿਆਨ ਦੇ ਹਨੇਰੇ ' ਦੀ ਮਹੱਤਤਾ ਨੂੰ ਦਰਸਾਉਣ ਦੀ ਥਾਂ ਇਸ ਆਰਜੀ ਹਨੇਰੇ ਨੂੰ ਸਵੀਕਾਰ ਕਰਨ ਤੱਕ ਹੀ ਰਹਿ ਗਿਆ। ਦਰਸਾਉਣਾ ਤਾਂ ਇਹ ਚਾਹੀਦਾ ਸੀ ਕਿ ਇਹ ਖੱਪਾ ਹੀ ਖੋਜੀ ਲਈ ਹੋਰ ਖੋਜ ਕਰਨ ਦਾ ਅਧਾਰ ਪ੍ਰਦਾਨ ਕਰਦਾ ਹੈ। ਅਤੇ ਵਿਕਾਸ ਦੇ ਨਵੇਂ ਦਿੱਸਹੱਦੇ ਖੋਲਦਾ ਹੈ। ਨਾ ਕਿ ਮਜਹਬ ਜੋ ਕਿ ਇਸ ਦੁਆਰ ਨੂੰ ਬੰਦ ਕਰਨ ਵਿੱਚ ਹੀ ਰਾਹਤ ਮਹਿਸੂਸ ਕਰਦਾ ਹੈ। ਲੇਖਕ ਅਨੁਸਾਰ ਵਿਗਿਆਨ ਇਹ ਨਹੀਂ ਦੱਸਦਾ ਕਿ ਬਿਲਕੁੱਲ ਇੱਕੋ ਜਿਹੇ ਜੀਨਾਂ ਵਾਲੇ, ਸੈਲਾਂ ਵਾਲੇ ਦੋ ਜੁੜਵੇਂ ਭਰਾ ਰਾਮ ਅਤੇ ਸ਼ਾਮ ਇੱਕੋ ਸਮੇਂ ਵਿੱਚ, ਇੱਕੋ ਜਿਹੀਆਂ ਹਾਲਤਾਂ ਵਿੱਚ, ਇੱਕੋ ਜਿਹਾ ਵਿਹਾਰ ਨਹੀਂ ਕਰਦੇ। ਲਗਦਾ ਹੈ ਲੇਖਕ ਨੇ ਜੀਨਾਂ ਦੀ ਅੱਗੋਂ, ਉਪ ਜੀਨੀ ਭੇਦਾਂ ਵਿਚਲੇ ਅੰਤਰ ਅਤੇ ਉਹਨਾਂ ਦੇ ਕਾਰਜ ਖੇਤਰ ਨੂੰ ਅੱਖੋਂ-ਉਹਲੇ ਕਰ ਦਿੱਤਾ ਹੈ।

ਨਰਿੰਦਰ ਕੋਮਲ
ਸਰਕਾਰੀ ਮਿਡਲ ਸਕੂਲ
ਬਹਿਰਾਮ (ਨਵਾਂ ਸ਼ਹਿਰ)।

ਮਈ-ਜੂਨ 98 ਦਾ ਅੰਕ ਪੜਿਆ। ਲੇਖ ਕਹਾਣੀ ਅਤੇ ਗੀਤ ਪਸੰਦ ਆਏ। ਮੈਂ ਤੁਹਾਡਾ ਅਤਿ ਧੰਨਵਾਦੀ ਹਾਂ। ਤੁਸੀਂ ਨਵੀਂ ਪੀੜੀ ਨੂੰ ਵਧੀਆ ਸੇਧ ਦੇ ਰਹੇ ਹੋਂ ਅਤੇ ਅੰਧਵਿਸ਼ਵਾਸ਼ਾਂ ਵਿਰੁੱਧ ਸੰਘਰਸ਼ ਕਰ ਰਹੇ ਹੋਂ। ਮੈਗਜੀਨ ਦੇ ਪੰਨੇ ਵਧਾਉਣ ਲਈ ਤੁਹਾਡਾ ਧੰਨਵਾਦ।

ਮੱਖਣ ਸਿੰਘ,
ਪਿੰਡ ਫੂਲੋ ਮਿੱਠੀ (ਬਠਿੰਡਾ)।

29 ਮਾਰਚ ਨੂੰ ਮੰਡੀ ਲਾਧੂਕਾ ਵਿਖੇ ਤਰਕਸ਼ੀਲ ਮੇਲਾ ਦੇਖਿਆ। ਜਿਸ ਦੀ ਸਿਫਤ ਬੇਮਿਸਾਲ ਹੈ। ਮੈਗਜੀਨ ਦੀਆਂ ਗਲਤੀਆਂ ਨੂੰ ਸੁਧਾਰਨ ਦੀ ਲੋੜ ਹੈ। ਮੈਗਜੀਨ ਅਤੇ ਤਰਕ ਦੀ ਜੋਤ ਨੂੰ ਸਕੂਲ ਪੜਦੇ ਬੱਚਿਆਂ ਰਾਹੀਂ ਘਰ-ਘਰ ਪਹੁਚਾਉਣ ਦੇ ਯਤਨ ਵਿੱਚ -

ਸੀਮਾ ਰਾਣੀ (ਅਧਿਆਪਕਾ)
ਬਾਬਾ ਫਰੀਦ ਪਬਲਿਕ ਸਕੂਲ
ਮੰਡੀ ਲਾਧੂਕਾ (ਫਿਰੋਜਪੁਰ)।

ਤੁਹਾਡਾ ਮੈਗਜੀਨ ਦੇਰ ਤੋਂ ਪੜਦਾ ਆ ਰਿਹਾ ਹਾਂ। ਮੈਗਜੀਨ ਦੇ ਪੰਨੇ ਵਧਾਉਣ ਲਈ ਸ਼ੁਕਰੀਆ। ਰਾਜਪਾਲ ਦਾ 'ਪੰਜਾਬੀ ਸਮਾਜ ਅਤੇ ਤਰਕਸ਼ੀਲਤਾ ' ਗਿਆਨ ਵਧਾਊ ਸੀ। ਖੁਸ਼ਵੰਤ ਦੀ ਕਵਿਤਾ ਬਹੁਤ ਪਸੰਦ ਆਈ। ਕਿਰਪਾ ਕਰਕੇ ਕਹਾਣੀ ਜਰੂਰ ਛਾਪਿਆ ਕਰੋ।

ਹਰਜਿੰਦਰ ਤੇ ਰਵਿੰਦਰ (ਸਾਹਨੇਵਾਲੀ)

ਪਹਿਲੀ ਵਾਰ ਆਪ ਨੂੰ ਪੱਤਰ ਲਿਖ ਰਹੀ ਹਾਂ। ਇਹ ਅੰਕ ਚੰਗਾ ਲੱਗਾ। ਦਲਜੀਤ ਕੌਰ ਦੀ ਹੱਡਬੀਤੀ ਅਤੇ ਡਾ. ਸੁਰੇਸ਼ ਰਤਨ ਦੀ ਰਚਨਾ 'ਮਾਨਸਿਕ ਸ਼ਾਂਤੀ ਅਤੇ ਵਿਗਿਆਨ ' ਵਧੀਆ ਲੱਗੇ। ਤੁਹਾਡੇ ਸਾਰੇ ਅੰਕ ਗਿਆਨ ਵਧਾਊ ਤੇ ਉਚ ਵਿਚਾਰਾਂ ਵਾਲੇ ਹੁੰਦੇ ਹਨ। ਮੈਂ ਸਾਰੇ ਤਰਕਸ਼ੀਲਾਂ ਨੂੰ ਸੁਭ ਇੱਛਾਵਾਂ ਦਿੰਦੀ ਹਾਂ ਕਿ ਤੁਸੀਂ ਆਪਣੇ ਮਕਸਦ ਵਿੱਚ ਕਾਮਯਾਬ ਹੋਵੋਂਗੇ।

ਰਾਜਵੰਤ ਕੌਰ, ਗੁਰਵਿੰਦਰ
ਡਗੋ-ਰੋਮਾਣਾ (ਫਰੀਦਕੋਟ)।

ਕੱਲ ਪਰਸੋਂ ਹੀ ਮੈਨੂੰ ਮਾਰਚ-ਅਪ੍ਰੈਲ 98 ਦਾ ਤਰਕਸ਼ੀਲ ਮਿਲਿਆ। ਪੜਕੇ ਮਨ ਖਿੜ ਉਠਿਆ। ਡਾ. ਕਾਵੂਰ ਦੀ ਫੋਟੋ ਵੇਖਕੇ ਖੁਸ਼ੀ ਹੋਈ। ਤਰਲੋਚਨ ਸਿੰਘ ਦੀ ਕਨੇਡਾ ਫੇਰੀ ਬਾਰੇ ਪ੍ਰਭਾਵ ਪੜ੍ਹੇ ਜੋ ਕਿ 100% ਬਿਲਕੁੱਲ ਸਹੀ ਆਪਣੇ ਭਾਈਚਾਰੇ ਦੀ ਤਰਜਮਾਨੀ ਕਰਦੇ ਹਨ। ਤਰਕਸ਼ੀਲ 'ਚ ਸਾਰਾ ਮੈਟੀਰੀਅਲ ਬਹੁਤ ਵਧੀਆ ਹੁੰਦਾ ਹੈ। ਜੇ ਵੈਨਕੂਵਰ ਜਾਂ ਟਰਾਂਟੋ ਵਾਲੇ ਸਾਥੀ ਕੈਨੇਡਾ (ਇੰਗਲੈਂਡ ਵਾਂਗ) ਵਿੱਚ ਤਰਕਸ਼ੀਲ ਸੁਸਾਇਟੀ ਦੀ ਸਥਾਪਨਾ ਕਰਨ ਤਾਂ ਮੈਂ ਆਪਣਾ ਬਣਦਾ ਸਹਿਯੋਗ ਦੇਵਾਂਗਾ।

ਤੇਜ ਸੰਧੂ,
ਕਨੇਡਾ ।

ਤਰਕਸ਼ੀਲ ਬਹੁਤ ਨਿੱਗਰ ਕੰਮ ਕਰ ਰਿਹਾ ਹੈ। ਰਸਾਲੇ ਵਿੱਚ ਅਕਾਰ ਅਤੇ ਦਿੱਖ ਪੱਖੋਂ ਸਲਾਹੁਣ ਯੋਗ ਤਬਦੀਲੀ ਆਈ ਹੈ। ਮੁਬਾਰਕਬਾਦ ਦੇ ਹੱਕਦਾਰ ਹੋਂ। ਪਰੂਫ ਰੀਡਿੰਗ ਦੀਆਂ ਗਲਤੀਆਂ ਰੜਕਦੀਆਂ ਹਨ। ਮੈਂ ਇਹ ਸਭ ਕੁੱਝ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਮੈਨੂੰ ਤੁਹਾਡੇ ਨਾਲ ਅਤੇ ਤੁਹਾਡੇ ਕੰਮ ਨਾਲ ਸਨੇਹ ਅਤੇ ਪਿਆਰ ਹੈ। ਇੰਡੀਅਨ ਵਰਕਰਜ ਐਸੋਸੀਏਸ਼ਨ ਦੇ ਨੈਸ਼ਨਲ ਸੈਕਟਰੀ ਹੋਣ ਦੇ ਨਾਤੇ ਤੁਹਾਡੇ ਕੰਮ ਦੀ ਪੂਰੀ ਹਮਾਇਤ ਕਰਦੇ ਰਹਾਂਗੇ।

ਅਜਮੇਰ ਕਵੈਂਟਰੀ, ਇੰਗਲੈਂਡ।

ਕੁੱਝ ਦਿਨ ਹੋਏ ਇੱਥੋਂ ਦੀ ਪਬਲਿਕ ਲਾਇਬਰੇਰੀ ਵਿੱਚੋਂ ਤਰਕਸ਼ੀਲ ਮੈਗਜੀਨ ਪੜਨ ਨੂੰ ਮਿਲਿਆ ਤੇ ਬਹੁਤ ਚੰਗਾ ਲੱਗਿਆ। ਆਪ ਨੇ ਜਿਸ ਉਦੇਸ਼ ਨੂੰ ਸਾਹਮਣੇ ਰੱਖ ਕੇ ਮੈਗਜੀਨ ਸ਼ੁਰੂ ਕੀਤਾ ਹੈ ਇਹ ਕਾਫੀ ਸਲਾਘਾਯੋਗ ਕਦਮ ਹੈ। ਮੈਂ ਉਮੀਦ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਇਹਨਾਂ ਸਾਧਾਂ ਸੰਤਾਂ ਦੇ ਪੋਲ ਇਸੇ ਤਰ੍ਹਾਂ ਖੋਲਦੇ ਰਹੋਂਗੇ। ਅਤੇ ਲੋਕਾਂ ਨੂੰ ਸੁਚੇਤ ਕਰਦੇ ਰਹੋਂਗੇ।

ਅਵਤਾਰ ਲਸਾੜਾ, ਇੰਗਲੈਂਡ ।

ਸ਼ੋਕ ਮਤਾ

ਤਰਕਸ਼ੀਲ ' ਦੇ ਮੁੱਖ ਸੰਪਾਦਕ ਡਾ. ਰਜਿੰਦਰ ਪਾਲ ਦੇ ਜੀਜਾ ਜੀ ਦੀ ਹੋਈ ਅਚਾਨਕ ਮੌਤ ਤੇ ਅਦਾਰਾ ਤਰਕਸ਼ੀਲ ਡੂੰਘਾ ਦੁੱਖ ਮਹਿਸੂਸ ਕਰਦਾ ਹੋਇਆ, ਦੁਖੀ ਪਰਿਵਾਰ ਦਾ ਗਮ ਵਿੱਚ ਸ਼ਰੀਕ ਹੁੰਦਾ ਹੈ ।

ਸਫਾ 4 ਦੀ ਬਾਕੀ

ਕਿ ਭਾਰਤ ਅੰਦਰ ਸਰਕਾਰ 1974 ਵਿੱਚ ਕੀਤੇ ਪਹਿਲੇ ਪ੍ਰਮਾਣੂ ਧਮਾਕੇ ਤੋਂ ਲੈ ਕੇ ਅੱਜ ਤੱਕ ਨਿਰੰਤਰ ਪ੍ਰਮਾਣੂ ਖੋਜ ਖਾਸ ਕਰ ਪ੍ਰਮਾਣੂ ਹਥਿਆਰਾਂ ਦੀ ਖੋਜ ਲਈ ਪੈਸੇ ਖਰਚ ਕਰਦੀ ਆਈ ਹੈ। ਇਹ ਪੈਸਾ ਕਾਂਗਰੰਸ ਅਤੇ ਸਾਂਝਾ ਮੋਰਚਾ ਦੀ ਸਰਕਾਰ ਸਮੇਂ ਵੀ ਖਰਚ ਹੁੰਦਾ ਰਿਹਾ ਹੈ। ਸਮੁੱਚੇ ਹਥਿਆਰਾਂ ਦੇ ਪ੍ਰੋਜੈਕਟ ਤੇ ਹੀ ਅਸਲੀ ਖਰਚ ਆਉਂਦਾ ਹੈ, ਅਚਾਨਕ ਕੀਤੇ ਧਮਾਕੇ ਤਾਂ ਉਸਦਾ ਸਿੱਟਾ ਹਨ। ਇਨ੍ਹਾਂ ਉਪਰ ਤਾਂ ਮਾਮੂਲੀ ਖਰਚ ਆਇਆ ਹੈ। ਇਸ ਪ੍ਰਸੰਗ ਵਿੱਚ ਸਾਡੀ ਮੰਗ ਕਰਨੀ ਬਣਦੀ ਹੈ ਕਿ 'ਵਿਨਾਸ਼ਕਾਰੀ ' 'ਪੈਸਾ ਖਾਊ ' ਪ੍ਰਮਾਣੂ ਹਥਿਆਰ ਪ੍ਰੋਜੈਕਟ ਹੀ ਬੰਦ ਹੋਣੇ ਚਾਹੀਦੇ ਹਨ। ਅਤੇ ਜੇ ਦੇਸ਼ ਦੀ ਸੁਰੱਖਿਆ ਲਈ ਸੱਚਮੁੱਚ ਜਰੂਰੀ ਹਨ ਤਾਂ ਦੇਸ਼ ਦੇ ਆਮ ਨਾਗਰਿਕਾਂ ਤੋਂ ਇਸਦਾ ਉਹਲਾ ਕਿਓਂ ਰੱਖਿਆ ਜਾਂਦਾ ਹੈ। ਸਾਡੀ ਸਮਝ ਅਨੁਸਾਰ ਭਾਰਤ ਅਤੇ ਪਾਕਿਸਤਾਨ ਨੂੰ ਕੇਵਲ ਧਮਾਕੇ ਹੀ ਨਹੀਂ ਸੀ ਕਰਨੇ ਚਾਹੀਦੇ ਸਗੋਂ ਇਨਾਂ ਧਮਾਕਿਆਂ ਲਈ ਤਿਆਰੀ ਵੀ ਨਹੀਂ ਸੀ ਕਰਨੀ ਚਾਹੀਦੀ। ਇਨ੍ਹਾਂ ਧਮਾਕਿਆਂ ਦਾ ਭਾਰਤੀ-ਪਾਕਿਸਤਾਨੀ ਰਾਜਨੀਤਕ ਪਰਿਪੇਖ ਵੀ ਹੈ। ਇਨ੍ਹਾਂ ਧਮਾਕਿਆਂ ਨਾਲ ਭਾਰਤੀ ਜਨਤਾ ਪਾਰਟੀ ਦੀ ਘੱਟ ਗਿਣਤੀ , ਫਾਹੁੜੀਆਂ ਸਹਾਰੇ ਖੜੀ ਸਰਕਾਰ ਨੇ ਨਾ ਕੇਵਲ ਆਪਣਾ ਚੁਨਾਵੀ ਵਾਅਦਾ ਹੀ ਪੂਰਾ ਕਰ ਲਿਆ ਹੈ ਸਗੋਂ ਇੱਕ ਵਾਰ ਲੋਕਾਂ ਦਾ ਧਿਆਨ ਜਰੂਰੀ ਮੁਦਿਆਂ ਤੋਂ ਹਟਾਉਣ ਵਿੱਚ ਕਾਮਯਾਬ ਹੋ ਗਈ ਹੈ। ਇਸ ਤਰ੍ਹਾਂ ਨਵਾਜ ਸ਼ਰੀਫ ਸਰਕਾਰ ਨੇ ਵੀ ਬਰਾਬਰ ਧਮਾਕੇ ਕਰਕੇ ਆਪਣੀ ਪਹਿਲਾਂ ਤੋਂ ਹੀ ਹਿਲਦੀ ਕੁਰਸੀ ਨੂੰ ਹੀ ਕੁੱਝ ਸਥਿਰ ਕਰ ਲਿਆ ਹੈ। ਇਸ ਪ੍ਰਸੰਗ ਵਿੱਚ ਸਰਹੱਦ ਦੇ ਉਪਰ ਮੋਮ ਬੱਤੀਆਂ ਜਗਾਉਣ ਵਾਲੇ, ਅਮਨਾਂ ਦੇ ਮੇਲੇ ਲਾਉਣ ਵਾਲੇ ਅਤੇ ਆਪਸੀ ਸੰਬੰਧ ਵਧਾਉਣ ਦੇ ਇਛੁੱਕ ਸਾਰੇ ਸ਼ੁਭਚਿੰਤਕ ਵਕਤੀ ਤੌਰ ਤੇ ਹਾਰ ਗਏ ਹਨ। ਜਦੋਂ ਕਿ ਦੋਹਾਂ ਦੇਸ਼ਾਂ ਵਿੱਚ ਧਰਮ ਦੇ ਨਾਂ ਤੇ ਨਫਰਤ ਦਾ ਬੀਜ ਬੀਜਣ ਵਾਲਿਆਂ ਦੀ ਚੜ੍ਹ ਮੱਚੀ ਹੈ।

ਇਨ੍ਹਾਂ ਵਿਆਪਕ ਪ੍ਰੰਸਗਾਂ ਵਿੱਚ ਤਰਕਸ਼ੀਲ ਸੋਚ ਮੰਗ ਕਰਦੀ ਹੈ ਕਿ ਸੱਚਮੁੱਚ ਦਾ ਸੰਸਾਰ ਨਿਸਸ਼ਤਰੀਕਰਨ ਹੋਣਾ ਚਾਹੀਦਾ ਹੈ, ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਨੂੰ ਆਪਣੇ ਪ੍ਰਮਾਣੂ ਹਥਿਆਰਾਂ ਵਾਲੇ ਪ੍ਰਾਜੈਕਟ ਬੰਦ ਕਰਨੇ ਚਾਹੀਦੇ ਹਨ ਅਤੇ ਵਿਗਿਆਨੀਆਂ ਨੂੰ ਆਪਣੀ ਪ੍ਰਤਿਭਾ, ਵਿਨਾਸ਼ ਦੀ ਥਾਂਵੇਂ ਵਿਕਾਸ ਵੱਲ ਲਾਉਣੀ ਚਾਹੀਦੀ ਹੈ। ਇਸ ਵਿੱਚ ਹੀ ਮਾਨਵਤਾ ਦਾ ਭਲਾ ਹੈ।

ਸ਼ੋਕ ਮਤਾ

ਅਸੀਂ ਤਰਕਸ਼ੀਲ ਲਹਿਰ ਦੇ ਹਮਦਰਦ ਤੇ ਨਵਚੇਤਨ ਨੌਜਵਾਨ ਕਲੱਬ ਮੰਡੀ ਲੱਖੇਵਾਲੀ (ਮੁਕਤਸਰ) ਦੇ ਹੋਣਹਾਰ ਮੈਂਬਰਾਂ ਸ਼੍ਰੀ ਕੁਲਦੀਪ ਬਿੱਟੂ ਤੇ ਦੇਵ ਰਾਜ ਟੀਪੂ ਦੀ ਸਮਾਜ ਸੇਵੀ ਕੰਮ ਵਿੱਚ ਸੜਕ ਹਾਦਸੇ ਦੌਰਾਨ ਹੋਈ ਬੇਵਕਤੀ ਮੌਤ ਤੇ ਦੁਖੀ ਪਰਿਵਾਰਾਂ ਦੇ ਗਮ ਵਿੱਚ ਸ਼ਰੀਕ ਹਾਂ ।

ਗੀਤ

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ
ਵਿਹਲੜਾਂ ਨੇ ਖਾਧਾ ਤੇਰੀ ਮਿਹਨਤਾਂ ਦਾ ਮਾਲ ਓਏ
ਤੇਰੇ ਸਿਰ ਉਤੇ ਸੋਹਣੀ ਇੱਜਤਾਂ ਦੀ ਪੱਗ ਓਏ
ਇੱਕ ਪਾਸੇ ਤੂੰ ਏਂ ਕੱਲਾ ਦੂਜੇ ਪਾਸੇ ਠੱਗ ਓਏ
ਮੋੜ ਲੈ ਮੁਹਾਰਾਂ ਹੁਣ ਆਖੇ ਮੇਰੇ ਲੱਗ ਓਏ
ਇਹ ਹੈ ਤੇਰੀ ਜਿੰਦਗੀ ਤੇ ਮੌਤ ਦਾ ਸਵਾਲ ਓਏ
ਪਗੜੀ ਸੰਭਾਲ ਜੱਟਾ...........
ਕੀਤੀ ਤੂੰ ਕਮਾਈ ਸਿੱਧ ਸੱਪਾਂ ਦੀਆਂ ਸਿਰੀਆਂ
ਮੁੱਦਤਾਂ ਤੋਂ ਤੇਰੀਆਂ ਨਾ ਰੁੱਤਾਂ ਕਦੇ ਫਿਰੀਆਂ
ਫੋਲਕ ਤੂੰ ਖਾਵੇਂ ਵਿਹਲੇ ਸੰਤ ਖਾਂਦੇ ਗਿਰੀਆਂ
ਤੇਰੇ ਲਈ ਬੁਣਿਆ ਕਿਸਮਤਾਂ ਦਾ ਜਾਲ ਓਏ
ਪਗੜੀ ਸੰਭਾਲ ਓਏ.........
ਦਸਵਾਂ ਦਸੌਂਧ ਤੈਨੂੰ ਕਹਿੰਦੇ ਕੱਢੀ ਚੱਲ ਤੂੰ
ਆਪਣੇ ਦੁੱਖਾਂ ਦਾ ਨਾ ਸੋਚਿਆ ਕਦੇ ਹੱਲ ਤੂੰ
ਜਾ ਕੇ ਰੋਜ ਮੰਦਰੀਂ ਵਜਾਉਂਦਾ ਰਹੀਂ ਟੱਲ ਤੂੰ
ਭਾਵੇਂ ਭੁੱਖੇ ਨੰਗੇ ਰਹਿਣ ਤੇਰੇ ਉਸਾਰੇ ਬਾਲ ਓਏ
ਪਗੜੀ ਸੰਭਾਲ ਜੱਟਾ..........
ਅਗਲੇ ਜਨਮ ਦੇ ਇਹ ਤੈਨੂੰ ਲਾਉਂਦੇ ਲਾਰੇ ਐ
ਆਪ ਇਹ ਨਿਖੱਟੂ ਲੁੱਟੀ ਜਾਂਵਦੇ ਨਜਾਰੇ ਐ
ਇਹਨਾਂ ਨਾਲ ਰਲੇ ਵਜੀਰ ਨੇਤਾ ਸਾਰੇ ਐ
ਤੇਰੀ ਸੋਚ ਤਾਂਈ ਜਿਹੜੇ ਲਾਉਂਦੇ ਨੇ ਜੰਗਾਲ ਓਏ
ਪਗੜੀ ਸੰਭਾਲ ਜੱਟਾ...........
ਆਜਾ ਤੂੰ ਖੜੋ ਜਾ ਨਾਲ ਸਾਇੰਸ ਦੀ ਧਿਰ ਦੇ
ਰੌਸ਼ਨ ਤੂੰ ਕਰ ਹੁਣ ਆਪਣੇ ਚੁਗਿਰਦੇ
ਸ਼ਨੀ ਅਤੇ ਮੰਗਲ ਉਤੇ ਰਾਕਟ ਨੇ ਫਿਰਦੇ
ਸੱਚ ਵਾਲਾ ਦੀਪ ਲੈ ਕੇ ਆਜਾ 'ਢਿਲੋਂ ' ਨਾਲ ਓਏ
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ

ਅਮਰਜੀਤ ਢਿਲੋਂ

* ਧਰਮਾਂ ਦੇ ਜੋ ਪਾਉਂਦੇ ਪਰਦੇ ,
ਲੋਕਾਂ ਨਾਲ ਉਹ ਧੋਖਾ ਕਰਦੇ ।

* ਪਾਖੰਡੀਆਂ ਤੇ ਨਾ ਆਸ ਕਰੋ ,
ਸੱਚ ਤੇ ਹੀ ਵਿਸ਼ਵਾਸ਼ ਕਰੋ ।

* ਭੈੜੀਆਂ ਰਸਮਾਂ , ਭੈੜੇ ਰਿਵਾਜ ,
ਤੋੜ ਉਸਾਰੂ ਨਵਾਂ ਸਮਾਜ ।

ਜੰਗ ਨਹੀਂ, ਅਮਨ ਦੀ ਲੋੜ

ਜਰਾ ਸੋਚੋ.... ਬੰਬ ਧਮਾਕੇ ਅਨਪੜ੍ਹਤਾ, ਅਗਿਆਨਤਾ, ਭੁੱਖਮਰੀ, ਗਰੀਬੀ ਤੇ ਬੇਰੁਜ਼ਗਾਰੀ ਦਾ ਹੱਲ ਹਨ ?

If undelivered please return to :

Tarksheel

Near Bus Stand,
Ludhiana

BOOK POST
(Printed Matter)

To...
....
....
....